On our English language New Website
WWW.PREETNEWS.COM
preetnews2020@gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ  Online and Print Media  +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 4, ਅੰਕ 89, ਮਿਤੀ : 18 ਫਰਵਰੀ, 2021 ਤੋਂ 24 ਫਰਵਰੀ 2021  ਵੈਬਸਾਈਟ : www.preetnama.com ਈਮੇਲ preetnamausa@gmail.com

# ਕਿਸਾਨ ਅੰਦੋਲਨ ਦਾ ਚੋਣਾਂ 'ਚ ਹੋਈ ਕਾਂਗਰਸ ਦੀ ਜਿੱਤ 'ਤੇ ਕਿੰਨਾ ਅਸਰ ਰਿਹਾ



ਪੰਜਾਬ ਦੇ 7 ਨਗਰ ਨਿਗਮਾਂ, 117 ਨਗਰ ਕੌਂਸਲਾਂ ਅਤੇ ਨਗਰ ਪੰਚਾਇਤ ਲਈ ਹੋਈਆਂ ਚੋਣਾਂ ਦੇ ਨਤੀਜੇ ਆ ਰਹੇ ਹਨ। ਹੁਣ ਤੱਕ ਦੇ ਨਤੀਜਿਆਂ ਮੁਤਾਬਕ ਕਾਂਗਰਸ ਪਾਰਟੀ ਮੋਹਰੀ ਰਹੀ ਹੈ। ਕਾਂਗਰਸ ਪਾਰਟੀ ਨੇ 117 ਨਗਰ ਕੌਂਸਲਾਂ ਵਿੱਚੋਂ 106 'ਤੇ ਜਿੱਤ ਦਰਜ ਕੀਤੀ ਹੈ ਅਤੇ 7 ਮਿਊਂਸੀਪਲ ਕਾਰਪੋਰੇਸਨਾਂ 'ਤੇ ਵੀ ਕਾਂਗਰਸ ਨੇ ਬਾਜੀ ਮਾਰੀ ਹੈ। ਸੁਖਬੀਰ ਸਿੰਘ ਬਾਦਲ ਦੇ ਹਲਕੇ ਜਲਾਲਾਬਾਦ ਵਿੱਚ ਵੀ ਕਾਂਗਰਸ ਨੇ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ ਜਦਕਿ ਅਕਾਲੀ ਦਲ ਦੀ ਝੋਲੀ ਵਿੱਚ ਪੰਜ ਸੀਟਾਂ ਹੀ ਪਈਆਂ ਹਨ।

**ਅਕਾਲੀ ਦਲ ਤੇ 'ਆਪ' ਦਾ ਮਾੜਾ ਪ੍ਰਦਰਸਨ ਕਿਉਂ ਰਿਹਾ**

ਪੰਜਾਬ ਵਿੱਚ ਨਗਰ ਨਿਗਮ ਚੋਣਾਂ ਦੇ ਨਤੀਜਿਆਂ ਬਾਰੇ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਖਾਲਿਦ ਮੁਹੰਮਦ ਦਾ ਕਹਿਣਾ ਹੈ ਕਿ ਉਮੀਦ ਸੀ ਕਾਂਗਰਸ ਚੰਗਾ ਪ੍ਰਦਰਸਨ ਕਰੇਗੀ ਕਿਉਂਕਿ ਉਨ੍ਹਾਂ ਦੀ ਸਰਕਾਰ ਹੈ ਤੇ ਉਨ੍ਹਾਂ ਕੋਲ ਬਹੁਤ ਚੀਜਾ ਹੁੰਦੀਆਂ ਹਨ ਜੋ ਉਹ ਕਾਰਪੋਰੇਸਨ ਨੂੰ ਦੇ ਸਕਦੀਆਂ ਹਨ ਪਰ ਇਹ ਤਾਂ ਇੱਕ ਪਾਸੜ ਹੀ ਨਤੀਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, "ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਜਿੰਨਾ ਵਧੀਆ ਪ੍ਰਦਰਸਨ ਕਰਨਾ ਚਾਹੀਦਾ ਸੀ, ਉਹ ਨਹੀਂ ਕੀਤਾ। ਅਕਾਲੀ ਦਲ ਦੂਜੇ ਨੰਬਰ 'ਤੇ ਤਾਂ ਹੈ ਪਰ ਉਹ ਬਹੁਤ ਦੂਰ ਵਾਲਾ ਦੂਜਾ ਨੰਬਰ ਹੈ।" ਭਾਜਪਾ ਤੋਂ ਵੱਖ ਹੋਏ ਅਕਾਲੀ ਦਲ ਲਈ ਸੋਚਣ ਵਾਲੀ ਗੱਲ ਹੈ ਕਿਉਂਕਿ ਸਹਿਰੀ ਲੋਕਾਂ ਨੇ ਫਿਰ ਵੀ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਆਮ ਆਦਮੀ ਪਾਰਟੀ ਨੇ ਕਈ ਥਾਈਂ ਸੀਟਾਂ ਜਿੱਤੀਆਂ ਪਰ ਬਹੁਤ ਘੱਟ, ਜਿਸ ਦੀ ਉਮੀਦ ਨਹੀਂ ਸੀ। ਉਹ ਤਾਂ ਸੂਬੇ ਦੀ ਦੂਜੀ ਵੱਡੀ ਪਾਰਟੀ ਹੈ। ਉੱਥੇ ਹੀ ਭਾਜਪਾ ਸਾਹਮਣੇ ਬਹੁਤ ਔਕੜਾਂ ਸਨ। ਕਿਸਾਨ ਅੰਦੋਲਨ ਕਾਰਨ ਲੋਕਾਂ ਵਿੱਚ ਗੁੱਸਾ ਹੈ। ਉਨ੍ਹਾਂ ਨੇ ਭਾਜਪਾ ਆਗੂਆਂ ਨੂੰ ਪੋਸਟਰ ਨਹੀਂ ਲਾਉਣ ਦਿੱਤੇ, ਕਈ ਜਗ੍ਹਾ ਉਮੀਦਵਾਰ ਭਜਾਏ ਗਏ। 'ਪੰਜਾਬ ਦਾ ਨਤੀਜਾ ਸਿਰਫ ਪੰਜਾਬ ਦਾ ਨਹੀਂ ਹੈ, ਇਸ ਦਾ ਅਸਰ ਸਾਰੇ ਉੱਤਰੀ ਭਾਰਤ ਵਿੱਚ ਪੈਂਦਾ ਹੈ।'

**ਕਿਸਾਨ ਅੰਦੋਲਨ ਦਾ ਕਿੰਨਾ ਅਸਰ**

ਪ੍ਰੋਫੈਸਰ ਖਾਲਿਦ ਮੁਹੰਮਦ ਦਾ ਕਹਿਣਾ ਹੈ, "ਕਾਂਗਰਸ ਦੀ ਸਰਕਾਰ ਨੇ ਬੜੀ ਸਮਝਦਾਰੀ ਨਾਲ ਬਿਲ ਪਾਸ ਕੀਤੇ ਚਾਹੇ ਗਵਰਨਰ ਨੇ ਅੱਗੇ ਭੇਜੇ ਜਾਂ ਨਹੀਂ ਪਰ ਉਹ ਕਹਿਣ ਜੋਗੇ ਹੋ ਗਏ ਕਿ ਅਸੀਂ ਕਿਸਾਨਾਂ ਨਾਲ ਖੜ੍ਹੇ ਹਾਂ। ਵੱਡੀਆਂ-ਵੱਡੀਆਂ ਐਡਜ ਪੰਜਾਬ ਵਿੱਚ ਲਗਾਈਆਂ ਕਿ ਸਰਕਾਰ ਕਿਸਾਨਾਂ ਦੇ ਨਾਲ ਹੈ। ਪ੍ਰੋਫੈਸਰ ਖਾਲਿਦ ਮੁਹੰਮਦ ਨੇ ਅੱਗੇ ਕਿਹਾ, "ਇਹ ਪੇਂਡੂ ਖੇਤਰ ਦੀ ਚੋਣਾਂ ਨਹੀਂ ਸਨ ਪਰ ਸਹਿਰੀ ਖੇਤਰ ਵਿੱਚ ਵੀ ਕਾਫੀ ਪ੍ਰਭਾਵ ਪਿਆ ਹੈ। ਭਾਜਪਾ ਅਤੇ ਅਕਾਲੀ ਹਾਲ-ਫਿਲਹਾਲ ਤੱਕ ਨਾਲ ਹੀ ਸੀ। ਹਾਲਾਂਕਿ ਅਕਾਲੀ ਦਲ ਭਾਜਪਾ ਤੋਂ ਵੱਖ ਹੋ ਗਿਆ ਹੈ ਪਰ ਲੋਕਾਂ ਨੇ ਹਾਲੇ ਇਸ ਨੂੰ ਕਬੂਲ ਨਹੀਂ ਕੀਤਾ ਹੈ। ਅਕਾਲੀ ਦਲ ਨੇ ਕੇਂਦਰ ਵਿੱਚ ਹੁੰਦੇ ਹੋਏ ਪਹਿਲਾਂ ਖੇਤੀ ਬਿੱਲ ਸੰਸਦ ਵਿੱਚ ਪਾਸ ਹੋਣ ਦਿੱਤੇ। ਪਰ ਬਾਅਦ ਵਿੱਚ ਜਦੋਂ ਲੱਗਿਆ ਕਿ ਬਹੁਤ ਜਿਆਦਾ ਕਿਸਾਨਾਂ ਦਾ ਵਿਰੋਧ ਹੈ ਤਾਂ ਫਿਰ ਉਨ੍ਹਾਂ ਨੇ ਭਾਜਪਾ ਦਾ ਸਾਥ ਛੱਡਿਆ। ਇਸ ਲਈ ਲੋਕ ਹਾਲੇ ਵੀ ਅਕਾਲੀ ਦਲ ਨੂੰ ਕਲੀਨ ਚਿੱਟ ਦੇਣ ਲਈ ਤਿਆਰ ਨਹੀਂ।"

**ਜਿੱਤ ਮਗਰੋਂ ਸੁਨੀਲ ਜਾਖੜ ਨੇ ਕੀ ਕਿਹਾ**

ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਹੁਣ ਤੱਕ 104 ਸੀਟਾਂ ਦੇ ਨਤੀਜੇ ਆ ਗਏ ਹਨ ਅਤੇ ਉਨ੍ਹਾਂ ਵਿੱਚੋਂ 98 ਮਿਊਂਸੀਪਲ ਕਮੇਟੀਆਂ ਕਾਂਗਰਸ ਦੀ ਝੋਲੀ 'ਚ ਪਈਆਂ ਹਨ। ਸੁਨੀਲ ਜਾਖੜ ਨੇ ਕਿਹਾ, "ਇਸ ਹੂੰਝਾ ਫੇਰ ਜਿੱਤ ਦਾ ਸਿਹਰਾ ਪੰਜਾਬ ਦੇ ਲੋਕਾਂ ਨੂੰ ਜਾਂਦਾ ਹੈ ਅਤੇ ਇਹ ਸਿਰਫ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਕਾਰਨ ਸੰਭਵ ਹੋਇਆ ਹੈ। ਜਿਸ ਤਰ੍ਹਾਂ ਪੰਜਾਬ ਨੂੰ ਬਦਨਾਮ ਕਰਨ ਦੀ ਕੋਸਸਿ ਹੋਈ, ਪੰਜਾਬ ਦੇ ਲੋਕਾਂ ਨੇ ਨਕਾਰਾਤਮਕਤਾ ਨੂੰ ਨਕਾਰਿਆ, ਵਿਕਾਸ ਅਤੇ ਸਥਾਨਕ ਮੁੱਦਿਆਂ ਨੂੰ ਚੁਣਿਆ ਹੈ। ਉਨ੍ਹਾਂ ਉਹ ਹੀ ਆਗੂ ਚੁਣਿਆ ਜੋ ਪੰਜਾਬ ਵਿੱਚ ਅਮਨ ਸਾਂਤੀ ਬਣਾ ਸਕਦਾ ਹੈ। 14 ਫਰਵਰੀ ਨੂੰ ਸਥਾਨਕ ਚੋਣਾਂ ਲਈ ਵੋਟਾਂ ਪਈਆਂ ਸਨ। ਚੋਣ ਕਮਿਸਨ ਵੱਲੋਂ 16 ਫਰਵਰੀ ਨੂੰ ਪਟਿਆਲਾ ਦੇ ਕੁਝ ਬੂਥਾਂ ਉੱਪਰ ਮੁੜ ਵੋਟਾਂ ਪੁਆਈਆਂ ਗਈਆਂ। ਜਦਕਿ ਮੁਹਾਲੀ ਦੇ ਦੋ ਬੂਥਾਂ ਉੱਪਰ ਮੁੜ ਵੋਟਾਂ ਪੁਆਈਆਂ ਜਾਣੀਆਂ ਹਨ। ਸੁਨੀਲ ਜਾਖੜ ਨੇ ਅਕਾਲੀ ਦਲ ਅਤੇ ਭਾਜਪਾ ਦੀ ਮਿਲੀਭੁਗਤ ਹੋਣ ਦਾ ਇਲਜਾਮ ਲਾਉਂਦਿਆ ਕਿਹਾ, "ਕੁਝ ਲੋਕ ਪੰਜਾਬ ਨੂੰ ਡਿਸਟਰਬਡ ਸਟੇਟ ਐਲਾਨਣਾ ਚਾਹੁੰਦੇ ਸਨ। ਇਸ ਵਿੱਚ ਅਹਿਮ ਰੋਲ ਰਿਹਾ ਭਾਜਪਾ, ਕੇਂਦਰ ਸਰਕਾਰ ਤੇ ਉਨ੍ਹਾਂ ਦੇ ਭਾਈਵਾਲ ਅਕਾਲੀ ਤੇ 'ਆਪ' ਦਾ। ਉਨ੍ਹਾਂ ਨੂੰ ਨਕਾਰ ਕੇ ਪੰਜਾਬ ਦੇ ਲੋਕਾਂ ਨੇ ਇਹ ਸਪੱਸਟ ਕਰ ਦਿੱਤਾ ਹੈ ਕਿ ਉਸ ਪਾਰਟੀ ਨੂੰ ਵੋਟਾਂ ਦੇਵਾਂਗੇ ਜਿਹੜੀ ਪੰਜਾਬ ਵਿੱਚ ਅਮਨ ਸਾਂਤੀ ਬਣਾਈ ਰੱਖੇ। ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਇਲਜਾਮ ਲਾਇਆ ਕਿ ਸੂਬੇ ਵਿੱਚ ਆਜਾਦ ਅਤੇ ਨਿਰਪੱਖ ਚੋਣਾਂ ਨਹੀਂ ਹੋਈਆਂ। ਬਿਕਰਮ ਸਿੰਘ ਮਜੀਠੀਆ ਨੇ ਕਿਹਾ, "ਸੂਬੇ ਵਿੱਚ 60 ਫੀਸਦ ਸੀਟਾਂ 'ਤੇ ਹੀ ਚੋਣਾਂ ਹੋਈਆਂ ਹਨ ਜਦਕਿ 40 ਫੀਸਦ ਸੀਟਾਂ 'ਤੇ ਤਾਂ ਕਾਂਗਰਸ ਨੇ ਚੋਣਾਂ ਹੋਣ ਹੀ ਨਹੀਂ ਦਿੱਤੀਆਂ। ਚੋਣਾਂ ਦਾ ਸੈਮੀਫਾਈਨਲ ਹੁੰਦਾ ਹੈ ਜਦੋਂ ਫ੍ਰੀ ਐਂਡ ਫੇਅਰ ਚੋਣਾਂ ਹੋਣ। 'ਕਈ ਥਾਵਾਂ 'ਤੇ ਜਿੱਥੇ ਅਫਸਰ ਤਕੜੇ ਰਹੇ, ਉਹ ਸਰਕਾਰ ਦੇ ਦਬਾਅ ਹੇਠ ਨਹੀਂ ਆਏ। ਪਰ ਉਹ ਕੁਝ ਚੁਣੀਆਂ ਹੋਈਆਂ ਹੀ ਕਮੇਟੀਆਂ ਹਨ ਜਿੱਥੇ ਸਹੀ ਤਰੀਕੇ ਨਾਲ ਚੋਣਾਂ ਹੋਈਆਂ। ਪਰ ਕੁਝ ਥਾਵਾਂ 'ਤੇ ਜੇ ਚੋਣਾਂ ਹੋ ਵੀ ਰਹੀਆਂ ਸੀ ਤਾਂ ਸਰਕਾਰ ਨੇ ਪੁਲਿਸ, ਕਰ ਤੇ ਆਬਕਾਰੀ, ਬਿਜਲੀ ਤਕਰਬੀਨ ਹਰ ਮਹਿਕਮੇ ਦੀ ਹੀ ਵਰਤੋਂ ਦਬਾਅ ਪਾਉਣ ਲਈ ਕੀਤੀ ਕਿਉਂਕਿ ਵੋਟਰ ਛੋਟੇ ਦੁਕਾਨਦਾਰ ਸਨ, ਮਿਹਨਤ ਕਰਨ ਵਾਲੇ ਲੋਕ ਸਨ। ਉਨ੍ਹਾਂ ਅੱਗੇ ਕਿਹਾ, "ਇਸ ਲਈ ਅਸੀਂ ਪਹਿਲੇ ਦਿਨ ਹੀ ਮੰਗ ਕੀਤੀ ਸੀ ਕਿ ਪੈਰਾ-ਮਿਲੀਟਰੀ ਫੋਰਸ ਲਾ ਕੇ ਵਿਧਇਕਾਂ ਅਤੇ ਸੰਸਦ ਮੈਂਬਰਾਂ ਦੀ ਚੋਣ ਵਾਂਗ ਹੀ ਚੋਣਾਂ ਹੋਣੀਆਂ ਚਾਹੀਦੀਆਂ ਸਨ। ਲਗਭਗ 80-90 ਫੀਸਦ ਥਾਵਾਂ 'ਤੇ ਇਸ ਤਰ੍ਹਾਂ ਹੀ ਚੋਣਾਂ ਹੋਈਆਂ ਹਨ। ਹਾਲਾਂਕਿ ਮਜੀਠੇ ਹਲਕੇ ਵਿੱਚ ਜਿੱਤ ਅਕਾਲੀ ਦਲ ਦੀ ਹੋਈ ਹੈ। ਜਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿੱਚ 9,222 ਉਮੀਦਵਾਰ ਮੈਦਾਨ ਵਿੱਚ ਸਨ। ਇਨ੍ਹਾਂ ਸਥਾਨਕ ਚੋਣਾਂ ਵਿੱਚ ਮੁੱਖ ਮੁਕਾਬਲਾ ਸੱਤਾਧਾਰੀ ਕਾਂਗਰਸ, ਅਕਾਲੀ ਦਲ ਅਤੇ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਆਮ ਆਦਮੀ ਪਾਰਟੀ ਵਿਚਾਲੇ ਸੀ। ਆਉਂਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਲਈ ਇਹ ਚੋਣਾਂ ਅਹਿਮ ਸਨ।



# ਸ੍ਰ. ਤ੍ਰਿਲੋਚਨ ਸਿੰਘ ਉਰਫ ਟੀ. ਪੀ. ਸਿੰਘ ਦੇ ਪਰਿਵਾਰ ਨੂੰ ਲੱਗਿਆ ਡੂੰਘਾ ਸਦਾ

**ਨਿਊਯਾਰਕ (ਬੀ.ਜੇ.ਸਟੂਡੀਓ):** ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਸੁਸਾਇਟੀਅ ਾਫ ਹਰਿਆਣਾ ਦੇ ਸਰਪ੍ਰਸਤ ਅਤੇ ਸਿੱਖ ਕਲਚਰਲ ਸੁਸਾਇਟੀ ਦੇ ਮੌਜੂਦਾ ਇਲੈਕਸ਼ਨ ਕਮਿਸ਼ਨ ਸ੍ਰ. ਤਿਰਲੋਚਨ ਸਿੰਘ ਉਰਫ ਟੀ. ਪੀ. ਸਿੰਘ ਜੀ ਨੂੰ ਸਦਵੀਂ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ।



ਉਨ੍ਹਾਂ ਕਾਫੀ ਲੰਬਾਂ ਸਮਾਂ ਸਿੱਖ ਕਲਚਰਲ ਸੁਸਾਇਟੀ ਵਿਖੇ ਆਪਣੀਆਂ ਸੇਵਾਵਾਂ ਦਿੱਤੀਆਂ ਅਤੇ ਸ੍ਰੀ ਗੁਰੂ ਰਾਮ ਦਾਸ ਸੁਸਾਇਟੀ ਆਫ ਹਰਿਆਣਾ ਦੇ ਸਰਪ੍ਰਸਤ ਰਹੇ। ਉਹ ਇੱਕ ਬਹੁਤ ਉਚੀ ਅਤੇ ਸੁਚੀ ਸੋਚ ਅਤੇ ਨਿਘੇ ਸੁਭਾਅ ਵਾਲੇ ਸਨ। ਉਨ੍ਹਾਂ ਦਾ ਪਿਛੋਕੜ ਹਰਿਹਆਣਾ ਦੇ ਜ਼ਿਲ੍ਹਾ ਯਮੁਨਾਨਗਰ ਨਾਲ ਸਬੰਧਤ ਸੀ। ਉਨ੍ਹਾਂ ਨੇ ਪਿਛਲੇ ਸਾਲ ਇੰਡੀਆ ਵਿਖੇ 6 ਮਹੀਨੇ ਨਿਸ਼ਕਾਮ ਸੇਵਾ ਕੀਤੀ।ਇਸ ਮਹਾਂਮਾਰੀ ਦੇ ਚਲਦਿਆਂ ਉਨ੍ਹਾਂ ਆਮ ਲੋਕਾਂ ਨੂੰ ਮਾਸਕ, ਦਸਤਾਨੇ ਅਤੇ ਸੈਨੀਟਾਈਜ਼ਰ ਦੀ ਫਰੀ ਸੇਵਾ ਕੀਤੀ। ਨਿਊਯਾਰਕ ਦੇ ਸਮੁੱਚੇ ਟਰਾਈ ਸਟੇਟ ਦੀ ਸਿੱਖ ਭਾਈਚਾਰੇ ਵਿਚ ਨਾ ਪੂਰੀ ਹੋਣ ਵਾਲੀ ਘਾਟ ਹੈ। ਹਰਿਆਣਾ ਸੁਸਾਇਟੀ ਦੇ ਸਮੁੱਚੇ ਸੇਵਾਦਾਰਾਂ ਵਿਚ ਇਸ ਸਮੇਂ ਲੋਗ ਦੀ ਲਹਿਰ ਹੈ। ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ ਨੂੰਭਾਣਾ ਮੰਨਣ ਦਾ ਬਲ ਬਖਸ਼ੇ। ਇਸ ਔਖੀ ਘੜੀ ਵਿਚ ਸਮੁੱਚੀ ਹਰਿਆਣਾ ਸੁਸਾਇਟੀ ਦੇ ਸਿੱਖ ਕਲਚਰਲ ਸੁਸਾਇਟੀ ਦੀ ਸਮੁੱਚੀ ਕਮੇਟੀ ਉਨ੍ਹਾਂ ਦੇ ਨਾਲ ਖੜੀ ਹੈ।

# ਦੀਵਾਨ ਤੇ ਬਾਵਾ ਵੱਲੋਂ ਐਨਆਰਆਈ ਮਾਮਲਿਆਂ ਸੰਬੰਧੀ ਕੋਆਡੀਨੇਟਰ ਗੁਰਮੀਤ ਗਿੱਲ ਦਾ ਸਨਮਾਨ

## ਐਨਆਰਆਈ ਭਾਈਚਾਰੇ ਨੇ ਦੇਸ਼ ਤੇ ਖਾਸ ਕਰਕੇ ਪੰਜਾਬ ਦਾ ਨਾਮ ਦੁਨੀਆਂ ਭਰ ਚ ਰੌਸ਼ਨ ਕੀਤਾ

ਨਿਊਯਾਰਕ (ਰਾਜ ਗੋਗਨਾ )ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਅਤੇ ਪੰਜਾਬ ਸਟੇਟ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਕ੍ਰਿਸਨ ਕੁਮਾਰ ਬਾਵਾ ਵੱਲੋਂ ਐਨਆਰਆਈ ਮਾਮਲਿਆਂ ਸੰਬੰਧੀ ਯੂਐਸ ਚ' ਕੋਆਰਡੀਨੇਟਰ ਤੇ ਇੰਡੀਅਨ ਓਵਰਸਿਜ ਕਾਂਗਰਸ ਪੰਜਾਬ ਵਿੰਗ ਯੂਐਸਏ ਚੈਪਟਰ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ (ਮੁੱਲਾਪੁਰ ) ਦਾ ਉਦਯੋਗ ਭਵਨ ਵਿਖੇ ਹੋਈ ਇੱਕ ਮੀਟਿੰਗ ਦੌਰਾਨ ਸਨਮਾਨ ਕੀਤਾ ਗਿਆ। ਇਸ ਦੌਰਾਨ ਐਨਆਰਆਈ ਸਮਾਜ ਨਾਲ ਜੁੜੇ ਵੱਖ-ਵੱਖ ਵਿਸਿਆਂ ਤੇ ਵੀ ਚਰਚਾ ਹੋਈ।ਇਸ ਦੌਰਾਨ ਦੀਵਾਨ ਤੇ ਬਾਵਾ ਨੇ ਵਿਦੇਸਾਂ ਚ ਰਹਿ ਕੇ ਉਥੋਂ ਦੀ ਤਰੱਕੀ ਚ ਅਹਿਮ ਯੋਗਦਾਨ ਪਾਉਣ ਵਾਲੇ ਐਨਆਰਆਈ ਭਾਈਚਾਰੇ ਦੀ ਸਲਾਘਾ ਕੀਤੀ। ਜਿਨ੍ਹਾਂ ਨੇ ਆਪਣੀ ਮਿਹਨਤ ਸਦਕਾ ਭਾਰਤ ਤੇ ਖਾਸ ਕਰਕੇ ਪੰਜਾਬ ਦਾ ਨਾਮ ਵਿਦੇਸਾਂ ਵਿਚ ਰੋਸਨ ਕੀਤਾ ਹੈ। ਜਿਹੜੇ ਸਮੇਂ-ਸਮੇਂ ਸਿਰ ਆਪਣੇ ਪਿੰਡਾਂ ਦੇ ਵਿਕਾਸ ਤੇ ਵੀ ਯੋਗਦਾਨ ਪਾਉਂਦੇ ਹਨ। ਉਨ੍ਹਾਂ ਨੇ ਐੱਨਆਰਆਈ ਭਾਈਚਾਰੇ ਨੂੰ ਪੰਜਾਬ ਤੇ ਖਾਸ ਕਰਕੇ ਸਿੱਖਿਆ ਤੇ ਸਿਹਤ ਖੇਤਰਾਂ ਚ ਵੀ ਯੋਗਦਾਨ ਦੇਣ ਦੀ ਅਪੀਲ ਕੀਤੀ ਤਾਂ ਜੋ ਲੋਕਾਂ ਦਾ ਜੀਵਨ ਪੱਧਰ ਹੋਰ ਉੱਚਾ ਚੁੱਕਿਆ ਜਾ ਸਕੇ।ਗੁਰਮੀਤ ਗਿੱਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਐਨਆਰਆਈ ਮਾਮਲਿਆਂ ਸਬੰਧੀ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦਾ ਧੰਨਵਾਦ ਪ੍ਰਗਟਾਇਆ, ਜਿਨ੍ਹਾਂ ਨੇ ਉਨ੍ਹਾਂ ਐੱਨਆਰਆਈ ਮਾਮਲਿਆਂ ਸੰਬੰਧੀ ਯੂਐਸ ਚ ਕੋਆਰਡੀਨੇਟਰ ਬਣਾ ਕੇ ਇੱਕ ਵੱਡੀ ਤੇ ਅਹਿਮ ਜੰਿਮੇਵਾਰੀ ਸੌਂਪੀ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ 17 ਫਰਵਰੀ ਨੂੰ ਜਗਰਾਉਂ ਵਿਖੇ ਐਨਆਰਆਈ ਸੰਮੇਲਨ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਦੌਰਾਨ ਉਹ ਐਨਆਰਆਈ ਭਾਈਚਾਰਾ ਜੁੜੀਆਂ ਜਮੀਨ ਤੇ ਜਆਿਦਾਤਰ ਅਤੇ ਜਾਇਦਾਦਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਕੋਸਸਿ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ, ਦਵਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਛਿੰਦਾ, ਗੁਰਪ੍ਰੀਤ ਸਿੰਘ ਵਿਰਕ, ਇਕਬਾਲ ਸਿੰਘ ਸੰਧੂ, ਇਸਵਿੰਦਰ ਸਿੰਘ ਵੀ ਮੌਜੂਦ ਸਨ।



# ਪੈਟਰੋਲ ਡੀਜਲ ਦੀਆਂ ਵਧਦੀਆਂ ਕੀਮਤਾਂ ਕਾਰਨ ਆਮ ਆਦਮੀ ਦਾ ਜੀਣਾ ਹੋਇਆ ਮੁਸਕਿਲ:- ਲੁਬਾਣਾ

ਭੁਲੱਥ (ਅਜੈ ਗੋਗਨਾ) ਪੈਟਰੋਲ ਦੀ ਕੀਮਤ ਸੈਂਕੜੇ ਤਕ ਪਹੁੰਚਣ ਹੀ ਵਾਲੀ ਹੈ ਜਿਸ ਕਾਰਨ ਆਮ ਜਨਤਾ ਜੋ ਕਿ ਪਹਿਲਾਂ ਹੀ ਕੋਰੋਨਾ ਕਾਲ ਦੇ ਵਿੱਚ ਬੜੀ ਮੁਸਕਲ ਨਾਲ ਜੰਿਦਗੀ ਗੁਜਰ ਬਸਰ ਕਰ ਰਹੀ ਹੈ ਲਈ ਜੰਿਦਗੀ ਜਿਊਣਾ ਬਹੁਤ ਮੁਸਕਿਲ ਹੋ ਗਿਆ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਭੁਲੱਥ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਲੁਬਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ . ਉਨ੍ਹਾਂ ਕਿਹਾ ਕਿ ਦੇਸ ਨੂੰ ਚਲਾ ਰਹੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਆਮ ਜਨਤਾ ਦੀਆਂ ਮੁਸਕਿਲਾਂ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੇ ਜੋ ਕਿ ਆਪਣੇ ਪ੍ਰਧਾਨਮੰਤਰੀ ਬਣਨ ਤੋਂ ਪਹਿਲਾਂ ਮਹਿੰਗਾਈ ਘੱਟ ਕਰਨ ,ਪੈਟਰੋਲ ਦੀਆਂ ਕੀਮਤਾਂ ਕੰਟਰੋਲ ਕਰਨ ,ਡਾਲਰ ਅਤੇ ਰੁਪਈਏ ਨੂੰ ਇਕ ਬਰਾਬਰ ਕਰਨ ਦੀਆਂ ਗੱਲਾਂ ਕਰਦੇ ਹੁੰਦੇ ਸਨ ਪਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਜੋ ਦੇਸ ਦੀ ਹਾਲਤ ਮੋਦੀ ਦੇ ਕਾਰਜਕਾਲ ਦੌਰਾਨ ਹੋਈ ਹੈ ਉਸ ਨੇ ਮੋਦੀ ਸਰਕਾਰ ਦੀਆਂ ਨਲਾਇਕੀਆਂ ਜਾਹਿਰ ਕਰ ਦਿੱਤੀਆਂ ਹਨ . ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਕੁਲਦੀਪ ਪਾਠਕ ਤਜਿੰਦਰ ਸਿੰਘ ਰੈਂਪੀ ਦਫਤਰ ਇੰਚਾਰਜ ਹਰਵਿੰਦਰ ਸਿੰਘ ਮੁਲਤਾਨੀ ਅਸੋਕ ਰਾਜੂ ਭੱਟੀ ਆਦਿ ਵਲੰਟੀਅਰ ਹਾਜਰ ਸਨ .



# ਭੁਲੱਥ 'ਚ ਪੁਲਵਾਮਾ ਹਮਲੇ ਦੌਰਾਨ ਸ਼ਹੀਦ ਹੋਏ ਨੌਜਵਾਨਾਂ ਤੇ ਕਿਸਾਨੀ ਸੰਘਰਸ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਕੈਂਡਲ ਮਾਰਚ ਹੋਇਆ

ਭੁਲੱਥ : ਬੀਤੇਂ ਦਿਨ ਭੁਲੱਥ ਦੇ ਨੋਜਵਾਨਾ ਵੱਲੋਂ ਕੈਂਡਲ ਮਾਰਚ ਪੁਲਵਾਮਾ ਹਮਲੇ ਦੋਰਾਨ ਸਹੀਦ ਹੋਏ ਜਵਾਨਾ ਤੇ ਕਿਸਾਨੀ ਸੰਘਰਸ ਵਿੱਚ ਹੋਏ ਸਹੀਦਾ ਨੂੰ ਸਰਧਾਜਲੀ ਵੱਜੋ ਕੱਢਿਆ ਗਿਆ ਹੈ । ਬੁਲਾਰਿਆ ਨੇ ਕਿਹਾ ਕਿ ਦੇਸ ਤੇ ਸਾਡਾ ਜੀਵਨ ਅਬਾਦ ਕਿਸਾਨਾ ਤੇ ਜਵਾਨਾ ਕਰਕੇ ਹੈ। ਇਹ ਦੋਨੋ ਹੀ ਸਲਾਮਤ ਰਹਿਣ ਤਾ ਸਾਰਾ ਆਲਮ ਤੇ ਅਵਾਮ ਖੁਸ ਰਹਿ ਸਕਦੀ ਹੈ ।ਪ੍ਰੰਤੂ ਅੜੀਅਲ ਹੰਕਾਰੀ ਸਾਡੇ ਦੇਸ ਦੇ ਵਜੀਰ ਇਹ ਖੁਸੀਆ ਸਾਡੇ ਕੋਲੋ ਖੋਹਣਾ ਚਾਹੁੰਦੇ ਹਨ ।ਤੇ ਸਾਡੀ ਮਿੱਟੀ ਤੇ ਆਪਣੇ ਪੂੰਜੀਪਤੀਆ ਨੂੰ ਲਿਆਉਣਾ ਚਾਹੁੰਦੇ ਹਨ, ਪਰ ਅਜਿਹਾ ਗੁਲਾਮੀ ਸਮਾਂ ਪੰਜਾਬ ਅਤੇ ਬਾਕੀ ਸੂਬੇ ਦੇ ਅਣਖੀ, ਮਿੱਟੀ ਦੇ ਵਾਰਿਸ ਨਹੀ ਦੇਖ ਸਕਦੇ, ਇਸ ਲਈ ਅਸੀਂ ਆਪਣੇ ਹੱਕਾ ਲਈ ਲੜਦੇ ਰਹਾਂਗੇ। ਅਤੇ ਸਾਰਿਆ ਬੁਲਾਰਿਆਂ ਨੇ ਜੈ ਜਵਾਨ ਜੈ ਕਿਸਾਨ, ਕਿਸਾਨ ਮਜਦੂਰ ਏਕਤਾ ਜਿੰਦਾਬਾਦ ਦੇ ਜੈਕਾਰੇ ਛੱਡੇ ਅਤੇ ਕਿਹਾ ਕਿ ਇਹ ਲੋਕ ਲਹਿਰ ਦੀਆ ਗੂਝਾਂ ਵਜੀਰਾ ਨੂੰ ਵੀ ਜਰੂਰ ਤੰਗ ਕਰਨਗੀਆ। ਇਸ ਮੋਕੇ ਨੋਜਵਾਨ ਆਗੂ ਜਥੇਦਾਰ ਸ: ਗੁਰਵਿੰਦਰ ਸਿੰਘ ਬਾਜਵਾ ਨੇ ਕਸਬਾਭੁਲੱਥ, ਪਿੰਡ ਕਮਰਾਏ ਅਤੇ ਪਿੰਡ ਭਗਵਾਨਪੁਰ ਤੋ ਸਾਮਿਲ ਹੋਏ ਸਾਰੇ ਨੋਜਵਾਨਾ ਦਾ ਸ: ਗੁਰਵਿੰਦਰ ਸਿੰਘ ਬਾਜਵਾ ਨੇ ਆਪਣੇ ਵੱਲੋ ਅਤੇ ਸਮਾਜ ਸੇਵੀ ਸੰਸਥਾ ਜਿਸ ਦਾ ਨਾਂ ਆਪਣਾ ਪਿੰਡ ਭੁਲੱਥ ਵੱਲੋ ਸਮੂਲੀਅਤ ਕਾਰਨ ਤੇ ਵਿਸੇਸ ਧੰਨਵਾਦ ਕੀਤਾ।

# ਵਿਸ਼ਵ ਸਿਹਤ ਸੰਗਠਨ ਦੀ ਟੀਮ ਨੂੰ ਵੂਹਾਨ ਤੋਂ ਹੀ ਮਿਲੇ ਕੋਵਿਡ-19 ਦੇ ਫੈਲਣ ਦੇ ਸੰਕੇਤ



ਵੂਹਾਨ : ਚੀਨ ਦੇ ਵੂਹਾਨ ਸ਼ਹਿਰ ਵਿੱਚ ਕੋਵਿਡ-19 ਦੀ ਉਤਪਤੀ ਦੀ ਜਾਂਚ ਕਰਨ ਗਈ ਵਿਸ਼ਵ ਸਿਹਤ ਸੰਗਠਨ ਦੀ ਟੀਮ ਜਿਸਨੂੰ ਹਾਲੇ ਤੱਕ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ। ਪਰ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਜਾਂਚ ਟੀਮ ਨੂੰ ਅਜਿਹੇ ਸਬੂਤ ਮਿਲੇ ਹਨ ਕਿ ਦਸੰਬਰ 2019 ਵਿੱਚ ਹੀ ਕੋਰੋਨਾ ਵਾਇਰਸ ਦੇ ਫੈਲਣ ਦੇ ਸੰਕੇਤ ਮਿਲ ਚੁੱਕੇ ਸਨ।ਰਿਪੋਰਟ ਦੇ ਅਨੁਸਾਰ ਜਾਂਚ ਟੀਮ ਨੇ ਚੀਨ ਨੂੰ ਉਨ੍ਹਾਂ ਹਜ਼ਾਰਾਂ ਲੋਕਾਂ ਦੇ ਖ਼ੂਨ ਦੇ ਨਮੂਨੇ ਤੁਰੰਤ ਮੁਹੱਈਆ ਕਰਵਾਉਣ ਲਈ ਕਿਹਾ ਹੈ ਜਿਨ੍ਹਾਂ ਦੀ ਹੁਣ ਤੱਕ ਜਾਂਚ ਨਹੀਂ ਕਰਨ ਦਿੱਤੀ ਗਈ ਹੈ।WHO ਦੇ ਮੁੱਖ ਜਾਂਚਕਰਤਾ ਪੀਟਰ ਬੇਨ ਐਮਬਰਕ ਨੇ ਇੱਕ ਇੰਟਰਵਿਊ ਵਿੱਚ ਇਸਦੀ ਪੁਸ਼ਟੀ ਕੀਤੀ ਹੈ । ਉਨ੍ਹਾਂ ਕਿਹਾ ਸਾਨੂੰ ਇਸ ਵਾਇਰਸ ਦੇ ਫੈਲਣ ਦੇ ਹੋਰ ਸੰਕੇਤ ਮਿਲ ਰਹੇ ਹਨ।ਇਸਦੇ ਨਾਲ ਹੀ ਕੋਰੋਨਾ ਵਾਇਰਸ ਦੀ ਚਪੇਟ ਵਿੱਚ ਆਏ ਪਹਿਲੇ ਮਰੀਜ਼ ਨਾਲ ਵੀ ਮੁਲਾਕਾਤ ਕੀਤੀ । ਟੀਮ ਅਨੁਸਾਰ ਲਗਭਗ 40 ਸਾਲ ਪੁਰਾਣੇ ਇਸ ਦਫਤਰੀ ਕਰਮਚਾਰੀ ਵਿੱਚ 8 ਦਸੰਬਰ ਨੂੰ ਸੰਕਰਮਣ ਦੀ ਪੁਸ਼ਟੀ ਹੋਈ ਸੀ, ਜਿਸਦਾ ਕੋਈ ਯਾਤਰਾ ਦਾ ਇਤਿਹਾਸ ਨਹੀਂ ਹੈ।ਦੱਸ ਦੇਈਏ ਦਸੰਬਰ 2019 ਵਿੱਚ ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਚੀਨ ਦੇ ਵੂਹਾਨ ਵਿੱਚ ਸਾਹਮਣੇ ਆਏ ਅਣਪਛਾਤੇ ਕਾਰਨਾਂ ਕਰਕੇ ਹੋ ਰਹੇ ਨਮੂਨੀਆ ਹੋਣ ਦੇ ਮਾਮਲਿਆਂ ਬਾਰੇ ਇੱਕ ਮੀਡੀਆ ਰਿਪੋਰਟ ਦਾ ਨੋਟਿਸ ਲਿਆ ਸੀ। ਬਾਅਦ ਵਿੱਚ ਇਸ ਵਾਇਰਸ ਦੇ ਫੈਲਣ ਦੀ ਪਛਾਣ ਨਾਵਲ ਕੋਰੋਨਾ ਵਾਇਰਸ ਵਜੋਂ ਹੋਈ ਸੀ।

# ਦੀਪ ਸੰਧੂ ਅਤੇ ਲੱਖਾ ਸਿਧਾਣਾ ਦੇ ਹੱਕ ਚ' ਮਾਰਿਆਂ ਕੈਨੇਡਾ ਦੇ ਲੋਕ ਗਾਇਕ ਹਰਪ੍ਰੀਤ ਰੰਧਾਵਾ ਨੇ ਹਾਅ ਦਾ ਨਾਅਰਾ

ਨਿਊਯਾਰਕ/ ਟੋਰਾਂਟੋ 15 ਫਰਵਰੀ ( ਰਾਜ ਗੋਗਨਾ )ਰਾਜੇਵਾਲ ਸਾਹਿਬ ਤੁਸੀ ਬਹੁਤ ਸਿਆਣੇ ਹੋ ਲੱਖਾ ਸਿਧਾਣਾ ਤੇ ਦੀਪ ਸਿੱਧੂ ਨੂੰ ਆਪਣੇ ਪੁੱਤਰਾਂ ਦੀ ਤਰਾਂ ਨਾਲ ਲੈ ਕੇ ਤੁਰੋ ਸਾਰੀ ਦੁਨੀਆਂ ਦੀਆਂ ਨਜਰਾ ਤੁਹਾਡੇ ਉਤੇ ਹਨ ਦੇਖਿਓ ਕਿਤੇ ਜਿੱਤੀ ਬਾਜੀ ਹਾਰ ਨਾ ਬੈਠਿਓ ਇਹ ਗੱਲ ਕੈਨੇਡਾ ਵਿੱਚ ਵੱਸਦੇ ਪੰਜਾਬੀ ਗਾਇਕ ਹਰਪ੍ਰੀਤ ਰੰਧਾਵਾ ਨੇ ਸਾਡੇ ਪੱਤਰਕਾਰ ਨਾਲ ਫੋਨ ਤੇ ਸਾਂਝੀ ਕੀਤੀ। ਉਹਨਾਂ ਕਿਹਾ ਕਿ ਕਿਸਾਨ ਮੋਰਚੇ ਨੂੰ ਅੱਜ ਸਿਰੇ ਤੇ ਪਹੁੰਚਾਉਣ ਵਿੱਚ ਕਿਸਾਨ ਜਥੇਬੰਦੀਆਂ ਦੇ ਨਾਲ ਨਾਲ ਗਾਇਕਾ, ਖਿਡਾਰੀਆਂ, ਬੁਧੀਜੀਵੀਆ,ਫੌਜੀ ਵੀਰਾ, ਤੇ ਹਰ ਇਕ ਉਹ ਇਨਸਾਨ ਜਿਸ ਨੂੰ ਕਾਲੇ ਕਨੂੰਨ ਦੀ ਇਸ ਗੱਲ ਨੇ ਝੰਜੋੜਿਆ, ਇਸ ਤਰ੍ਹਾਂ ਨੌਜਵਾਨਾਂ ਦੇ ਸਿਰ ਕੱਢ ਬੁਲਾਰੇ ਤੇ ਦਿਲਾਂ ਤੇ ਰਾਜ ਕਰਨ ਵਾਲੇ ਦੋਵੇਂ ਵੀਰ ਦੀਪ ਸਿੱਧੂ ਤੇ ਲੱਖਾ ਸਿਧਾਣਾ ਤੇ ਜੋ ਵਰਤ ਰਿਹਾ ਸਾਡੇ ਕਿਸਾਨ ਜਥੇਬੰਦੀਆਂ ਨੂੰ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ ਇਹ ਹਰੇਕ ਐਨ ਆਰ ਆਈ ਦੀ ਮੰਗ ਹੈ ।ਜਿੱਥੇ ਤੁਸੀਂ ਦਿੱਲੀ ਦੇ ਬਾਡਰਾ ਤੇ ਤਿੰਨ ਚਾਰ ਮਹੀਨਿਆਂ ਤੋਂ ਬੈਠੇ ਹੋ ਤੇ ਐਨ ਆਰ ਆਈ ਵੀਰਾ ਵਲੋਂ ਜਿੱਥੇ ਫਿਨਾਈਸਲੀ ਹੈਲਪ ਕੀਤੀ ਉਸਦੇ ਨਾਲ ਨਾਲ ਆਪਣੇ ਆਪਣੇ ਤਰੀਕਿਆਂ ਨਾਲ ਪਰੋਟੈਸਟ ਕਰ ਰਹੇ ਨੇ ,ਜੇ ਤੁਸੀਂ ਇਸ ਸਾਡੀ ਗਲ ਨੂੰ ਅੱਖੋਂ ਪਰੋਖੇ ਕੀਤਾ ਤੇ ਆਊਟ ਵਾਲੇ ਸਮੇਂ ਵਿੱਚ ਹੋ ਸਕਦਾ ਲੋਕ ਤੁਹਾਡੇ ਨਾਲ ਜੁੜਣ ਦੀ ਬਿਜਾਏ ਟੁੱਟਣ ਵਿੱਚ ਚੰਗਾ ਮਹਿਸੂਸ ਕਰਨ, ਬਾਕੀ ਪੰਜਾਬ ਵਿੱਚ ਜੋ ਕਿਸਾਨਾਂ ਦਾ ਗੁੱਸਾ ਇਹਨਾਂ ਤਿੰਨੇ ਕਾਲੇ ਕਨੂੰਨਾ ਪ੍ਰਤੀ ਚਲ ਰਿਹਾ ਇੱਕਾ ਦੁੱਕਾ ਘਟਨਾ ਵਾਪਰੀਆਂ ਨੇ ਤੇ ਬੀ ਜੇ ਪੀ ਪਾਰਟੀ ਵਲੋਂ ਉਹਨਾਂ ਕਿਸਾਨਾਂ ਤੇ ਪਰਚੇ ਦਰਜ ਹੋ ਰਹੇ ਨੇ ਇਸ ਗਲ ਦੀ ਜਾਂਚ ਸਾਡੇ ਕਿਸਾਨਾ ਨੂੰ ਪਿੰਡ ਪੱਧਰ ਤੇ ਇਲਾਕੇ ਨੂੰ ਰਲ ਮਿਲ ਕੇ ਕਰਨੀ ਚਾਹੀਦਾ ਹੈ । ਗਾਇਕ ਰੰਧਾਵਾ ਨੇ ਕਿਹਾ ਕਿ ਇਸ ਸਮੇਂ ਆਪਾਂ ਸਾਰਿਆਂ ਨੂੰ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਕਿਸਾਨਾਂ ਦੇ ਹਕ ਵਿੱਚ ਇਕੱਠੇ ਹੋਣ ਦੀ ਲੋੜ ਹੈ, ਸਮਝਦਾਰੀ ਨਾਲ ਹਰ ਇਕ ਕਦਮ ਪੁੱਟਣ ਦੀ ਲੋੜ ਹੈ, ਟਕਨੋਲਜੀ ਦੇ ਇਸ ਸਮੇਂ ਵਿਚ ਹਰ ਇਕ ਨੂੰ ਚੰਗੇ ਮਾੜੇ ਦੀ ਪਹਿਚਾਣ ਹੈ ਆਉ ਕਿਸਾਨ ਜਥੇਬੰਦੀਆਂ ਵਾਲਿਓ ਸਿਰਾ ਨੂੰ ਤੋੜਨ ਦੀ ਬਿਜਾਏ ਜੋੜੋ ਮੁਹਿੰਮ ਨੂੰ ਸਿਖਰਾਂ ਵਲ ਲੈ ਕੇ ਚੱਲੋ ,ਡੁਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਠੋ ਆਪਣੀ ਮੰਜਿਲ ਵਲ ਕਦਮ ਵਧਾਉ।

# ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਪਿੰਡ ਜੈਦ ਵਿੱਚ ਸੱਤਵਾਂ ਕਬੱਡੀ ਟੂਰਨਾਮੈਂਟ ਬੜੀ ਧੂਮ ਧਾਮ ਨਾਲ ਸੰਪੰਨ



ਭੁਲੱਥ ( ਅਜੈ ਗੋਗਨਾ ) ਭੁਲੱਥ ਸਬ- ਡਵੀਜਨ ਦੇ ਪਿੰਡ ਜੈਦ ਵਿਖੇਂ ਦਸਮੇਸ ਸਪੋਰਟਸ ਕਲੱਬ ਅਤੇ ਐਨਆਰਆਈਜ ਦੇ ਸਾਂਝੇ ਸਹਿਯੋਗ ਨਾਲ ਕਬੱਡੀ ਟੂਰਨਾਮੈਂਟ ਬੜੀ ਧੂਮ ਧਾਮ ਨਾਲ ਸੰਪੰਨ ਹੋਇਆਂ। ਜਿਸ ਵਿਚ ਰਣਜੀਤ ਸਿੰਘ ਰਾਣਾ ਇੰਚਾਰਜ ਹਲਕਾ ਭੁਲੱਥ ਨੇ ਵਿਸੇਸ ਤੌਰ ਤੇ ਆਪਣੇ ਸਾਥੀਆਂ ਸਮੇਤ ਸਰਿਕਤ ਕੀਤੀ,ਇਸ ਮੌਕੇ ਸਮੂਹ ਸਪੋਰਟਸ ਕਲੱਬ ਵੱਲੋਂ ਰਣਜੀਤ ਸਿੰਘ ਰਾਣਾ ਦਾ ਸਨਮਾਨ ਕੀਤਾ ਗਿਆ,ਇਸ ਮੌਕੇ ਰਣਜੀਤ ਸਿੰਘ ਰਾਣਾ ਨੇ ਅਜਿਹੇ ਕਬੱਡੀ ਟੂਰਨਾਮੈਂਟ ਕਰਵਾਉਣ ਤੇ ਪਿੰਡ ਵਾਸੀਆਂ ਅਤੇ ਸਮੂਹ ਕਲੱਬ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਭ ਨੂੰ ਰਲ ਮਿਲ ਕੇ ਅਜਿਹੇ ਟੂਰਨਾਮੈਂਟ ਅਤੇ ਖੇਡ ਮੇਲੇ ਕਰਵਾਉਣੇ ਚਾਹੀਦੇ ਹਨ ਕਿਉਂਕਿ ਅਜਿਹੇ ਖੇਡ ਮੇਲੇ ਕਰਵਾਉਣ ਨਾਲ ਨੌਜਵਾਨਾਂ ਨੂੰ ਨਸੇ ਤੋਂ ਦੂਰ ਰੱਖ ਕੇ ਖੇਡਾਂ ਵੱਲ ਆਕਰਸਤਿ ਕਰਨ ਵਿੱਚ ਸਹਿਯੋਗ ਮਿਲਦਾ ਹੈ.ਦਰਸਕਾਂ ਨੇ ਇਨ੍ਹਾਂ ਮੈਚਾਂ ਦਾ ਭਰਪੂਰ ਆਨੰਦ ਮਾਣਿਆ,ਰਾਣਾ ਨੇ ਆਖਿਆ ਕਿ ਸਾਨੂੰ ਖੇਡ ਮੇਲਿਆਂ ਦੀ ਤਰ੍ਹਾਂ ਦਿੱਲੀ ਵਿੱਚ ਚੱਲ ਰਹੇ ਕਿਸਾਨ ਮੋਰਚੇ ਵਿੱਚ ਵੀ ਸਰਿਕਤ ਕਰਨੀ ਚਾਹੀਦੀ ਹੈ ਨਾਲ ਹੀ ਉਨ੍ਹਾਂ ਆਖਿਆ ਕਿ ਨੌਜਵਾਨ ਦੇਸ ਦਾ ਸਰਮਾਇਆ ਹਨ ਅਤੇ ਨੌਜਵਾਨਾਂ ਨੂੰ ਸਿਆਸਤ ਵਿੱਚ ਵੀ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ,ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਦਾਰ ਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਦਲਵਿੰਦਰ ਸਿੰਘ ਕੰਗ ਜਨਰਲ ਸਕੱਤਰ,ਬੂਟਾ ਸਿੰਘ ਬੇਗੋਵਾਲ ਜਰਨਲ ਸਕੱਤਰ ਯੂਥ ਕਾਂਗਰਸ ਹਲਕਾ ਭੁਲੱਥ,ਯਸਪਾਲ ਸਰਮਾ,ਏ.ਐਸ.ਆਈ ਰਸਪਾਲ ਸਿੰਘ,ਏ.ਐਸ.ਆਈ ਜਰਨੈਲ ਸਿੰਘ,ਨਿਰਮਲ ਸਿੰਘ ਗੋਗੀ,ਪ੍ਰੀਤਮ ਸਿੰਘ ਬਾਗਵਾਨਪੁਰ,ਜਗਤਾਰ ਸਿੰਘ ਧਾਲੀਵਾਲ ਖੱਦਰ,ਜਸਪਾਲ ਸਿੰਘ ਪ੍ਰੈਟੀ ਪ੍ਰਧਾਨ ਸਪੋਰਟਸ ਕਲੱਬ ਜੈਦ,ਰਾਮਪਾਲ ਸਿੰਘ ਉਪ ਪ੍ਰਧਾਨ,ਬਲਵਿੰਦਰ ਸਿੰਘ ਸੈਕਟਰੀ, ਰਛਪਾਲ ਸਿੰਘ ਕੈਸੀਅਰ,ਬੂਟਾ ਸਿੰਘ ਸੈਕਟਰੀ ਅਵਤਾਰ ਸਿੰਘ ਮੈਂਬਰ,ਜਰਨੈਲ ਸਿੰਘ ਮੈਂਬਰ ਸੁੱਖਾ ਚੀਮਾ ਮੈਂਬਰ,ਬਲਵੰਤ ਸਿੰਘ ਮੈਂਬਰ ਲੱਕੀ ਕੈਨੇਡਾ, ਕੇਹਰ ਸਿੰਘ ਮੈਂਬਰ ,ਨਰਿਦਰ ਸਿੰਘ ਮੈਂਬਰ, ਹਰਵਿੰਦਰ ਸਿੰਘ, ਬਿੱਟੂ ਮੈਂਬਰ,ਦਲਜੀਤ ਸਿੰਘ ਟੋਨੀ ਜੈਦ,ਰਵਿੰਦਰ ਸਿੰਘ ਸੋਨੂੰ,ਤਜਿੰਦਰਪਾਲ ਸਿੰਘ ਪੀ.ਏ ਆਦਿ ਹਾਜਰ ਸਨ

# ਕੈਂਸਰ ਪੀੜਤ ਬੱਚਿਆਂ ਦੇ ਨਾਲ ਵੈਲੇਨਟਾਈਨ ਡੇ ਮਨਾਇਆ




ਮੋਹਾਲੀ : ਲਾਇਨਜ ਕਲੱਬ ਇੰਟਰਨੈਸ਼ਨਲ ਮਲਟੀਪਲ ਡਿਸਟਿਕ 321 ਦੇ ਐਮਡੀ ਜੀਐਸਟੀ ਕੋਰਡ ਸੁਦੀਪ ਗਰਗ ਅਤੇ ਐਮਡੀਸੀ ਚਾਇਲਡ ਕੈਂਸਰ ਡੀਸੀ ਰੋਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਸਟ੍ਰਿਕ ਗਵਰਨਰ ਪੀਐਮਜੇਐਫ ਲਾਇਨ ਪੀਆਰ ਜੈਰਥ ਦੀ ਰਹਿਨੁਮਈ ਅਧੀਨ ਲਾਇਨਜ ਕਲੱਬ ਮੋਹਾਲੀ ਸੁਪਰੀਮ ਨੇ ਪੀਜੀਆਈ ਦੀ ਹੰਸਰਾਜ ਧਰਮਸ਼ਾਲਾ ਵਿੱਖੇ ਕੈਂਸਰ ਪੀੜਤ ਬੱਚਿਆਂ ਨੂੰ ਖਾਣ ਪੀਣ ਦਾ ਸਮਾਨ ਦੇ ਕੇ ਕੈਂਸਰ ਜਾਗਰੂਕਤਾ ਵੀਕ ਅਤੇ ਵੈਲੇਨਟਾਈਨ ਮਨਾਇਆ। ਪ੍ਰੋਜੈਕਟ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆ ਕਲੱਬ ਦੇ ਉਪਪ੍ਰਧਾਨ ਲਾਇਨ ਦੀਪਕ ਵਿੱਜ ਨੇ ਦੱਸਿਆ ਕਿ ਕਲੱਬ ਦੇ ਕੈਸ਼ੀਅਰ ਲਾਇਨ ਹਿਤੇਸ਼ ਕੁਮਾਰ ਗੋਇਲ ਨੇ ਆਪਣੀ ਬੇਟੀ ਸ਼ਗੁਨ ਗੋਇਲ ਦਾ ਜਨਮਦਿਨ ਮੌਕੇ ਮੈਨੇਜਰ ਸੁਭਾਸ਼ ਚੰਦ ਸ਼ਰਮਾ ਅਤੇ ਵਾਰਡਨ ਸ਼ਾਮ ਦੀ ਦੇਖਰੇਖ ਕੈਂਸਰ ਪੀੜਤ 120 ਬੱਚਿਆਂ ਨੂੰ ਖਾਣ ਪੀਣ ਦਾ ਸਾਮਾਨ ਦਿੱਤਾ ਅਤੇ ਇਸ ਤੋ ਇਲਾਵਾ ਸੰਸਥਾ ਨੂੰ ਇੱਕ ਛੋਟਾ ਫਰਿੱਜ ਦੇਣ ਦਾ ਨਿਸਚੈ ਕੀਤਾ। ਇਸ ਮੌਕੇ ਲਾਇਨਜ਼ ਕਲੱਬ ਮੁਹਾਲੀ ਦੇ ਚਾਰਟਰ ਪ੍ਰਧਾਨ ਲਾਇਨ ਤਿਲਕ ਰਾਜ,ਚਾਰਟਰ ਮੈਬਰ ਲਾਇਨ ਰਜਨੀਸ਼ ਸ਼ਰਮਾ,ਲਾਇਨ ਜਤਿੰਦਰ ਸਿੰਘ, ਲਾਇਨ ਹਿਤੇਸ਼ ਕੁਮਾਰ ਗੋਇਲ ਦੀ ਪਤਨੀ ਰੁਪਾਲੀ ਗੋਇਲ ਅਤੇ ਹੋਰ ਲਾਇਨ ਮੈਂਬਰ ਹਾਜਿਰ ਸਨ।

# 2021 ਇੰਡੀਆ ਸਪੋਰਾ ਗਵਰਨਮੈਂਟ ਲੀਡਰਸ ਸੂਚੀ, 15 ਦੇਸ਼ਾਂ 'ਚ 200 ਤੋਂ ਵੱਧ ਭਾਰਤਵੰਸ਼ੀ ਅਹਿਮ ਅਹੁਦਿਆਂ ਤੇ




ਵਾਸ਼ਿੰਗਟਨ : :ਅਮਰੀਕਾ ਅਤੇ ਬ੍ਰਿਟੇਨ ਸਮੇਤ ਕਰੀਬ 15 ਦੇਸ਼ਾਂ ਵਿਚ ਭਾਰਤੀ ਮੂਲ ਦੇ 200 ਤੋਂ ਵਧੇਰੇ ਲੋਕ ਲੀਡਰਸ਼ਿਪ ਦੇ ਅਹੁਦਿਆਂ ਤੇ ਕਾਬਿਜ਼ ਹਨ।ਭਾਰਤੀ ਭਾਈਚਾਰੇ ਦੇ ਵਿਚ ਕੰਮ ਕਰਨ ਵਾਲੇ ਅਮਰੀਕਾ ਸਥਿਤ ਇਕ ਸੰਗਠਨ ਦੇ ਮੁਤਾਬਕ, ਇਹਨਾਂ ਵਿਚੋਂ 60 ਲੋਕ ਕੈਬਨਿਟ ਰੈਂਕ ਦੇ ਅਹੁਦਿਆਂ 'ਤੇ ਕਾਬਿਜ਼ ਹਨ। 2021 ਇੰਡੀਆਸ ਪੋਰਾ ਗਵਰਮੈਂਟ ਲੀਡਰਸ ਦੀ ਆਪਣੀ ਤਰ੍ਹਾਂ ਦੀ ਪਹਿਲੀ ਸੂਚੀ ਵਿਚ ਇਹ ਜਾਣਕਾਰੀ ਦਿੱਤੀ ਗਈ। ਇਸ ਸੂਚੀ ਲਈ ਤੱਥ ਸਰਕਾਰੀ ਵੈਬਸਾਈਟਾਂ ਅਤੇ ਜਨਤਕ ਤੌਰ ਤੇ ਉਪਲਬਧ ਸਰੋਤਾਂ ਤੋਂ ਜੁਟਾਏ ਗਏ ਹਨ। ਸਿਲੀਕਾਨ ਵੈਲੀ ਸਥਿਤ ਇੰਡੀਆਸ ਪੋਰਾ ਦੇ ਸੰਸਥਾਪਕ, ਉਦਯੋਗਪਤੀ ਅਤੇ ਨਿਵੇਸ਼ਕ ਐੱਮ.ਆਰ. ਰੰਗਾਸਵਾਮੀ ਨੇ ਕਿਹਾ ਕਿ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਦੇ ਉਪ ਰਾਸ਼ਟਰਪਤੀ ਅਹੁਦੇ 'ਤੇ ਪਹਿਲੀ ਬੀਬੀ ਅਤੇ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਦਾ ਹੋਣਾ ਬਹੁਤ ਮਾਣ ਦੀ ਗੱਲ ਹੈ। ਸੋਮਵਾਰ ਨੂੰ ਜਾਰੀ ਕੀਤੀ ਗਈ ਸੂਚੀ ਵਿਚ ਡਿਪਲੋਮੈਟ, ਸਾਂਸਦ-ਵਿਧਾਇਕ, ਕੇਂਦਰੀ ਬੈਂਕਾਂ ਦੇ ਪ੍ਰਮੁੱਖ ਅਤੇ ਸੀਨੀਅਰ ਨੌਕਰਸ਼ਾਹ ਸ਼ਾਮਲ ਹਨ। ਜਦਕਿ ਉਪਰੋਕਤ 15 ਦੇਸ਼ਾਂ ਵਿਚ ਆਸਟ੍ਰੇਲੀਆ, ਕੈਨੇਡਾ, ਸਿੰਗਾਪੁਰ, ਦੱਖਣੀ ਅਫਰੀਕਾ, ਸੰਯੁਕਤ ਅਰਬ ਅਮੀਰਾਤ, ਬ੍ਰਿਟੇਨ ਅਤੇ ਅਮਰੀਕਾ ਜਿਹੇ ਦੇਸ਼ ਸ਼ਾਮਲ ਹਨ।ਅਮਰੀਕੀ ਸਾਂਸਦ ਅਮੀ ਬੇਰਾ ਨੇ ਕਿਹਾ ਕਿ 2021 ਇੰਡੀਆਸ ਪੋਰਾ ਗਵਰਮੈਂਟ ਲੀਡਰਸ ਦੀ ਸੂਚੀ ਵਿਚ ਸ਼ਾਮਲ ਹੋਣਾ ਮੇਰੇ ਲਈ ਮਾਣ ਦੀ ਗੱਲ ਹੈ। ਸੰਸਦ ਵਿਚ ਸਭ ਤੋਂ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਸਾਂਸਦ ਦੇ ਤੌਰ 'ਤੇ ਮੈਨੂੰ ਭਾਰਤੀ-ਅਮਰੀਕੀ ਭਾਈਚਾਰੇ ਦਾ ਨੇਤਾ ਬਣ ਕੇ ਮਾਣ ਹੈ। ਇਹ ਭਾਈਚਾਰਾ ਅਮਰੀਕੀ ਜੀਵਨ ਅਤੇ ਸਮਾਜ ਦਾ ਅਟੁੱਟ ਅੰਗ ਬਣ ਗਿਆ ਹੈ।

# ਟੈਕਸਾਸ ਵਿੱਚ ਵਾਪਰੇ ਇਸ ਐਕਸੀਡੈਂਟ ਵਿੱਚ 100 ਤੋ ਵੱਧ ਵਹੀਕਲ ਆਪਸ ਚ' ਟਕਰਾਏ



ਵਾਸ਼ਿੰਗਟਨ (ਰਾਜ ਗੋਗਨਾ) ਬੀਤੇਂ ਦਿਨ ਅਮਰੀਕਾ ਦੇ ਸੂਬੇ ਟੈਕਸਸ ਵਿਖੇ ਪਾਇਲਪ ਜੋ ਡੈਲਸ -ਫੋਰਟ ਵਰਥ ਵਿਖੇ ਬਰਫ ਦੀ ਬਰਸਾਤ (ਫਰੀਜਿੰਗ ਰੇਨ) ਦੇ ਕਾਰਨ ਵਾਪਰੇ ਭਿਆਨਕ ਰੋਡ ਹਾਦਸੇ ਵਿੱਚ 100 ਤੋ ਵੱਧ ਵਹੀਕਲ ਆਪਸ ਚ' ਟਕਰਾਏ ਗਏ ਵਹੀਕਲ ਟਕਰਾਉਣ ਨਾਲ ਇੱਥੇ 6 ਦੇ ਕਰੀਬ ਲੋਕਾਂ ਦੀ ਮੋਕੇ ਤੇ ਹੀ ਮੌਤ ਹੋ ਗਈ ਜਦਕਿ 65 ਦੇ ਕਰੀਬ ਲੋਕ ਗੰਭੀਰ ਰੂਪ ਚ' ਜਖਮੀ ਹੋਏ ਹਨ। ਫੋਰਟ ਵਰਥ ਫਾਇਰ ਚੀਫ ਜਿਮ ਡੇਵਿਸ ਨੇ ਕਿਹਾ ਕਿ ਸਹਿਰ ਦੇ ਬਿਲਕੁਲ ਹੀ ਉੱਤਰ ਵਾਲੇ ਪਾਸੇ ਅੰਤਰਰਾਜੀ ਰੂਟ 35 ਵੇਸਟ ਦੇ ਦੱਖਣ ਵੱਲ ਟੀਈਕਸਪ੍ਰੈਸ ਲੇਨ ਵਿੱਚ ਇਹ ਦਰਦਨਾਇਕ ਦੁਰਘਟਨਾ ਵਾਪਰੀ ਹੈ। ਜਿਸ ਵਿੱਚ ਵੱਡੀ ਗਿਣਤੀ ਚ ਵਾਹਨ ਆਪਸ ਵਿੱਚ ਟਕਰਾਏ ਹਨ । ਅਤੇ ਹਾਦਸਾਗ੍ਰਸਤ ਹੋਏ ਵਾਹਨਾਂ ਦੀ ਗਿਣਤੀ ਵੀ ਉਹਨਾ 100 ਤੋਂ ਉਪਰ ਦੱਸੀ ਜਾ ਰਹੀ ਹੈ।

# ਨਿਊਜ਼ੀਲੈਂਡ 'ਚ ਕੋਰੋਨਾ ਦਾ ਕੋਈ ਨਵਾਂ ਮਾਮਲਾ ਨਹੀਂ, ਖਤਮ ਕੀਤੀ ਜਾ ਸਕਦੀ ਹੈ ਤਾਲਾਬੰਦੀ

ਵੈਲਿੰਗਟਨ : ਨਿਊਜ਼ੀਲੈਂਡ ਵਿਚ ਲਗਾਤਾਰ ਦੂਜੇ ਦਿਨ ਕੋਵਿਡ-19 ਦਾ ਕੋਈ ਨਵਾਂ ਮਾਮਲਾ ਸਾਹਮਣਾ ਨਹੀਂ ਆਇਆ ਹੈ। ਇਸ ਮਗਰੋਂ ਬੁੱਧਵਾਰ ਨੂੰ ਆਕਲੈਂਡ ਤੋਂ ਤਾਲਾਬੰਦੀ ਹਟਾਏ ਜਾਣ ਦੀ ਆਸ ਵੱਧ ਗਈ ਹੈ। ਨਿਊਜ਼ੀਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਆਕਲੈਂਡ ਵਿਚ ਇਕ ਪਰਿਵਾਰ ਵਿਚ ਮਾਤਾ-ਪਿਤਾ ਅਤੇ ਉਹਨਾਂ ਦੀ ਬੇਟੀ ਪੀੜਤ ਪਾਈ ਗਈ ਸੀ। ਇਸ ਮਗਰੋਂ ਆਕਲੈਂਡ ਵਿਚ ਸੋਮਵਾਰ ਤੋਂ ਤਿੰਨ ਦਿਨ ਦੀ ਤਾਲਾਬੰਦੀ ਲਗਾਈ ਗਈ ਸੀ। ਗੌਰਤਲਬ ਹੈ ਕਿ ਕੋਰੋਨਾ ਵਾਇਰਸ ਨੂੰ ਹਰਾਉਣ ਦੇ ਕਰੀਬ 6 ਮਹੀਨੇ ਬਾਅਦ ਪਹਿਲੀ ਵਾਰ ਦੇਸ਼ ਵਿਚ ਤਾਲਾਬੰਦੀ ਲਗਾਈ ਗਈ ਹੈ ਜੋ ਬੁੱਧਵਾਰ ਤੱਕ ਜਾਰੀ ਰਹੇਗੀ। ਕੋਵਿਡ-19 ਰਿਸਪਾਂਸ ਮੰਤਰੀ ਕ੍ਰਿਸ ਹਿਪਕਿਨਸ ਨੇ ਦੱਸਿਆ ਕਿ ਪਾਬੰਦੀਆਂ ਹਟਾਉਣ ਸੰਬੰਧੀ ਸਾਂਸਦਾਂ ਦਾ ਆਖਰੀ ਫ਼ੈਸਲਾ ਅਗਲੇ 24 ਘੰਟੇ ਵਿਚ ਕੋਵਿਡ-19 ਦੀ ਅਪਡੇਟ ਕੀਤੀ ਜਾਣਕਾਰੀ ਤੇ ਨਿਰਭਰ ਕਰੇਗਾ। ਹਿਪਕਿਨਸ ਨੇ ਕਿਹਾ, ਜਿਸ ਦਿਨ ਇਨਫੈਕਸ਼ਨ ਦਾ ਇਕ ਵੀ ਮਾਮਲਾ ਸਾਹਮਣੇ ਨਹੀਂ ਆਉਂਦਾ,ਉਹ



ਇਕ ਚੰਗਾ ਦਿਨ ਹੀ ਹੁੰਦਾ ਹੈ। ਸਿਹਤ ਅਧਿਕਾਰੀਆਂ ਨੇ ਨਵੇਂ ਮਾਮਲੇ ਸਾਹਮਣੇ ਆਉਣ ਮਗਰੋਂ ਜਾਂਚ ਵੀ ਵਧਾ ਦਿੱਤੀ ਹੈ। ਸੋਮਵਾਰ ਨੂੰ 15 ਹਜ਼ਾਰ ਤੋਂ ਵੱਧ ਨਮੂਨਿਆਂ ਦੀ ਜਾਂਚ ਕੀਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਆਕਲੈਂਡ ਵਿਚ ਮਾਤਾ-ਪਿਤਾ ਅਤੇ ਉਹਨਾਂ ਦੀ ਬੇਟੀ ਪੀੜਤ ਪਾਈ ਗਈ ਸੀ। ਬੀਬੀ ਇਕ ਕੈਟਰਿੰਗ ਕੰਪਨੀ ਵਿਚ ਕੰਮ ਕਰਦੀ ਹੈ ਜਿੱਥੇ ਏਅਰਲਾਈਨਜ਼ ਦੇ ਕਰਮਚਾਰੀਆਂ ਦੇ ਕੱਪੜੇ ਧੋਣ ਦਾ ਕੰਮ ਹੁੰਦਾ ਹੈ। ਇਸ ਪਹਿਲੂ ਨੂੰ ਧਿਆਨ ਵਿਚ ਰੱਖ ਕੇ ਵੀ ਜਾਂਚ ਕੀਤੀ ਜਾ ਰਹੀ ਹੈ ਕਿਤੇ ਕੋਈ ਯਾਤਰੀ ਤਾਂ ਪੀੜਤ ਨਹੀਂ ਸੀ।

# ਜਿਲਾ ਲੁਧਿਆਣਾ ਦੇ ਪਿੰਡ ਦੁੱਗਰੀ ਵਿੱਚ ਪੰਜਾਬੀ ਮੂਵੀ ਸਟਰੱਗਲੇਰ ਹੀਰੋ ਦਾ ਸ਼ੁੱਭ ਮਹੂਰਤ




ਚੰਡੀਗੜ (ਪ੍ਰੀਤਮ ਲੁਧਿਆਣਵੀ), 15 ਫਰਵਰੀ, 2021: ਜਿਲਾ ਲੁਧਿਆਣਾ ਦੇ ਪਿੰਡ ਦੁੱਗਰੀ ਵਿੱਚ ਪੰਜਾਬੀ ਮੂਵੀ ਸਟਰੱਗਲੇਰ ਹੀਰੋ ਦਾ ਸ਼ੁੱਭ ਮਹੂਰਤ ਸ੍ਰ: ਰੁਪਿੰਦਰ ਪਾਲ ਸਿੰਘ ਸ਼ੀਲਾ, ਕੌਂਸਲਰ ਤੇਜਵੰਤ ਸਿੰਘ ਅਤੇ ਪ੍ਰਧਾਨ ਸਤਵੰਤ ਸਿੰਘ ਵੱਲੋਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕ੍ਰਿਸ਼ਨਾ ਐਂਟਰਟੇਨਮੈਂਟ ਤੇ ਯੁਵਮ ਫ਼ਿਲਮ ਵੱਲੋਂ ਆ ਰਹੀ ਇਸ ਪੰਜਾਬੀ ਮੂਵੀ ਵਿੱਚ ਮੁੱਖ ਕਿਰਦਾਰ ਪੰਜਾਬੀ ਕਾਮੇਡੀ ਦੇ ਪ੍ਰਸਿੱਧ ਹੀਰੋ ਗੁਰਚੇਤ ਚਿਤਰਕਾਰ, ਚਮਕੌਰ ਸੋਹਲ, ਪ੍ਰਵੀਨ ਮੇਹਰਾ ਅਤੇ ਬਾਨੀ ਚੰਡੇਲ ਨਿਭਾ ਰਹੇ ਹਨ।

# ਦੁਬਈ ਦੀ ਰਾਜਕੁਮਾਰੀ ਦੇ ਕੈਦੀ ਬਣਾਏ ਜਾਣ ਤੋਂ ਬਾਅਦ ਹੁਣ ਕੀ ਨਵਾਂ ਮੋੜ ਆਇਆ ਹੈ



ਦੁਬਈ ਦੇ ਸਾਸਕ ਦੀ ਬੇਟੀ ਪ੍ਰਿੰਸਿਜ ਲਤੀਫਾ ਅਲ ਮਕਤੂਮ ਨੇ 2018 ਵਿੱਚ ਦੇਸ ਤੋਂ ਭੱਜਣ ਦੀ ਕੋਸਸਿ ਕੀਤੀ ਸੀ ਤੇ ਉਨ੍ਹਾਂ ਨੂੰ ਬਾਅਦ ਵਿੱਚ ਫੜ ਲਿਆ ਗਿਆ ਸੀ।ਉਨ੍ਹਾਂ ਨੇ ਇਸ ਤੋਂ ਬਾਅਦ ਆਪਣੇ ਦੋਸਤਾਂ ਨੂੰ ਇੱਕ ਵੀਡੀਓ ਸੰਦੇਸ ਭੇਜਿਆ ਜਿਸ ਵਿੱਚ ਉਨ੍ਹਾਂ ਨੇ ਆਪਣੇ ਪਿਤਾ 'ਤੇ ਉਨ੍ਹਾਂ ਨੂੰ 'ਬੰਧਕ' ਬਣਾਉਣ ਦੇ ਇਲਜਾਮ ਲਗਾਏ ਤੇ ਕਿਹਾ ਕਿ ਉਨ੍ਹਾਂ ਦੀ ਜੰਿਦਗੀ ਖਤਰੇ ਵਿੱਚ ਹੈ।

ਪ੍ਰਿੰਸਿਜ ਲਤੀਫਾ ਦੀ ਇਹ ਵੀਡੀਓ ਫੁਟੇਜ ਬੀਬੀਸੀ ਪੈਨੋਰਮਾ ਨੂੰ ਮਿਲੀ ਹੈ। ਇਸ ਵਿੱਚ ਉਹ ਕਹਿ ਰਹੇ ਹਨ ਕਿ ਕਿਸਤੀ 'ਚ ਭੱਜਣ ਦੌਰਾਨ ਕਮਾਂਡੋਆਂ ਨੇ ਉਨ੍ਹਾਂ ਨੂੰ ਫੜ ਲਿਆ ਸੀ ਅਤੇ ਉਨ੍ਹਾਂ ਨੂੰ ਹਿਰਾਸਤੀ ਕੇਂਦਰ ਵਿੱਚ ਲਿਜਾਇਆ ਗਿਆ।

ਰਾਜਕੁਮਾਰੀ ਦੁਬਈ ਵਿੱਚ ਅਗਵਾ ਕਰ ਕੇ ਹਿਰਾਸਤੀ ਕੇਂਦਰ ਵਿੱਚ ਰੱਖੇ ਜਾਣ ਤੋਂ ਬਾਅਦ ਲੰਬਾ ਅਰਸਾ ਆਪਣੀ ਸਹੇਲੀ ਟੀਨਾ ਜੁਹੀਐਨਿਨ ਦੇ ਰਾਬਤੇ ਵਿੱਚ ਰਹੇ ਸਨ।ਪਰ ਟੀਨਾ ਕੋਲ ਕਈ ਮਹੀਨਿਆਂ ਤੋਂ ਰਾਜਕੁਮਾਰੀ ਦੀ ਕੋਈ ਖਬਰ ਨਹੀਂ ਹੈ।ਉਨ੍ਹਾਂ ਦੇ ਖੂਫੀਆ ਸੁਨੇਹੇ ਆਉਣੇ ਬੰਦ ਹੋ ਗਏ ਹਨ ਜਿਸ ਤੋਂ ਬਾਅਦ ਉਨ੍ਹਾਂ ਦੇ ਦੋਸਤਾਂ ਨੇ ਸੰਯੁਕਤ ਰਾਸਟਰ ਤੋਂ ਦਖਲ ਦੀ ਮੰਗ ਕੀਤੀ ਹੈ।ਦੁਬਈ ਅਤੇ ਸੰਯੁਕਤ ਅਰਬ ਅਮੀਰਾਤ ਵੱਲੋਂ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਰਾਜਕੁਮਾਰੀ ਆਪਣੇ ਪਰਿਵਾਰ ਨਾਲ ਪੂਰਨ ਤੌਰ 'ਤੇ ਮਹਿਫੂਜ ਹਨ।ਰਾਜਕੁਮਾਰੀ ਦੁਬਈ ਦੇ ਸਾਸਕ ਸੇਖ ਮੁਹੰਮਦ ਬਿਨ ਰਾਸਦਿ ਅਲ ਮਕਦੂਮ ਦੇ 25 ਬੱਚਿਆਂ ਵਿੱਚੋਂ ਇੱਕ ਹੈ।ਸੇਖ ਨੇ ਦੁਬਈ ਨੂੰ ਇੱਕ ਚਕਾਚੌਂਧ ਵਾਲੇ ਇੱਕ ਅਜਿਹੇ ਸਹਿਰ ਵਿੱਚ ਬਦਲ ਦਿੱਤਾ ਹੈ ਜਿੱਥੇ ਦੁਨੀਆਂ ਭਰ ਤੋਂ ਲੋਕ ਕਾਰੋਬਾਰ ਅਤੇ ਸੈਰ-ਸਪਾਟੇ ਲਈ ਪਹੁੰਚਦੇ ਹਨ।ਇਸ ਦੇ ਬਾਵਜੂਦ ਇੱਥੋਂ ਦੀਆਂ ਔਰਤਾਂ ਲਈ ਸਥਿਤੀ ਬਹੁਤੀ ਜਿਆਦਾ ਨਹੀਂ ਹੈ ਅਤੇ ਕਾਨੂੰਨ ਅਤੇ ਰਵਾਇਤਾਂ ਉਨ੍ਹਾਂ ਉੱਪਰ ਕਾਫੀ ਰੋਕ ਰੱਖਦੀਆਂ ਹਨ। ਲੀਤੀਫਾ ਨੇ ਆਪਣੀ ਇੱਕ ਵੀਡੀਓ ਵਿੱਚ ਕਿਹਾ,"ਮੈਂ ਡਰਾਈਵ ਨਹੀਂ ਚਲਾ ਸਕਦੀ ਹਾਂ, ਮੈਨੂੰ ਸਫਰ ਕਰਨ ਜਾ ਦੁਬਈ ਤੋਂ ਬਾਹਰ ਜਾਣ ਦੀ ਇਜਾਜਤ ਨਹੀਂ ਹੈ।" ਫਰਾਰ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਕਿਹਾ ਸੀ,"ਮੈਂ 2000 ਤੋਂ ਬਾਅਦ ਦੇਸ ਤੋਂ ਨਹੀਂ ਨਿਕਲੀ ਹਾਂ।ਮੈਂ ਸਫਰ ਕਰਨ ਬਾਰੇ, ਪੜ੍ਹਨ ਬਾਰੇ ਅਤੇ ਕੁਝ ਆਮ ਕਰਨ ਬਾਰੇ ਬਹੁਤ ਵਾਰ ਪੁੱਛ ਚੁੱਕੀ ਹਾਂ।ਉਹ ਮੈਨੂੰ ਅਜਿਹਾ ਨਹੀਂ ਕਰਨ ਦੇ ਰਹੇ ਹਨ।ਮੈਨੂੰ ਜਾਣਾ ਪਵੇਗਾ।" ਟੀਨਾ ਦੇ ਘਰ ਵਿੱਚ ਬੈਠ ਕੇ ਪ੍ਰਿੰਸਿਜ ਨੇ ਆਉਣ ਵਾਲੇ ਦਿਨਾਂ ਬਾਰੇ ਖੁੱਲ੍ਹ ਕੇ ਦੱਸਿਆ. "ਮੈਂ ਭਵਿੱਖ ਬਾਰੇ ਆਸਵੰਦ ਹਾਂ।ਮੈਂ ਨਹੀਂ ਜਾਣਦੀ ਕਿ ਜਦੋਂ ਮੈਂ ਸਵੇਰੇ ਉੱਠਾਂਗੀ ਤੇ ਸੋਚਾਂਗੀ ਕਿ ਮੈਂ ਜੋ ਚਾਹਾਂ ਕਰ ਸਕਦੀ ਹਾਂ ਤਾਂ ਮੈਨੂੰ ਕਿਹੋ-ਜਿਹਾ ਲੱਗੇਗਾ।ਮੈਂ ਬਹੁਤ ਉਤਸੁਕ ਹਾਂ।" ਰਾਜਕੁਮਾਰੀ ਦਾ ਪਾਸਪੋਰਟ ਉਨ੍ਹਾਂ ਕੋਲ ਨਹੀਂ ਸੀ ਅਤੇ ਉਨ੍ਹਾਂਮ ਉੱਪਰ ਨਿਗਰਾਨੀ ਰੱਖੀ ਜਾ ਰਹੀ ਸੀ, ਜਿਸ ਲਈ ਉਨ੍ਹਾਂ ਨੇ ਕਾਰ ਰਾਹੀਂ ਦੁਬਈ ਤੋਂ ਨਿਕਲ ਕੇ ਓਮਾਨ ਜਾਣਾ ਸੀ। ਜੈਟ ਸਕੀਂਗ ਅਤੇ ਇੱਕ ਡੌਂਗੀ ਰਾਹੀਂ ਉਹ ਕੌਮਾਂਤਰੀ ਪਾਣੀਆਂ ਨੂੰ ਪਾਰ ਕਰਨ ਵਿੱਚ ਉਨ੍ਹਾਂ ਨੂੰ ਕਈ ਘਾਂਟਿਆਂ ਦਾ ਸਮਾਂ ਲੱਗ ਗਿਆ।ਫਿਰ ਉਹ ਉਸ ਯੌਟ (ਬਾਦਵਾਨਾਂ ਵਾਲੀ ਕਿਸਤੀ) ਉੱਪਰ ਪਹੁੰਚੀਆ ਜਿਸ ਨੇ ਉਨ੍ਹਾਂ ਨੂੰ ਇੱਕ ਅਜਾਦ ਦੁਨੀਆਂ ਵਿੱਚ ਲੈ ਕੇ ਜਾਣਾ ਸੀ। ਲਤੀਫਾ ਨੇ ਇੱਕ ਵਟਸਐੱਪ ਮੈਸਜ ਰਾਹੀਂ ਆਪਣੀ ਇੱਕ ਸਹੇਲੀ ਨੂੰ ਦੱਸਿਆ,"ਮੈਂ ਅਜਾਦ ਹਾਂ"। ਇੱਥੋਂ ਉਨ੍ਹਾਂ ਦੀ ਯੋਜਨਾ ਹਿੰਦਮਹਾਂਸਾਗਰ ਪਾਰ ਕਰ ਕੇ ਅਮਰੀਕਾ ਦੀ ਉਡਾਣ ਲੈਣ ਦੀ ਸੀ ਜਿੱਥੇ ਪਹੁੰਚ ਕੇ ਰਾਜਕੁਮਾਰੀ ਨੇ ਸਿਆਸੀ ਸਰਣ ਹਾਸਲ ਕਰਨ ਦੀ ਕੋਸਸਿ ਕਰਨੀ ਸੀ

ਅੱਠ ਦਿਨਾਂ ਬਾਅਦ ਜਦੋਂ ਉਹ ਭਾਰਤ ਦੇ ਤਟ ਦੇ ਨਜਦੀਕ ਪਹੁੰਚੀਆਂ ਤਾਂ ਸਭ ਕੁਝ ਮੂਧਾ ਪੈਣ ਲੱਗਿਆ।ਹਥਿਆਰਬੰਦ ਲੋਕ ਉਨ੍ਹਾਂ ਦੀ ਯੌਟ ਉੱਪਰ ਆ ਗਏ।ਦੋਵੇਂ ਸਹੇਲੀਆਂ ਕਿਸਤੀ ਦੇ ਬਾਥਰੂਮ ਵਿੱਚ ਲੁਕ ਗਈਆਂ ਜਦ ਤੱਕ ਕਿ ਧੂੰਏਂ ਦੇ ਗਰਨੇਡਾਂ ਨੇ ਉਨ੍ਹਾਂ ਨੂੰ ਬਾਹਰ ਨਿਕਲਣ ਲਈ ਮਜਬੂਰ ਨਹੀਂ ਕਰ ਦਿੱਤਾ।ਟੀਨਾ ਦੇ ਦੱਸਣ ਮੁਤਾਬਕ,"ਲਤੀਫਾ ਚੀਕਾਂ ਮਾਰ ਰਹੀ ਸੀ ਤੇ ਕਹਿ ਰਹੀ ਸੀ ਮੈਨੂੰ ਵਾਪਸ ਯੂਏਈ ਨਾ ਲੈ ਕੇ ਜਾਓ ਸਗੋਂ ਇੱਥੇ ਹੀ ਗੋਲੀ ਮਾਰ ਦਿਓ।" ਇਹ ਦੋਵਾਂ ਦਾ ਆਖਰੀ ਸਮਾਂ ਸੀ ਜਦੋਂ ਉਹ ਇਕੱਠੀਆਂ ਸਨ। ਹਾਲ ਹੀ ਵਿੱਚ ਜਾਰੀ ਕੀਤੀਆਂ ਗਈਆਂ ਇਸ ਤੋਂ ਮਗਰਲੀਆਂ ਵੀਡੀਓਜ ਵਿੱਚ ਲਤੀਫਾ ਹਥਿਆਰੰਬਦੀ ਵਿਅਕਤੀਆਂ ਦੇ ਯੌਟ ਉੱਪਰ ਆ ਜਾਣ ਦਾ ਵੇਰਵਾ ਦੇ ਰਹੇ ਹਨ। "ਮੈਂ ਲੜ ਰਹੀ ਸੀ ਕਿ ਇੱਕ ਬੰਦਾ ਆਇਆ ਉਸ ਨੇ ਮੇਰੇ ਘਸੁੰਨ ਮਾਰਿਆ ਅਤੇ ਮੇਰੀ ਬਾਂਹ ਵਿੱਚ ਟੀਕਾ ਲਗਾ ਦਿੱਤਾ।"

ਲਤੀਫਾ ਕਹਿ ਰਹੇ ਸਨ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਭਾਰਤੀ ਫੌਜ ਦੀ ਇੱਕ ਕਿਸਤੀ ਉੱਪਰ ਤਬਦੀਲ ਕਰ ਦਿੱਤਾ ਗਿਆ। ਵਰਾਂਢੇ ਵਿੱਚੋਂ ਦੀ ਮੈਨੂੰ ਇੱਕ ਵੱਡੇ ਕਮਰੇ ਵਿੱਚ ਲਿਜਾਇਆ ਗਿਆ ਜਿੱਥੇ ਮੇਰੇ ਸਾਹਮਣੇ ਚਾਰ-ਪੰਜ ਜਨਰਲ ਖੜ੍ਹੇ ਸਨ।" "ਮੈਂ ਉਨ੍ਹਾਂ ਨੂੰ ਵਾਰ-ਵਾਰ ਕਹਿ ਰਹੀ ਸੀ ਕਿ ਮੇਰਾ ਨਾਂਅ- ਲਤੀਫਾ ਅਲ ਮਖਤੂਮ ਹੈ।" "ਮੈਂ ਦੁਬਈ ਨਹੀਂ ਜਾਣਾ ਚਾਹੁੰਦੀ, ਮੈਂ ਪਨਾਹ ਚਾਹੁੰਦੀ ਹਾਂ, ਮੈਂ ਕੌਮਾਂਤਰੀ ਪਾਣੀਆਂ ਵਿੱਚ ਸੀ ਤੁਸੀਂ ਮੈਨੂੰ ਜਾਣ ਦਿਓ।" ਉਸ ਦੀਆਂ ਅਪੀਲਾਂ ਅਜਾਈਂ ਗਈਆਂ - ਅਤੇ ਲਤੀਫਾ ਦਾ ਕਹਿਣਾ ਹੈ ਕਿ ਇੱਕ ਅਮੀਰਤੀਅਨ ਕਮਾਂਡੋ ਨੇ ਉਨ੍ਹਾਂ ਨਾਲ ਖਿੱਚ-ਧੂਹ ਕੀਤੀ।"ਉਸ ਨੇ ਮੈਨੂੰ ਖਿੱਚਿਆ ਅਤੇ ਚੁੱਕ ਲਿਆ- ਉਹ ਮੇਰੇ ਨਾਲੋਂ ਬਹੁਤ ਵੱਡਾ ਸੀ।ਮੈਂ ਦਿਖਿਆ ਕਿ ਉਸਦੀ ਆਸਤੀਨ ਚੜ੍ਹੀ ਹੋਈ ਸੀ ਅਤੇ ਉਸ ਦਾ ਹਥਿਆਰ ਦਿਖ ਰਿਹਾ ਸੀ।" ਉਸ ਨੂੰ ਬੇਹੋਸ ਕਰ ਕੇ ਦੁਬਈ ਵਾਪਸ ਭੇਜ ਦਿੱਤਾ ਗਿਆ।"ਮੈਨੂੰ ਉਸ ਸਮੇਂ ਬਹੁਤ ਦੁੱਖ ਹੋਇਆ। ਮੈਨੂੰ ਲੱਗਿਆ ਜਿਸ ਅਜਾਦੀ ਨੂੰ ਹਾਸਲ ਕਰਨ ਲਈ ਮੈਂ ਇੰਨੇ ਸਾਲਾਂ ਤੋਂ ਮਿਹਨਤ ਕਰ ਰਹੀ ਸੂੀ -ਉਹ ਗਈ।ਉਸ ਸਮੇਂ ਤੋਂ ਬਾਅਦ ਮੈਂ ਇੱਥੇ ਹਾਂ ਇਕੱਲੀ।ਮੈਨੂੰ ਕੋਈ ਡਾਕਟਰੀ ਮਦਦ ਨਹੀਂ ਮਿਲ ਰਹੀ, ਕੋਈ ਸੁਣਵਾਈ ਨਹੀਂ, ਕੋਈ ਇਲਜਾਮ ਨਹੀਂ ਕੁਝ ਵੀ ਨਹੀਂ।" ਦੂਜੇ ਪਾਸੇ ਟੀਨਾ ਨੂੰ ਯੌਟ ਦੇ ਕ੍ਰਿਊ ਸਮੇਤ ਵਾਪਸ ਯੂਏਈ ਰਵਾਨਾ ਕਰ ਦਿੱਤਾ ਗਿਆ। ਫਿਰ ਉਨ੍ਹਾਂ ਨੇ ਕੌਮਾਂਤਰੀ ਮੀਡੀਆ ਨੂੰ ਇਸ ਬਾਰੇ ਦੱਸਣਾ ਸੂਰੂ ਕੀਤਾ।ਉਨ੍ਹਾਂ ਨੇ ਫਰੀ ਦਿ ਪ੍ਰਿੰਸਿਜ ਲਤੀਫਾਂ ਮੁਹਿੰਮ ਵਿੱਢੀ ਅਤੇ ਮਾਮਲਾ ਸੰਯੁਕਤ ਰਾਸਟਰ ਤੱਕ ਪਹੁੰਚਾਇਆ।

ਕਈ ਮਹੀਨਿਆਂ ਤੱਕ ਉਨ੍ਹਾਂ ਨੂੰ ਆਪਣੀ ਸਹੇਲੀ ਦੀ ਕੋਈ ਖਬਰ ਨਾ ਮਿਲੀ।ਫਿਰ ਸਾਲ 2019 ਦੇ ਮੁਢਲੇ ਦਿਨਾਂ ਵਿੱਚ ਜਦੋਂ ਉਹ ਆਪਣੇ ਪਰਿਵਾਰ ਨੂੰ ਮਿਲਣ ਫਿਨਲੈਂਡ ਗਏ ਹੋਏ ਸਨ ਤਾਂ ਇੱਕ ਅਜਨਬੀ ਦਾ ਸੁਨੇਹਾ ਮਿਲਿਆ।ਪਹਿਲਾਂ ਉਨ੍ਹਾਂ ਨੂੰ ਕੁਝ ਸੁਰੱਖਿਆ ਨਾਲ ਜੁੜੇ ਸਵਾਲਾਂ ਦੇ ਜਵਾਬ ਦੇਣੇ ਪਏ। ਕਈ ਸਾਲ ਪਹਿਲਾਂ ਟੀਨਾ ਨੇ ਲਤੀਫਾ ਨੂੰ ਬ੍ਰਾਜੀਲੀਅਨ ਮਾਰਸਨ ਆਰਟ ਸਿਖਾਇਆ ਸੀ ਫਿਰ ਉਸ ਅਜਨਬੀ ਨੇ ਟੀਨਾ ਤੋਂ ਲਤੀਫਾ ਨੂੰ ਉਸ ਸਿਖਲਾਈ ਦੌਰਾਨ ਦਿੱਤਾ ਗਿਆ ਛੋਟਾ ਨਾਂਅ ਪੁੱਛਿਆ।ਆਖਰ ਟੀਨਾ ਦੀ ਲਤੀਫਾ ਨਾਲ ਫੋਨ ਉੱਪਰ ਗੱਲ ਹੋ ਸਕੀ।ਜਦੋਂ ਮੈਂ ਪਹਿਲੀ ਵਾਰ ਉਸ ਦੀ ਅਵਾਜ ਸੁਣੀ ਤਾਂ ਮੈਂ ਖੁਦ ਨੂੰ ਰੋਕ ਨਾ ਸਕੀ ਅਤੇ ਰੋ ਪਈ ਇਹ ਬਹੁਤ ਭਾਵੁਕ ਕਰਨ ਵਾਲੇ ਪਲ ਸਨ।" ਲਤੀਫਾ ਕੁਝ ਵੀਡੀਓ ਮੈਸਜ ਰਿਕਾਰਡ ਕਰ ਸਕੇ ਸਨ।ਇਨ੍ਹਾਂ ਸੁਨੇਹਿਆਂ ਵਿੱਚ ਉਨ੍ਹਾਂ ਨੇ ਜੋ ਕਿਹਾ ਹੈ ਉਹ ਪ੍ਰੇਸਾਨ ਕਰਨ ਵਾਲਾ ਹੈ।ਲਤੀਫਾ ਹੁਣ 35 ਸਾਲਾਂ ਦੇ ਹੋ ਚੁੱਕੇ ਹਨ ਅਤੇ ਅਜਿਹਾ ਲਗਦਾ ਹੈ ਜਿਵੇਂ ਬਹੁਤ ਹੀ ਮੱਧਮ ਅਵਾਜ ਵਿੱਚ ਆਪਣੇ ਬਾਥਰੂਮ ਵਿੱਚ ਵੀਡੀਓ ਰਿਕਾਰਡ ਕਰ ਰਹੇ ਹੋਣ।"ਮੈਂ ਇਹ ਵੀਡੀਓ ਬਾਥਰੂਮ ਵਿੱਚ ਬਣਾ ਰਹੀ ਹਾਂ ਕਿਉਂਕਿ ਇਹੀ ਇੱਕ ਕਮਰਾ ਹੈ ਜਿਸ ਨੂੰ ਮੈਂ ਲੌਕ ਲਗਾ ਸਕਦੀ ਹਾਂ।ਮੈਂ ਇੱਕ ਬੰਦੀ ਹਾਂ,ਮੈਂ ਅਜਾਦ ਨਹੀਂ ਹਾਂ ਮੈਨੂੰ ਇਸ ਜੇਲ੍ਹ ਵਿੱਚ ਗੁਲਾਮ ਬਣਾ ਕੇ ਰੱਖਿਆ ਗਿਆ ਹੈ, ਮੇਰੀ ਜੰਿਦਗੀ ਮੇਰੇ ਹੱਥਾਂ ਵਿੱਚ ਨਹੀਂ ਹੈ।" ਪੀਲੀ ਪੈ ਚੁੱਕੀ ਰਾਜਕੁਮਾਰੀ ਨੇ ਬਹੁਤਾ ਸਮਾਂ ਧੁੱਪ ਤੋਂ ਪਰੇ ਬਿਤਾਇਆ ਹੈ. "ਮੈਂ ਇੱਕ ਵਿਲਾ ਵਿੱਚ ਹਾਂ,ਜਿਸ ਨੂੰ ਜੇਲ੍ਹ ਬਣਾ ਦਿੱਤਾ ਗਿਆ ਹੈ। ਸਾਰੀਆਂ ਖਿੜਕੀਆਂ ਬੰਦ ਹਨ। ਚਾਰ ਪੁਲਸ ਕਰਮੀ ਘਰ ਦੇ ਬਾਹਰ ਅਤੇ ਦੋ ਪੁਲਸਿਵਾਲੀਆਂ ਘਰ ਦੇ ਅੰਦਰ ਹਨ। ਮੈਂ ਤਾਜੀ ਹਵਾ ਲੈਣ ਲਈ ਵੀ ਘਰੋਂ ਬਾਹਰ ਨਹੀਂ ਨਿਕਲ ਸਕਦੀ।" ਵਿਲਾ ਸਮੁੰਦਰ ਤੋਂ ਕੁਝ ਹੀ ਦੂਰ ਇੱਕ ਪੌਸ ਇਲਾਕੇ ਵਿੱਚ ਹੈ। ਹਿਊਮਨ ਰਾਈਟਸ ਵਾਚ ਦੇ ਨਿਰਦੇਸਕ ਕੈਨ ਰੌਥ ਮੁਤਾਬਕ, ਇਹ ਇੱਕ ਵਿਲਾ ਹੈ ਇਸ ਲਈ ਸਾਨੂੰ ਚੁੱਪ ਕਰ ਕੇ ਨਹੀਂ ਬੈਠ ਜਾਣਾ ਚਾਹੀਦਾ।" ਇਹ ਔਰਤ ਬੰਦੀ ਬਣਾਈ ਗਈ ਹੈ। ਬੁਨਿਆਦੀ ਤੌਰ ਤੇ ਇਹ ਏਕਾਂਤ ਜੇਲ੍ਹ ਹੈ ਜਿੱਥੇ ਜੇਲਰਾਂ ਤੋਂ ਇਲਾਵਾ ਉਸ ਨਾਲ ਹੋਰ ਕੋਈ ਨਹੀਂ ਹੈ ਉਨ੍ਹਾਂ ਦੀ ਅਵਾਜ ਵਿੱਚੋਂ ਡਰ ਅਤੇ ਦਰਦ ਸਾਫ ਮਹਿਸੂਸ ਕੀਤਾ ਜਾ ਸਕਦਾ ਹੈ।"ਹਰ ਰੋਜ ਮੈਨੂੰ ਆਪਣੀ ਜਾਨ ਦੀ ਫਿਕਰ ਹੁੰਦੀ ਹੈ ਮੈਨੂੰ ਨਹੀਂ ਪਤਾ ਮੈਂ ਇਸ ਤੋਂ ਬਚ ਸਕਾਂਗੀ ਜਾਂ ਨਹੀਂ।ਪੁਲਿਸ ਨੇ ਮੈਨੂੰ ਧਮਕਾਇਆ ਹੈ ਕਿ ਮੈਂ ਸਾਰੀ ਉਮਰ ਜੇਲ੍ਹ ਵਿੱਚ ਰਹਾਂਗੀ ਤੇ ਕਦੇ ਸੂਰਜ ਨਹੀਂ ਦੇਖਾਂਗੀ। ਸੋ ਮੈਂ ਇੱਥੇ ਮਹਿਫੂਜ ਨਹੀਂ ਹਾਂ।" ਫਿਰ ਵੀ ਇਸ ਦੇ ਬਾਵਜੂਦ ਕਿ ਉਨ੍ਹਾਂ ਨੂੰ ਕੈਮਰੇ ਵਾਲੇ ਫੋਨ ਨਾਲ ਫੜਿਆ ਜਾ ਸਕਦਾ ਹੈ।ਉਨ੍ਹਾਂ ਨੇ ਆਪਣੀ ਕਹਾਣੀ ਦੱਸਣੀ ਸੂਰੂ ਕੀਤੀ।

# ਪੈਟਰੋਲ-ਡੀਜਲ ਦੀਆਂ ਕੀਮਤਾਂ 'ਚ ਵਾਧੇ 'ਤੇ ਸ਼ੋਸ਼ਲ ਮੀਡੀਆ 'ਤੇ ਲੋਕ ਘੋੜਾ-ਸਾਈਕਲ ਖਰੀਦਣ ਬਾਰੇ ਪੁੱਛ ਰਹੇ ਹਨ




ਭਾਰਤ ਵਿੱਚ ਪੈਟਰੋਲ ਤੇ ਡੀਜਲ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ। ਦੇਸ ਦੇ ਕਈ ਹਿੱਸਿਆਂ ਵਿੱਚ ਪ੍ਰਤੀ ਲੀਟਰ ਪੈਟਰੋਲ ਦੀ ਕੀਮਤ 90 ਰੁਪਏ ਤੋਂ ਵੱਧ ਚੁੱਕੀ ਹੈ। ਡੀਜਲ ਦੀ ਪ੍ਰਤੀ ਲੀਟਰ ਕੀਮਤ ਵੀ 90 ਰੁਪਏ ਦੇ ਨੇੜੇ ਹੀ ਹੈ। ਕਾਂਗਰਸ ਦੇ ਹੋਰ ਵਿਰੋਧੀ ਪਾਰਟੀਆਂ ਪੈਟਰੋਲ-ਡੀਜਲ ਦੀਆਂ ਕੀਮਤਾਂ ਵੱਧਣ ਦਾ ਮੁੱਦਾ ਚੁੱਕ ਰਹੀ ਹੈ ਤੇ ਸਰਕਾਰ ਨੂੰ ਇਸ ਲਈ ਜੰਿਮੇਵਾਰ ਦੱਸ ਰਹੀ ਹੈ। ਸੋਸਲ ਮੀਡੀਆ 'ਤੇ ਵੀ ਇਸ ਬਾਰੇ ਕਾਫੀ ਚਰਚਾ ਹੋ ਰਹੀ ਹੈ।

**ਸਰਕਾਰ ਦਾ ਕੀ ਤਰਕ ਹੈ ?**

ਪੈਟਰੋਲ ਤੇ ਡੀਜਲ ਦੀਆਂ ਵਧੀਆਂ ਕੀਮਤਾਂ ਪਿੱਛੇ ਭਾਜਪਾ ਨੇ ਕਾਰਨ ਦੱਸਿਆ ਹੈ। ਕੋਰੋਨਾਵਾਇਰਸ ਕਾਰਨ ਤੇਲ ਦੀ ਮੰਗ ਵਿੱਚ ਕਾਫੀ ਗਿਰਾਵਟ ਆਈ ਹੈ ਜਿਸ ਕਾਰਨ ਤੇਲ ਉਤਪਾਦਕ ਦੇਸਾਂ ਦੀ ਉਤਪਾਦਨ ਨੂੰ ਘਟਾ ਦਿੱਤਾ ਹੈ। ਤੇਲ ਉਤਪਾਦਨ ਕਰਨ ਵਾਲੇ ਦੇਸਾਂ ਨੇ ਇੱਕ ਆਰਟੀਫੀਸੀਅਲ ਪ੍ਰਾਈਸ ਮਕੈਨਿਜਮ ਬਣਾਇਆ ਜੋ ਤੇਲ ਦਾ ਇਸਤੇਮਾਲ ਕਰਨ ਵਾਲੇ ਦੇਸਾਂ ਲਈ ਮੁਸੀਬਤ ਬਣ ਰਿਹਾ ਹੈ। ਧਰਮਿੰਦਰ ਪ੍ਰਧਾਨ ਨੇ ਕਿਹਾ ਕਿ ਕੋਵਿਡ ਕਾਰਨ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਧਰਮਿੰਦਰ ਪ੍ਰਧਾਨ ਨੇ ਕਿਹਾ, "ਅਸੀਂ ਕੀਮਤਾਂ ਨੂੰ ਲੈ ਕੇ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ। 15 ਫਰਵਰੀ ਨੂੰ ਕਾਂਗਰਸ ਪਾਰਟੀ ਨੇ ਵਧੀਆਂ ਘਰੇਲੂ ਗੈਸ ਦੀਆਂ ਕੀਮਤਾਂ ਬਾਬਤ ਪ੍ਰੈੱਸ ਕਾਨਫਰੰਸ ਕੀਤੀ ਸੀ ਅਤੇ ਬਕਾਇਦਾ 2 ਸਿਲੰਡਰ ਰੱਖ ਕੇ ਭਾਜਪਾ ਉੱਤੇ ਸੰਕੇਤਕ ਤੌਰ 'ਤੇ ਤੰਜ ਕੱਸਿਆ ਸੀ। ਸਾਬਕਾ ਭਾਰਤੀ ਕ੍ਰਿਕਟਰ ਕੀਰਤੀ ਅਜਾਦ ਨੇ ਵੀ ਪੈਟਰੋਲ-ਡੀਜਲ ਦੀਆਂ ਵਧੀਆਂ ਕੀਮਤਾਂ ਬਾਰੇ ਟਵੀਟ ਕੀਤਾ ਹੈ।

ਉਨ੍ਹਾਂ ਨੇ ਮਈ 2014 ਅਤੇ ਫਰਵਰੀ 2021 ਦੀਆਂ ਪੈਟਰੋਲ ਤੇ ਡੀਜਲ ਦੀਆਂ ਕੀਮਤਾਂ ਦੀ ਤੁਲਨਾ ਕਰਦੀ ਇੱਕ ਅਖਬਾਰ ਦੀ ਖਬਰ ਸਾਂਝੀ ਕਰਦਿਆਂ ਲਿਖਿਆ, "ਟੈਸਟ ਮੈਚ ਵਿੱਚ ਸੈਂਕੜਾ ਪੂਰਾ ਕਰਨਾ ਬਹੁਤ ਔਖਾ ਹੈ, ਪਰ ਸਾਡੇ ਚੌਕੀਦਾਰ ਲਈ ਨਹੀਂ, ਉਹ ਬਹੁਤ ਕੁਸਲਤਾ ਨਾਲ ਕਰਦੇ ਹਨ। ਦੂਜੀ ਪਾਰੀ ਦੇ ਇੰਤਜਾਰ ਵਿੱਚ ਹਾਂ। ਕੀ ਉਹ ਡੀਜਲ ਲਈ ਵੀ ਇਹ ਵਿਸੇਸਤਾ ਹਾਸਿਲ ਕਰਨਗੇ ?" ਬਹੁਤ ਸਾਰੇ ਆਮ ਲੋਕ ਪੈਟਰੋਲ-ਡੀਜਲ ਦੀਆਂ ਵਧੀਆਂ ਕੀਮਤਾਂ ਨੂੰ ਲੈ ਕੇ ਪ੍ਰਤੀਕਰਮ ਦੇ ਰਹੇ ਹਨ। ਦੁਰਗਰਾਮ ਸ੍ਰੀਹਰੀ ਗੌੜ ਨਾਮ ਦੇ ਇੱਕ ਟਵਿੱਟਰ ਯੂਜਰ ਨੇ ਯੋਗ ਗੁਰੂ ਬਾਬਾ ਰਾਮਦੇਵ ਦਾ ਕਥਿਤ ਪੁਰਾਣਾ ਟਵੀਟ ਸਾਂਝਾ ਕੀਤਾ ਜਿਸ ਵਿੱਚ ਲਿਖਿਆ ਹੋਇਆ ਹੈ ਕਿ ਜੇਕਰ ਕਾਲਾਧਨ ਵਾਪਸ ਆਵੇ ਤਾਂ ਪੈਟਰੋਲ 30 ਰੁਪਏ ਵਿੱਚ ਮਿਲੇਗਾ।

ਇਸ ਟਵੀਟ 'ਤੇ ਚੁਟਕੀ ਲੈਂਦਿਆਂ, ਸ੍ਰੀਹਰੀ ਗੌੜ ਨੇ ਲਿਖਿਆ, "ਕਿੱਥੇ ਹਨ ਬਾਬਾ ਰਾਮਦੇਵ ? ਪੈਟਰੋਲ ਦੀ ਕੀਮਤ 100 ਰੁਪਏ ਪ੍ਰਤੀ ਲੀਟਰ ਕਿਉਂ ਹੈ ?" ਅਵਿਨਾਸ ਖੈਰਨਰ ਨਾਮੀਂ ਇੱਕ ਟਵਿਟਰ ਯੂਜਰ ਨੇ ਨਾਸਿਕ ਵਿੱਚ ਪੈਟਰੋਲ ਦੀਆਂ ਕੀਮਤਾਂ ਬਾਰੇ ਗੂਗਲ ਸਰਚ ਦਾ ਸਕਰੀਨ ਸਾਟ ਸਾਂਝਾ ਕੀਤਾ ਹੈ। ਉਨ੍ਹਾਂ ਇਸ ਦੇ ਨਾਲ ਲਿਖਿਆ, "ਅੱਛੇ ਦਿਨਾਂ ਲਈ ਧੰਨਵਾਦ ਨਰਿੰਦਰ ਮੋਦੀ ਜੀ, ਅਸੀਂ ਇਹ ਜਿੰਦਗੀ ਭਰ ਨਹੀਂ ਭੁੱਲਾਂਗੇ।" ਇੱਕ ਖੇਡ ਪੱਤਰਕਾਰ ਰਾਜਾਰਸੀ ਮਜੂੰਮਦਰ ਨੇ ਪੈਟਰੋਲ-ਡੀਜਲ ਦੀਆਂ ਕੀਮਤਾਂ ਦਾ ਇੱਕ ਚਾਰਟ ਸਾਂਝਾ ਕਰਦਿਆਂ ਲਿਖਿਆ, "ਇਨ੍ਹਾਂ ਕੀਮਤਾਂ ਵੱਲ ਵੇਖੋ, ਲਗਦਾ ਹੈ ਫਿਰ ਤੋਂ ਸਾਈਕਲ ਖਰੀਦਣ ਦਾ ਸਮਾਂ ਆ ਗਿਆ ਹੈ।" ਟਵਿਟਰ ਯੂਜਰ ਯੋਗੇਸ ਨੇ ਲਿਖਿਆ, "ਮੈਂ ਚੇਨੱਈ ਵਿੱਚ ਇੱਕ ਤੰਦਰੁਸਤ ਘੋੜਾ ਕਿੱਥੋਂ ਖਰੀਦ ਸਕਦਾ ਹਾਂ ? ਨਹੀਂ ਲਗਦਾ ਕਿ ਹੁਣ ਆਪਣੇ ਵਾਹਨ ਲਈ ਪੈਟਰੋਲ ਖਰੀਦ ਸਕਾਂਗਾ। ਦਫਤਰ ਜਾਣ ਲਈ ਟਰਾਂਸਪੋਰਟ ਦਾ ਸਾਧਨ ਬਦਲਣ ਦਾ ਸਮਾਂ ਆ ਗਿਆ ਹੈ।" ਭਾਨੂੰ ਪ੍ਰਤਾਪ ਨਾਮੀਂ ਟਵਿੱਟਰ ਯੂਜਰ ਨੇ ਚੁਟਕੀ ਲੈਂਦੇ ਲਿਖਿਆ, "ਆਖਿਰ ਅੱਛੇ ਦਿਨ ਆ ਗਏ, ਮੁਬਾਰਕਾਂ ਭਾਰਤ।" ਭਾਰਤ ਵਿੱਚ ਪੈਟਰੋਲ ਤੇ ਡੀਜਲ ਦੀਆਂ ਕੀਮਤਾਂ ਪਿੱਛੇ ਕੱਚੇ ਤੇਲ ਦੀਆਂ ਕੀਮਤਾਂ, ਰਿਫਾਇਨਰੀ ਦੀ ਕੀਮਤ, ਮਾਰਕੀਟਿੰਗ ਕੰਪਨੀਆਂ ਦਾ ਹਿੱਸਾ, ਐਕਸਾਈਜ ਡਿਊਟੀ ਅਤੇ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਲਾਇਆ ਜਾਂਦਾ ਵੈਟ ਸਾਮਲ ਹੈ। ਜਦੋਂ ਇਹ ਸਾਰੀਆਂ ਗੱਲਾਂ ਆ ਜਾਂਦੀਆਂ ਹਨ ਤਾਂ ਕਈ ਤਰ੍ਹਾਂ ਦੇ ਟੈਕਸ ਤੋਂ ਬਾਅਦ ਤੇਲ ਦੀਆਂ ਰਿਟੇਲ ਕੀਮਤਾਂ ਸਾਹਮਣੇ ਆਉਂਦੀਆਂ ਹਨ ਤੇ ਆਮ ਇਨਸਾਨ ਨੂੰ ਰੋਜਾਨਾ ਦੀਆਂ ਲੋੜਾਂ ਲਈ ਇਹ ਕੀਮਤ ਅਦਾ ਕਰਨੀ ਪੈਂਦੀ ਹੈ। ਐਕਸਾਈਜ ਡਿਊਟੀ ਉਹ ਟੈਕਸ ਹੈ ਜਿਹੜਾ ਸਰਕਾਰ ਵੱਲੋਂ ਮੁਲਕ ਵਿੱਚ ਤਿਆਰ ਹੁੰਦੇ ਮਾਲ (ਗੁਡਸ) ਉੱਤੇ ਲਗਾਇਆ ਜਾਂਦਾ ਹੈ ਤੇ ਇਹ ਟੈਕਸ ਕੰਪਨੀਆਂ ਅਦਾ ਕਰਦੀਆਂ ਹਨ। ਵੈਟ (ਵੈਲਿਊ ਐਡਿਡ ਟੈਕਸ) ਕਿਸੇ ਸਮਾਨ ਉੱਤੇ ਵੱਖ-ਵੱਖ ਪੜਾਅ 'ਤੇ ਲਗਾਇਆ ਜਾਂਦਾ ਹੈ।



# ਕੀ ਹੈ ਯੂਏਪੀਏ ਕਾਨੂੰਨ ਜਿਸ ਤਹਿਤ ਦਰਜ 97.8 ਫੀਸਦ ਮਾਮਲਿਆਂ ਵਿੱਚ ਇਲਜ਼ਾਮ ਤੈਅ ਨਹੀਂ ਹੋ ਸਕੇ

ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਯਾਨੀ 'ਯੂਏਪੀਏ' ਅਤੇ ਦੇਸਧ੍ਰੋਹ ਅਰਥਾਤ ਇੰਡੀਅਨ ਪੀਨਲ ਕੋਡ ਦੀ ਧਾਰਾ 124-ਏ ਦੇ ਸਭ ਤੋਂ ਵੱਧ ਮਾਮਲੇ 2016 ਤੋਂ 2019 ਦਰਮਿਆਨ ਹੀ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚੋਂ 5,922 ਕੇਸ ਇਕੱਲੇ 'ਯੂਏਪੀਏ' ਤਹਿਤ ਦਰਜ ਕੀਤੇ ਗਏ ਹਨ। ਇਹ ਜਾਣਕਾਰੀ ਨੈਸਨਲ ਕ੍ਰਾਈਮ ਰਿਕਾਰਡ ਬਿਊਰੋ ਯਾਨੀ 'ਐਨਸੀਆਰਬੀ' ਦੀ ਤਾਜਾ ਰਿਪੋਰਟ ਵਿੱਚ ਦਿੱਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਸਮੇਂ ਦੌਰਾਨ ਕੁਲ 132 ਵਿਅਕਤੀਆਂ ਖਲਿਾਫ ਹੀ ਆਰੋਪ ਤੈਅ ਹੋ ਪਾਏ ਹਨ। ਇੱਕ ਸਵਾਲ ਦੇ ਜਵਾਬ ਵਿੱਚ, ਕੇਂਦਰੀ ਗ੍ਰਹਿ ਰਾਜ ਮੰਤਰੀ, ਕਿਸਨ ਰੈਡੀ ਨੇ ਰਾਜਸਭਾ ਨੂੰ ਦੱਸਿਆ ਕਿ ਇਹ ਅੰਕੜੇ ਇਹ ਨਹੀਂ ਦਰਸਾਉਂਦੇ ਹਨ ਕਿ ਜਿਨ੍ਹਾਂ ਦੇ ਖਿਲਾਫ ਯੂਏਪੀਏ ਤਹਿਤ ਕੇਸ ਦਰਜ ਕੀਤੇ ਗਏ ਹਨ ਉਹ ਕਿਹੜੇ ਭਾਈਚਾਰੇ ਜਾਂ ਜਾਤੀ ਸਮੂਹ ਤੋਂ ਹਨ ।ਨ੍ਹਾਂ ਕਿਹਾ ਕਿ ਰਿਪੋਰਟ ਵਿੱਚ ਇਹ ਵੀ ਸਪੱਸਟ ਨਹੀਂ ਕੀਤਾ ਗਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ ਕਿੰਨੇ ਉਹ ਹਨ ਜਿਨ੍ਹਾਂ ਦਾ ਕੰਮ ਨਾਗਰਿਕ ਅਧਿਕਾਰਾਂ ਲਈ ਲੜਨਾ ਹੈ। ਰੈਡੀ ਨੇ 'ਐਨਸੀਆਰਬੀ' ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸਦਨ ਨੂੰ ਇਹ ਵੀ ਦੱਸਿਆ ਕਿ ਸਿਰਫ 2019 ਵਿੱਚ ਹੀ ਯੂਏਪੀਏ ਤਹਿਤ ਪੂਰੇ ਦੇਸ ਵਿੱਚ 1,948 ਕੇਸ ਦਰਜ ਕੀਤੇ ਗਏ ਹਨ। ਅੰਕੜੇ ਦਰਸਾਉਂਦੇ ਹਨ ਕਿ ਇਸ ਸਾਲ ਸਰਕਾਰੀ ਵਕੀਲ ਕਿਸੇ ਉੱਤੇ ਵੀ ਆਰੋਪ ਸਾਬਤ ਕਰਨ ਵਿੱਚ ਅਸਫਲ ਰਹੇ, ਜਿਸ ਕਾਰਨ 64 ਲੋਕਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ।

**ਕੀ ਹੈ ਯੂਏਪੀਏ ਕਾਨੂੰਨ ?**

ਇਹ ਕਾਨੂੰਨ ਭਾਰਤ ਵਿੱਚ ਗੈਰ ਕਾਨੂੰਨੀ ਗਤੀਵਿਧੀਆਂ 'ਤੇ ਨਕੇਲ ਕਸਣ ਲਈ 1967 ਵਿੱਚ ਲਿਆਂਦਾ ਗਿਆ ਸੀ। ਇਸਦਾ ਮੁੱਖ ਉਦੇਸ ਭਾਰਤ ਦੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਵਾਲੀਆਂ ਗਤੀਵਿਧੀਆਂ 'ਤੇ ਰੋਕ ਲਗਾਉਣ ਲਈ ਸਰਕਾਰ ਨੂੰ ਜਿਆਦਾ ਅਧਿਕਾਰ ਦੇਣਾ ਸੀ। ਸੈਂਟਰਲ ਯੂਨੀਵਰਸਿਟੀ ਆਫ ਸਾਊਥ ਬਿਹਾਰ ਵਿੱਚ ਯੂਏਪੀਏ ਐਕਟ 'ਤੇ ਰਿਸਰਚ ਕਰ ਰਹੇ ਰਮੀਜੁਰ ਰਹਿਮਾਨ ਦੱਸਦੇ ਹਨ ਕਿ ਇਹ ਕਾਨੂੰਨ ਦਰਅਸਲ ਇੱਕ ਸਪੈਸਲ ਕਾਨੂੰਨ ਹੈ ਜੋ ਵਿਸੇਸ ਸਥਿਤੀਆਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ। ਭਾਰਤ ਵਿੱਚ ਵਰਤਮਾਨ ਵਿੱਚ ਯੂਏਪੀਏ ਐਕਟ ਇੱਕੋ ਇੱਕ ਅਜਿਹਾ ਕਾਨੂੰਨ ਹੈ ਜੋ ਮੁੱਖ ਰੂਪ ਨਾਲ ਗੈਰਕਾਨੂੰਨੀ ਅਤੇ ਅੱਤਵਾਦ ਨਾਲ ਜੁੜੀਆਂ ਗਤੀਵਿਧੀਆਂ 'ਤੇ ਲਾਗੂ ਹੁੰਦਾ ਹੈ।" ਉਨ੍ਹਾਂ ਕਿਹਾ, "ਅਜਿਹੇ ਕਈ ਅਪਰਾਧ ਸਨ ਜਿਨ੍ਹਾਂ ਦਾ ਆਈਪੀਸੀ ਵਿੱਚ ਜਕਿਰ ਨਹੀਂ ਸੀ, ਇਸ ਲਈ 1967 ਵਿੱਚ ਇਸਦੀ ਜਰੂਰਤ ਮਹਿਸੂਸ ਕੀਤੀ ਗਈ ਅਤੇ ਇਹ ਕਾਨੂੰਨ ਲਿਆਂਦਾ ਗਿਆ।" "ਜਿਵੇਂ ਗੈਰ ਕਾਨੂੰਨੀ ਅਤੇ ਅੱਤਵਾਦ ਨਾਲ ਜੁੜੀਆਂ ਗਤੀਵਿਧੀਆਂ, ਅੱਤਵਾਦੀ ਗਿਰੋਹ ਅਤੇ ਅੱਤਵਾਦੀ ਸੰਗਠਨ ਕੀ ਹਨ ਅਤੇ ਕੌਣ ਹਨ, ਯੂਏਪੀਏ ਐਕਟ ਇਸ ਨੂੰ ਸਪੱਸਟ ਰੂਪ ਨਾਲ ਪਰਿਭਾਸਤਿ ਕਰਦਾ ਹੈ।"

**'ਵਿਰੋਧ ਨੂੰ ਦਬਾਉਣ ਲਈ ਕਾਨੂੰਨ ਦੀ ਵਰਤੋਂ'**

ਪੀਪਲਜ ਯੂਨੀਅਨ ਫਾਰ ਸਿਵਿਲ ਲਿਬਰਟੀਜ (ਪੀਯੂਸੀਐਲ) ਦੀ ਲਾਰਾ ਜੇਸਾਨੀ ਦੇ ਅਨੁਸਾਰ, ਵਿਰੋਧ ਦੀ ਆਵਾਜਾਂ ਨੂੰ ਦਬਾਉਣ ਲਈ ਯੂਏਪੀਏ ਅਤੇ ਦੇਸ ਧ੍ਰੋਹ ਦੇ ਕੇਸਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਇੱਕ ਵੈਬਸਾਈਟ ਦੇ ਅਨੁਸਾਰ, ਉਨ੍ਹਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ 'ਤੇ ਇਨ੍ਹਾਂ ਮਾਮਲਿਆਂ ਵਿੱਚ ਇਲਜਾਮ ਲਗਾਇਆ ਜਾਂਦਾ ਹੈ, ਉਹ ਪ੍ਰਕ੍ਰਿਆ ਜਿਸ ਵਿੱਚੋਂ ਉਨ੍ਹਾਂ ਨੂੰ ਲੰਘਣਾ ਪੈਂਦਾ ਹੈ, ਆਪਣੇ ਆਪ ਵਿੱਚ ਇੱਕ ਸਜਾ ਤੋਂ ਘੱਟ ਨਹੀਂ ਹੈ। ਜੈਸਾਨੀ ਦੇ ਅਨੁਸਾਰ, ਸਾਰੇ ਮਾਮਲਿਆਂ ਦੇ ਅਧਿਐਨ 'ਤੇ ਇੱਕ ਵਿਸੇਸ 'ਪੈਟਰਨ' ਸਾਹਮਣੇ ਆਇਆ ਹੈ। ਉਹ ਲਿਖਦੇ ਹਨ, "ਜੇ ਸਾਜਸਿ ਰਚਣ ਦਾ ਇਲਜਾਮ ਹੈ ਤਾਂ ਯੂ.ਏ.ਪੀ.ਏ. ਲਗਾਇਆ ਜਾਵੇਗਾ। ਇਨ੍ਹਾਂ ਮਾਮਲਿਆਂ ਵਿੱਚ ਜਦੋਂ ਮੁਕੱਦਮਾ ਚਲਾਉਣ ਵਾਲੇ ਆਰੋਪ ਸਾਬਤ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਹ ਸਪੱਸਟ ਹੁੰਦਾ ਹੈ ਕਿ ਇਹ ਇਲਜਾਮ ਇਸ ਲਈ ਲਗਾਏ ਗਏ ਹਨ ਤਾਂ ਕਿ ਲੋਕਾਂ ਨੂੰ ਤੰਗ ਪ੍ਰੇਸਾਨ ਕੀਤਾ ਜਾ ਸਕੇ। ਬਹੁਤ ਸਾਰੇ ਮਾਮਲਿਆਂ ਵਿਚ ਮੁਕੱਦਮੇ ਦੌਰਾਨ ਮੁਲਜਮ ਖਿਲਾਫ ਸਮੇਂ ਸਿਰ ਸੁਣਵਾਈ ਵੀ ਸੂਰੂ ਨਹੀਂ ਕੀਤੀ ਜਾਂਦੀ ਹੈ।" ਪਰ ਗ੍ਰਹਿ ਰਾਜ ਮੰਤਰੀ ਕਿਸਨ ਰੈਡੀ ਦੇ ਅਨੁਸਾਰ, ਇਹ ਕਹਿਣਾ ਮੁਸਕਲ ਹੈ ਕਿ ਨਾਗਰਿਕ ਅਧਿਕਾਰਾਂ ਲਈ ਲੜਨ ਵਾਲਿਆਂ 'ਤੇ ਹੀ ਇਨ੍ਹਾਂ ਕਾਨੂੰਨਾਂ ਤਹਿਤ ਕਾਰਵਾਈ ਕੀਤੀ ਗਈ ਹੈ। ਉਹ ਕਹਿੰਦੇ ਹਨ ਕਿ ਇਹ ਮੁਸਕਲ ਵੀ ਹੈ ਕਿਉਂਕਿ 'ਐਨਸੀਆਰਬੀ' ਨੇ ਵੱਖਰੇ ਤੌਰ 'ਤੇ ਮੁਲਾਂਕਣ ਨਹੀਂ ਕੀਤਾ ਹੈ ਕਿ ਜਿਨ੍ਹਾਂ 'ਤੇ ਮਾਮਲੇ ਦਰਜ ਹੋਏ ਹਨ ਉਹ ਕੌਣ ਹਨ ਅਤੇ ਕਿਸ ਕੰਮ ਨਾਲ ਜੁੜੇ ਹਨ।

**ਯੂਏਪੀਏ 'ਤੇ ਮਾਹਰਾਂ ਦੀ ਰਾਏ ਕੀ ਹੈ ?**

ਯੂਏਪੀਏ ਮੁਲਜਮਾਂ ਦਾ ਕੇਸ ਲੜਨ ਵਾਲੇ ਮਸਹੂਰ ਵਕੀਲ ਸੌਜਨਿਆ ਨੇ ਬੀਬੀਸੀ ਨੂੰ ਦੱਸਿਆ ਕਿ ਅਦਾਲਤ ਨੇ ਹਾਲੇ ਤੱਕ ਯੂਏਪੀਏ ਅਤੇ ਦੇਸਧ੍ਰੋਹ ਵਰਗੇ ਕਾਨੂੰਨਾਂ ਦੀ ਸੰਵਿਧਾਨਕ ਮਾਨਤਾ ਬਾਰੇ ਕੋਈ ਨਿਰਦੇਸ ਜਾਰੀ ਨਹੀਂ ਕੀਤਾ ਹੈ। ਉਹ ਕਹਿੰਦੇ ਹਨ, "ਇਨ੍ਹਾਂ ਕਾਨੂੰਨਾਂ ਨੂੰ ਚੁਣੌਤੀ ਵੀ ਦਿੱਤੀ ਗਈ ਹੈ, ਪਰ ਅਜੇ ਤੱਕ ਇਨ੍ਹਾਂ 'ਤੇ ਕੋਈ ਪਾਬੰਦੀਆਂ ਨਹੀਂ ਲਗਾਈਆਂ ਗਈਆਂ ਹਨ।" ਉਹ ਕਹਿੰਦੇ ਹਨ, "ਜਿੱਥੋਂ ਤੱਕ ਆਰੋਪ ਸਾਬਤ ਹੋਣ ਦਾ ਸਬੰਧ ਹੈ, ਇਸ ਕੇਸ ਵਿੱਚ ਬਹੁਤ ਸਾਰੀਆਂ ਪੇਚਾਂ ਹਨ ਅਤੇ ਇਸਤਗਾਸਾ ਅਧਿਕਾਰੀਆ ਨੂੰ ਉਹਨਾਂ ਨੂੰ ਸਾਬਤ ਕਰਨ ਲਈ ਬਹੁਤ ਜਤਨ ਕਰਨੇ ਪੈਣਗੇ। ਲੰਬੀ ਸੁਣਵਾਈ ਕਰਕੇ, ਇਸਤਗਾਸਾ ਗਵਾਹਾਂ ਦੇ ਬਿਆਨ ਵੀ ਬਦਲਦੇ ਰਹਿੰਦੇ ਹਨ, ਜੋ ਕਿ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਹੈ।" ਇਸ ਦੇ ਨਾਲ ਹੀ ਸੀਨੀਅਰ ਵਕੀਲ ਬਦਰੀਨਾਥ, ਜਿਨ੍ਹਾਂ ਨੇ ਇਨ੍ਹਾਂ ਮਾਮਲਿਆਂ 'ਤੇ ਅਦਾਲਤਾਂ ਵਿੱਚ ਦਲੀਲ ਦਿੱਤੀ ਹੈ, ਦਾ ਇਹ ਵੀ ਕਹਿਣਾ ਹੈ ਕਿ ਜੇ ਯੂਏਪੀਏ ਤਹਿਤ ਕੇਸ ਦਰਜ ਕੀਤਾ ਗਿਆ ਹੈ, ਤਾਂ ਇਹ ਗਲਤ ਹੀ ਹੋਵੇਗਾ, ਅਜਿਹਾ ਕਹਿਣਾ ਸਹੀ ਨਹੀਂ ਹੋਵੇਗਾ। ਉਹ ਕਹਿੰਦੇ ਹਨ, "ਵੱਖ-ਵੱਖ ਮੁਲਜਮਾਂ ਦੇ ਕੇਸ ਵੱਖ-ਵੱਖ ਸਬੂਤਾਂ ਦੇ ਅਧਾਰ 'ਤੇ ਹੁੰਦੇ ਹਨ। ਕਿਸੀ ਇੱਕ ਮਾਮਲੇ ਨੂੰ ਲੈ ਕੇ ਇਹ ਕਹਿਣਾ ਕਿ ਸਾਰੇ ਹੀ ਮਾਮਲਿਆਂ 'ਚ ਗਲਤ ਹੋਇਆ ਹੈ, ਸਹੀ ਨਹੀਂ ਹੈ। ਇਨ੍ਹਾਂ ਕੇਸਾਂ ਵਿੱਚ ਮੁਕੱਦਮਾ ਚਲਾਉਣ ਲਈ ਵੀ ਮੁਸਕਲ ਹੁੰਦੀ ਹੈ ਕਿ ਸਬੂਤ ਅਤੇ ਗਵਾਹਾਂ ਨੂੰ ਅਦਾਲਤ ਵਿੱਚ ਦ੍ਰਿੜਤਾ ਨਾਲ ਰੱਖਿਆ ਜਾ ਸਕੇ। ਹੁਣ ਤੱਕ, ਅਦਾਲਤਾਂ ਨੇ ਇਨ੍ਹਾਂ ਮਾਮਲਿਆਂ ਵਿੱਚ ਨਿਆਂ ਹੀ ਕੀਤਾ ਹੈ।" ਸੀਨੀਅਰ ਵਕੀਲ ਤਾਰਾ ਨਰੂਲਾ ਯੂਏਪੀਏ ਨਾਲ ਜੁੜੇ ਮਾਮਲਿਆਂ ਦੀ ਵੀ ਨੇੜਿਓਂ ਨਜਰ ਰੱਖਦੇ ਹਨ। ਉਨ੍ਹਾਂ ਨੇ ਅਦਾਲਤ ਵਿੱਚ ਇਨ੍ਹਾਂ ਇਲਜਾਮਾਂ ਨਾਲ ਜੁੜੇ ਕਈ ਕੇਸ ਲੜੇ ਹਨ। ਉਨ੍ਹਾਂ ਨੇ ਬੀਬੀਸੀ ਨੂੰ ਕਿਹਾ, "ਇਲਜਾਮ ਲੱਗਦੇ ਰਹੇ ਹਨ ਕਿ ਸਰਕਾਰਾਂ ਵਿਰੋਧ ਦੀ ਆਵਾਜਾਂ ਨੂੰ ਸਾਂਤ ਕਰਨ ਲਈ ਯੂਏਪੀਏ ਜਾਂ ਦੇਸਧ੍ਰੋਹ ਵਰਗੇ ਕਾਨੂੰਨਾਂ ਦੀ ਵਰਤੋਂ ਕਰ ਰਹੀਆਂ ਹਨ। ਕਾਨੂੰਨ ਪ੍ਰਣਾਲੀ ਰਾਜ ਸਰਕਾਰਾਂ ਦਾ ਵਿਸਾ ਹੈ, ਇਸ ਲਈ ਸਿਰਫ ਕੇਂਦਰ ਸਰਕਾਰ ਹੀ ਜੰਮਿਵਾਰ ਨਹੀਂ ਹੈ।" ਇਸ ਦੇ ਨਾਲ ਹੀ, ਸੰਵਿਧਾਨਕ ਮਾਹਰ ਅਤੇ ਸੁਪਰੀਮ ਕੋਰਟ ਦੇ ਵਕੀਲ ਵਿਰਾਗ ਗੁਪਤਾ ਦਾ ਕਹਿਣਾ ਹੈ ਕਿ ਸਿਰਫ ਯੂਏਪੀਏ ਅਤੇ ਦੇਸ ਧ੍ਰੋਹ ਦੇ ਕਾਨੂੰਨ ਦੇ ਅੰਕੜੇ ਨੂੰ ਵੱਖਰੇ ਤੌਰ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ। ਉਹ ਕਹਿੰਦੇ ਹਨ, "ਉਨ੍ਹਾਂ ਦੀ ਤੁਲਨਾ ਦੇਸ ਵਿੱਚ ਹੋਏ ਹੋਰਨਾਂ ਅਪਰਾਧਾਂ ਨਾਲ ਵੀ ਕੀਤੀ ਜਾਣੀ ਚਾਹੀਦੀ ਹੈ, ਤਾਂ ਹੀ ਪਤਾ ਲੱਗ ਸਕੇਗਾ ਕਿ ਇਨ੍ਹਾਂ ਜੁਰਮਾਂ ਵਿੱਚ ਆਰੋਪ ਸਾਬਤ ਹੋਣ ਦੀ ਅਸਲ ਪ੍ਰਤੀਸਤਤਾ ਕੀ ਹੈ।" ਵਿਰਾਗ ਗੁਪਤਾ ਦਾ ਕਹਿਣਾ ਹੈ ਕਿ ਅੰਕੜਿਆਂ ਨੂੰ ਵੱਖਰੇ ਤੌਰ 'ਤੇ ਵੇਖਣ 'ਤੇ ਅਸਲ ਤਸਵੀਰ ਦਾ ਪਤਾ ਨਹੀਂ ਚੱਲਦਾ। ਉਹ ਕਹਿੰਦੇ ਹਨ, "ਹੋਰ ਅਪਰਾਧਿਕ ਮਾਮਲਿਆਂ ਵਿੱਚ ਮੁਕੱਦਮਾ ਕਰਨ ਵਾਲੇ ਪੱਖ ਦੀ ਸਫਲਤਾ ਦਾ ਮੁਲਾਂਕਣ ਕਰਨਾ ਵੀ ਮਹੱਤਵਪੂਰਨ ਹੈ, ਤਦ ਹੀ ਤੁਸੀਂ ਪਤਾ ਲਗਾ ਸਕੋਗੇ ਕਿ ਯੂਏਪੀਏ ਅਤੇ ਦੇਸ ਧ੍ਰੋਹ ਦੇ ਕੇਸਾਂ ਦੀ ਤੁਲਨਾ ਵਿੱਚ ਉਨ੍ਹਾਂ ਦੀ ਸਥਿਤੀ ਕੀ ਹੈ। ਪੱਤਰਕਾਰ ਕੁਨਾਲ ਪੁਰੋਹਿਤ ਨੇ ਇਨ੍ਹਾਂ ਮਾਮਲਿਆਂ ਬਾਰੇ ਖੋਜ ਕੀਤੀ ਹੈ। ਇਸ ਨਾਲ ਜੁੜੀ ਉਨ੍ਹਾਂ ਦੀ ਰਿਪੋਰਟ 'ਨਿਊਜ ਕਲਿੱਕ' ਪੋਰਟਲ ਦੁਆਰਾ ਪ੍ਰਕਾਸਤ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ 2014 ਤੋਂ ਲੈ ਕੇ ਹੁਣ ਤੱਕ ਇਸ ਤਰ੍ਹਾਂ ਦੇ 96 ਫੀਸਦ ਮਾਮਲੇ ਸਰਕਾਰ ਅਤੇ ਰਾਜਨੇਤਾਵਾਂ ਦੀ ਅਲੋਚਨਾ ਲਈ ਦਾਇਰ ਕੀਤੇ ਗਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਜਿਨ੍ਹਾਂ ਰਾਜਾਂ ਵਿਚ ਅਜਿਹੇ ਮਾਮਲੇ ਸਭ ਤੋਂ ਜਿਆਦਾ ਸਾਹਮਣੇ ਆਏ ਹਨ, ਉਹ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ, ਕਰਨਾਟਕ ਅਤੇ ਝਾਰਖੰਡ ਹਨ।"




## ਅੱਤਵਾਦੀ ਕੌਣ ਹਨ ਅਤੇ ਕੀ ਹਨ ਅੱਤਵਾਦ

ਯੂਏਪੀਏ ਐਕਟ ਦੇ ਸੈਕਸਨ 15 ਅਨੁਸਾਰ ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ, ਆਰਥਿਕ ਸੁਰੱਖਿਆ ਜਾਂ ਪ੍ਰਭੂਸੱਤਾ ਨੂੰ ਸੰਕਟ ਵਿੱਚ ਪਾਉਣ ਜਾਂ ਸੰਕਟ ਵਿੱਚ ਪਾਉਣ ਦੀ ਸੰਭਾਵਨਾ ਦੇ ਇਰਾਦੇ ਨਾਲ ਭਾਰਤ ਵਿੱਚ ਜਾਂ ਵਿਦੇਸ ਵਿੱਚ ਜਨਤਾ ਜਾਂ ਜਨਤਾ ਦੇ ਕਿਸੇ ਤਬਕੇ ਵਿੱਚ ਦਹਿਸਤ ਫੈਲਾਉਣ ਜਾਂ ਦਹਿਸਤ ਫੈਲਾਉਣ ਦੀ ਸੰਭਾਵਨਾ ਦੇ ਇਰਾਦੇ ਨਾਲ ਕੀਤਾ ਗਿਆ ਕਾਰਜ 'ਅੱਤਵਾਦੀ ਕਾਰਜ' ਹੈ। ਇਸ ਪਰਿਭਾਸਾ ਵਿੱਚ ਬੰਬ ਧਮਾਕਿਆਂ ਤੋਂ ਲੈ ਕੇ ਜਾਅਲੀ ਨੋਟਾਂ ਦਾ ਕਾਰੋਬਾਰ ਤੱਕ ਸਾਮਲ ਹਨ। ਅੱਤਵਾਦ ਅਤੇ ਅੱਤਵਾਦੀ ਦੀ ਸਪੱਸਟ ਪਰਿਭਾਸਾ ਦੇਣ ਦੀ ਬਜਾਏ ਯੂਏਪੀਏ ਐਕਟ ਵਿੱਚ ਸਿਰਫ ਇੰਨਾ ਹੀ ਕਿਹਾ ਗਿਆ ਹੈ ਕਿ ਇਨ੍ਹਾਂ ਦੇ ਅਰਥ ਸੈਕਸਨ 15 ਵਿੱਚ ਦਿੱਤੀ ਗਈ 'ਅੱਤਵਾਦੀ ਕਾਰਜ' ਦੀ ਪਰਿਭਾਸਾ ਮੁਤਾਬਿਕ ਹੋਣਗੇ। ਜੇ ਅਸੀਂ ਸਾਲ 2018 ਦੀ ਗੱਲ ਕਰੀਏ ਤਾਂ ਯੂਏਪੀਏ ਦੇ ਤਹਿਤ ਕੇਸ ਦਰਜ ਕਰਨ ਵਾਲੇ 1,421 ਲੋਕਾਂ ਵਿੱਚੋਂ, ਸਿਰਫ ਚਾਰ ਮਾਮਲਿਆਂ ਵਿੱਚ, ਇਸਤਗਾਸਾ ਉਸ ਵਿਅਕਤੀ ਖਲਿਾਫ ਇਲਜਾਮ ਤੈਅ ਕਰਨ ਵਿੱਚ ਕਾਮਯਾਬ ਰਿਹਾ, ਜਦੋਂ ਕਿ ਉਨ੍ਹਾਂ ਵਿੱਚੋਂ 68 ਲੋਕਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ। ਇਨ੍ਹਾਂ ਅੰਕੜਿਆਂ ਨੂੰ ਵੇਖਦਿਆਂ ਇਹ ਵੀ ਪਤਾ ਲੱਗਦਾ ਹੈ ਕਿ ਸਾਲ 2016 ਤੋਂ 2019 ਦੌਰਾਨ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ, ਇਸ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਦੋ ਫੀਸਦ ਤੋਂ ਵੱਧ ਅਜਿਹੇ ਹਨ ਜਿਨ੍ਹਾਂ ਖਲਿਾਫ ਆਰੋਪ ਤੈਅ ਕੀਤੇ ਜਾ ਸਕਦੇ ਹਨ। ਇਸੇ ਤਰ੍ਹਾਂ, 2019 ਵਿੱਚ, ਭਾਰਤੀ ਦੰਡ ਵਿਧਾਨ ਦੀ ਧਾਰਾ 124-ਏ ਦੇ ਤਹਿਤ ਕੁੱਲ 96 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ ਸਿਰਫ ਦੋ ਲੋਕਾਂ 'ਤੇ ਹੀ ਆਰੋਪ ਲਗਾਏ ਜਾ ਸਕੇ ਸਨ, ਜਦੋਂ ਕਿ 29 ਮੁਲਜਮਾਂ ਨੂੰ ਬਰੀ ਕਰ ਦਿੱਤਾ ਗਿਆ। ਸੈਕਸਨ 35 ਵਿੱਚ ਇਸਦੇ ਅੱਗੇ ਵਧ ਕੇ ਸਰਕਾਰ ਨੂੰ ਇਹ ਹੱਕ ਦਿੱਤਾ ਗਿਆ ਹੈ ਕਿ ਕਿਸੇ ਵਿਅਕਤੀ ਜਾਂ ਸੰਗਠਨ ਨੂੰ ਮੁਕੱਦਮੇ ਦਾ ਫੈਸਲਾ ਹੋਣ ਤੋਂ ਪਹਿਲਾਂ ਹੀ 'ਅੱਤਵਾਦੀ' ਕਰਾਰ ਦੇ ਸਕਦੀ ਹੈ। ਯੂਏਪੀਏ ਐਕਟ ਨਾਲ ਜੁੜੇ ਮਾਮਲੇ ਦੇਖਣ ਵਾਲੇ ਐਡਵੋਕੇਟ ਪਾਰੀ ਵੇਂਦਨ ਕਹਿੰਦੇ ਹਨ, "ਇਹ ਪੂਰੀ ਤਰ੍ਹਾਂ ਨਾਲ ਸਰਕਾਰ ਦੀ ਮਰਜੀ 'ਤੇ ਨਿਰਭਰ ਕਰਦਾ ਹੈ ਕਿ ਇਹ ਕਿਸੇ ਨੂੰ ਵੀ ਅੱਤਵਾਦੀ ਕਰਾਰ ਦੇ ਸਕਦੀ ਹੈ, ਉਨ੍ਹਾਂ ਨੂੰ ਸਿਰਫ ਅਨਲਾਅਫੁਲ ਐਕਟੀਵਿਟੀਜ (ਪ੍ਰਿਵੈਨਸਨ) ਟ੍ਰਿਬਿਊਨਲ ਦੇ ਸਾਹਮਣੇ ਇਸ ਫੈਸਲੇ ਨੂੰ ਵਾਜਬ ਠਹਿਰਾਉਣਾ ਹੁੰਦਾ ਹੈ।"

# ਸਾਈਬਰ ਸਵੈ ਸੇਵਕਾਂ ਜਰੀਏ ਸੋਸਲ ਮੀਡੀਆ ਦੀ ਨਿਗਰਾਨੀ ਰੱਖਣਾ ਕੀ ਹੈ ਤੇ ਕੀ ਹਨ ਇਸ ਬਾਰੇ ਖਦਸੇ

ਸਾਈਬਰ ਕ੍ਰਾਈਮ ਨੂੰ ਰੋਕਣ ਅਤੇ 'ਰਾਸਟਰੀ ਹਿੱਤ' ਵਿੱਚ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਨ ਲਈ ਸਵੈਸੇਵਕ ਅਤੇ ਵਾਲੰਟੀਅਰ ਤਿਆਰ ਕੀਤੇ ਜਾਣਗੇ। ਸਰਕਾਰ ਨੇ ਇਸ ਦੀ ਜਰੂਰਤ ਨੂੰ ਵਿਸਥਾਰ ਨਾਲ ਦੱਸਿਆ ਹੈ, ਪਰ ਸਾਈਬਰ ਕਾਨੂੰਨ ਅਤੇ ਗੋਪਨੀਯਤਾ ਦੇ ਅਧਿਕਾਰਾਂ ਦੇ ਖੇਤਰ ਵਿਚ ਕੰਮ ਕਰ ਰਹੇ ਕਾਰਕੁਨਾਂ ਨੇ ਇਸ 'ਤੇ ਡੂੰਘੀ ਚਿੰਤਾ ਅਤੇ ਖਦਸਾ ਜਤਾਇਆ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਜੰਮੂ-ਕਸਮੀਰ ਵਿੱਚ ਹੁਣੇ ਹੀ ਇੱਕ ਪਰੀਖਣ ਦੇ ਤੌਰ 'ਤੇ ਸੂਰੂ ਕੀਤਾ ਗਿਆ ਹੈ, ਇਸ ਪ੍ਰੋਗਰਾਮ 'ਤੇ ਅੱਗੇ ਕੰਮ ਰਿਪੋਰਟ ਆਉਣ ਤੋਂ ਬਾਅਦ ਹੀ ਕੀਤਾ ਜਾਵੇਗਾ।

**ਵਲੰਟੀਅਰ ਨਿਯੁਕਤ ਕਰਨ ਦੇ ਪਿੱਛੇ ਕੀ ਸੋਚ ਹੈ ?**

ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸਨ ਸੈਂਟਰ ਵਿਰੁੱਧ ਨੋਡਲ ਪੁਆਇੰਟ ਵਜੋਂ ਕੰਮ ਕਰਦਾ ਹੈ। ਇਹ ਗ੍ਰਹਿ ਮੰਤਰਾਲੇ ਦੇ ਅਧੀਨ ਸਥਾਪਤ ਕੀਤਾ ਗਿਆ ਹੈ। ਇਸ ਦਾ ਉਦੇਸ ਵੱਡੇ ਪੱਧਰ 'ਤੇ ਸਾਈਬਰ ਅਪਰਾਧਾਂ ਨਾਲ ਨਜਿੱਠਣਾ ਹੈ। ਇਸ ਕੇਂਦਰ ਦਾ ਮੁੱਖ ਉਦੇਸ ਸਾਈਬਰ ਕ੍ਰਾਈਮ ਦੀ ਰੋਕਥਾਮ ਅਤੇ ਉਸ ਦੀ ਜਾਂਚ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣਾ ਵੀ ਹੈ। ਗ੍ਰਹਿ ਮੰਤਰਾਲੇ ਦੇ ਅਨੁਸਾਰ, ਸਾਈਬਰ ਕ੍ਰਾਈਮ ਵਾਲੰਟੀਅਰ ਪ੍ਰੋਗਰਾਮ ਇਸ ਹੀ ਉਦੇਸ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ। ਇਹ ਪ੍ਰੋਗਰਾਮ ਉਨ੍ਹਾਂ ਨਾਗਰਿਕਾਂ ਲਈ ਤਿਆਰ ਕੀਤਾ ਗਿਆ ਹੈ ਜੋ 'ਦੇਸ ਸੇਵਾ' ਅਤੇ ਸਾਈਬਰ ਕ੍ਰਾਈਮ ਵਿਰੁੱਧ ਲੜਾਈ ਵਿਚ ਯੋਗਦਾਨ ਪਾਉਣ ਦੇ ਇੱਛੁਕ ਹਨ। ਸਰਕਾਰੀ ਦਸਤਾਵੇਜਾਂ ਵਿਚ ਕਿਹਾ ਗਿਆ ਹੈ ਕਿ ਵਲੰਟੀਅਰ ਇੰਟਰਨੈੱਟ 'ਤੇ ਮੌਜੂਦ ਗੈਰ-ਕਾਨੂੰਨੀ ਅਤੇ 'ਦੇਸ-ਵਿਰੋਧੀ' ਸਮੱਗਰੀ ਦੀ ਪਛਾਣ ਕਰਨ, ਰਿਪੋਰਟ ਕਰਨ ਅਤੇ ਹਟਾਉਣ ਵਿਚ ਏਜੰਸੀਆਂ ਦੀ ਸਹਾਇਤਾ ਕਰਨਗੇ। ਇਹ ਸਾਈਬਰ ਵਾਲੰਟੀਅਰ ਅਜਿਹੀ ਕਿਸੇ ਵੀ ਸਮੱਗਰੀ ਦੀ ਰਿਪੋਰਟ ਕਰ ਸਕਦੇ ਹਨ ਜੋ ਸਮੱਗਰੀ ਇਨ੍ਹਾਂ ਵਿੱਚੋਂ ਕਿਸੇ ਵੀ ਪਹਿਲੂ ਨਾਲ ਸਬੰਧਤ ਹੈ -

ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ

ਭਾਰਤ ਦੀ ਫੌਜ ਦੇ ਖਿਲਾਫ

ਰਾਜ ਦੀ ਸੁਰੱਖਿਆ ਦੇ ਵਿਰੁੱਧ

ਵਿਦੇਸੀ ਰਾਜਾਂ ਨਾਲ ਦੋਸਤਾਨਾ ਸਬੰਧਾਂ ਦੇ ਵਿਰੁੱਧ

ਜਨਤਕ ਵਿਵਸਥਾ ਨੂੰ ਖਰਾਬ ਕਰਨ ਦੇ ਵਿਰੁੱਧ

ਫਿਰਕੂ ਸਦਭਾਵਨਾ ਦੇ ਜੋਖਮ 'ਤੇ

ਬੱਚੇ ਦੇ ਜਿਨਸੀ ਸੋਸਣ ਨਾਲ ਸਬੰਧਤ ਸਮੱਗਰੀ ਹੋਣਾ

ਨੈਸਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ 'ਤੇ ਉਪਲਬਧ ਜਾਣਕਾਰੀ ਦੇ ਅਨੁਸਾਰ, ਇਸ ਪ੍ਰੋਗਰਾਮ ਦਾ ਟੀਚਾ ਇੰਟਰਨੈੱਟ 'ਤੇ ਚਾਈਲਡ ਪੋਰਨੋਗ੍ਰਾਫੀ ਅਤੇ ਗੈਰਕਾਨੂੰਨੀ ਸਮਗਰੀ ਨੂੰ ਹਟਾਉਣ ਵਿੱਚ ਸਰਕਾਰ ਦੀ ਮਦਦ ਕਰਨਾ ਹੈ, ਪਰ ਕੀ ਸਭ ਕੁਝ ਇੰਨਾ ਸੌਖਾ ਹੈ ? ਬਹੁਤ ਸਾਰੇ ਸਵਾਲ ਅਤੇ ਚਿੰਤਾਵਾਂ ਪਹਿਲਾ ਸਵਾਲ ਇਹ ਹੈ ਕਿ ਜਿਆਦਾਤਰ ਚੀਜਾਂ ਵਿਆਖਿਆ 'ਤੇ ਅਧਾਰਤ ਹੁੰਦੀਆਂ ਹਨ, ਵੱਖੋ-ਵੱਖਰੇ ਲੋਕਾਂ ਦੀ ਵਿਆਖਿਆ ਉਨ੍ਹਾਂ ਦੀ ਵਿਚਾਰਧਾਰਾ, ਜਾਣਕਾਰੀ, ਸਮਝ ਅਤੇ ਪੱਖਪਾਤ ਆਦਿ ਤੋਂ ਪ੍ਰਭਾਵਤ ਹੋ ਸਕਦੀ ਹੈ। ਕਿਹੜੀ ਟਿੱਪਣੀ ਜਾਂ ਪੋਸਟ 'ਰਾਸਟਰੀ ਹਿੱਤ' ਵਿੱਚ ਹੈ ਜਾਂ ਨਹੀਂ, ਕਿਹੜਾ ਅਹੁਦਾ 'ਰਾਜ ਦੀ ਸੁਰੱਖਿਆ ਦੇ ਵਿਰੁੱਧ ਹੈ' ਜਾਂ ਨਹੀਂ, ਇਹ ਫੈਸਲਾ ਕਿਸ ਹੱਦ ਤਕ ਵਲੰਟੀਅਰਾਂ 'ਤੇ ਛੱਡਿਆ ਜਾਣਾ ਸਹੀ ਹੋਵੇਗਾ ? ਸੁਪਰੀਮ ਕੋਰਟ ਦੇ ਵਕੀਲ ਪ੍ਰਸਾਂਤ ਮਨਚੰਦਾ ਦਾ ਕਹਿਣਾ ਹੈ, "ਪਹਿਲੀ ਮੁਸਕਲ ਇਹ ਹੈ ਕਿ ਤੁਸੀਂ ਉਨ੍ਹਾਂ ਨੁਕਤਿਆਂ ਨੂੰ ਤਾਂ ਦੱਸਿਆ ਹੈ ਜਿਨ੍ਹਾਂ ਵਿਰੁੱਧ ਲਿਖਣ 'ਤੇ ਸਕਿਾਇਤ ਹੋ ਸਕਦੀ ਹੈ ਪਰ ਦਿੱਤੇ ਗਏ ਨੁਕਤੇ ਬਹੁਤ ਵਿਆਪਕ ਹਨ, ਉਨ੍ਹਾਂ ਦੀ ਵਿਆਖਿਆ ਅਤੇ ਪਰਿਭਾਸਾ ਕੀ ਹੋਵੇਗੀ।" ਮਨਚੰਦਾ ਵਿਚਾਰਧਾਰਕ ਪੱਖਪਾਤ ਵੱਲ ਇਸਾਰਾ ਕਰਦੇ ਹੋਏ ਕਹਿੰਦੇ ਹਨ, "ਦੂਜੀ ਸਮੱਸਿਆ ਇਹ ਹੈ ਕਿ ਇਸ ਬਾਰੇ ਪਾਰਦਰਸਤਾ ਨਹੀਂ ਹੈ ਕਿ ਕਿਸ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ, ਇਹ ਕਿਵੇਂ ਕੀਤਾ ਜਾ ਰਿਹਾ ਹੈ ਅਤੇ ਕਿਸ ਅਧਾਰ 'ਤੇ।" ਸਾਈਬਰ ਸੁਰੱਖਿਆ ਮਾਹਰ ਪਵਨ ਦੁੱਗਲ ਦਾ ਕਹਿਣਾ ਹੈ, "ਇਸ ਬਾਰੇ ਜਿਆਦਾ ਸਪੱਸਟਤਾ ਨਹੀਂ ਹੈ। ਇਸ ਵਿਚ ਅਜੇ ਵੀ ਪਾਰਦਰਸਤਿਾ ਅਤੇ ਜਵਾਬਦੇਹੀ ਜਿਹੀਆਂ ਚੀਜਾਂ ਦੀ ਜਰੂਰਤ ਹੈ।" ਪਵਨ ਦੁੱਗਲ ਦਾ ਕਹਿਣਾ ਹੈ, "ਜੇ ਇਸ ਪ੍ਰੋਗਰਾਮ ਨੂੰ ਚਲਾਉਣਾ ਹੈ ਤਾਂ ਇਸ ਦੇ ਪ੍ਰਬੰਧਾਂ ਨੂੰ ਵਿਸਥਾਰ ਨਾਲ ਲਿਆਉਣਾ ਪਏਗਾ ਤਾਂ ਜੋ ਜਾਂਚ ਅਤੇ ਸੰਤੁਲਨ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਕਿਤੇ ਨਾ ਕਿਤੇ ਇਸ ਨੂੰ ਰੋਕਿਆ ਜਾ ਸਕੇ। ਨਹੀਂ ਤਾਂ ਕੋਈ ਵੀ ਇਨ੍ਹਾਂ ਵਾਲੰਟੀਅਰਾਂ ਕੋਲ ਜਾ ਕੇ ਕਿਸੇ ਨਾਲ ਆਪਣੀ ਦੁਸਮਣੀ ਕੱਢ ਸਕਦਾ ਹੈ।" ਪਵਨ ਦੁੱਗਲ ਦੇ ਅਨੁਸਾਰ, ਸਾਰਿਆਂ ਨੂੰ ਪ੍ਰਗਟਾਵੇ ਦੀ ਆਜਾਦੀ ਹੈ ਪਰ ਇਸ ਨੂੰ ਕੁਝ ਚੀਜਾਂ ਨਾਲ ਰੋਕਿਆ ਜਾ ਸਕਦਾ




ਹੈ ਪਰ ਇਸ ਵਾਜਬ ਪਾਬੰਦੀ ਦਾ ਫੈਸਲਾ ਕੌਣ ਕਰੇਗਾ ? ਉਨ੍ਹਾਂ ਦੇ ਅਨੁਸਾਰ, "ਸਾਈਬਰ ਵਲੰਟੀਅਰ ਜਿਨ੍ਹਾਂ ਕੋਲ ਕਾਨੂੰਨ ਨੂੰ ਸਮਝਣ ਦੀ ਯੋਗਤਾ ਨਹੀਂ ਹੈ, ਜੇ ਉਨ੍ਹਾਂ ਕੋਲ ਤਜਰਬਾ ਨਹੀਂ ਹੈ ਤਾਂ ਉਹ ਕਾਨੂੰਨ ਦੀ ਬਾਰੀਕੀਆਂ ਨੂੰ ਨਹੀਂ ਸਮਝ ਸਕਣਗੇ। ਅਜਿਹੀ ਸਥਿਤੀ ਵਿੱਚ ਇਹ ਵੀ ਸੰਭਾਵਨਾ ਹੈ ਕਿ ਸਕਿਾਇਤਾਂ ਦਾ ਹੜ੍ਹ ਆਵੇਗਾ।" ਪ੍ਰਸਿੱਧ ਸਮਾਜ ਸੇਵੀ ਹਰਸ ਮੰਦਰ ਦਾ ਕਹਿਣਾ ਹੈ ਕਿ ਸਾਈਬਰ ਵਾਲੰਟੀਅਰ ਲੋਕਾਂ 'ਤੇ ਨਜਰ ਰੱਖਣ ਲਈ ਇਕ ਵੱਡੀ ਯੋਜਨਾ ਦਾ ਹਿੱਸਾ ਹੈ। ਹਰਸ ਮੰਦਰ ਕਹਿੰਦੇ ਹਨ, "ਸਾਈਬਰ ਵਾਲੰਟੀਅਰਾਂ ਦੀ ਫੌਜ ਬਣਾ ਕੇ ਸਰਕਾਰ ਲੋਕਾਂ 'ਤੇ ਨਜਰ ਰੱਖਣ ਨੂੰ ਜਾਇਜ ਠਹਿਰਾ ਰਹੀ ਹੈ। ਇਹ ਬੇਹੱਦ ਚਿੰਤਾਜਨਕ ਹੈ, ਕਿਉਂਕਿ ਇਹ ਨਾਜੀ ਜਰਮਨੀ ਦੀ ਯਾਦ ਦਿਵਾਉਂਦਾ ਹੈ ਜਿੱਥੇ ਲੋਕਾਂ ਨੂੰ ਜਾਸੂਸ ਬਣਨ ਅਤੇ ਆਪਣੇ ਗੁਆਂਢੀਆਂ ਨੂੰ ਸੂਚਿਤ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਸੀ ਤਾਂ ਕਿ ਸਮਾਜ ਵਿੱਚ ਲੋਕਾਂ ਵਿੱਚ ਦੂਰੀ ਹੋਰ ਵਧਾਈ ਜਾ ਸਕਦੀ ਹੈ। ਪਵਨ ਦੁੱਗਲ ਦਾ ਕਹਿਣਾ ਹੈ, "ਵਲੰਟੀਅਰਾਂ ਨੂੰ ਲਾਜਮੀ ਯੋਗਤਾਵਾਂ 'ਤੇ ਕੰਮ ਕਰਨ ਦੀ ਜਰੂਰਤ ਹੈ, ਨਹੀਂ ਤਾਂ ਹਰ ਕੋਈ ਵਾਲੰਟੀਅਰ ਹੀ ਹੋਵੇਗਾ ਅਤੇ ਫਿਰ ਇਹ ਪ੍ਰਣਾਲੀ ਕਿਵੇਂ ਕੰਮ ਕਰੇਗੀ ਇਹ ਦੱਸਣਾ ਮੁਸਕਲ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਦੁਰਵਰਤੋਂ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।"




# ਦਿਸ਼ਾ ਰਵੀ ਕੌਣ ਹੈ ਜਿਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਡਰ 'ਚ ਹਨ ਵਾਤਾਵਰਨ ਕਾਰਕੁਨ

ਬੰਗਲੂਰੂ ਦੀ 22 ਸਾਲਾ ਵਾਤਾਵਰਨ ਕਾਰਕੁਨ ਦਿਸਾ ਰਵੀ ਦੀ ਗ੍ਰਿਫਤਾਰੀ ਤੋਂ ਬਾਅਦ ਵਾਤਾਵਰਨ ਬਚਾਉਣ ਦੇ ਲਈ ਕੰਮ ਕਰਨ ਵਾਲੇ ਨੌਜਵਾਨਾਂ ਵਿਚਾਲੇ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਦਿਸਾ ਰਵੀ 'ਫ੍ਰਾਈਡੇ ਫੌਰ ਫਿਊਚਰ' ਨਾਮ ਦੀ ਮੁਹਿਮ ਦੀ ਸਹਿ-ਸੰਸਥਾਪਕ ਹਨ। ਉਨ੍ਹਾਂ ਨੂੰ ਦਿੱਲੀ ਪੁਲਿਸ ਦੀ ਸਪੈਸਲ ਸੈੱਲ ਨੇ ਸਨੀਵਾਰ 13 ਫਰਵਰੀ ਦੀ ਸਾਮ ਬੰਗਲੂਰੂ ਤੋਂ ਗ੍ਰਿਫਤਾਰ ਕੀਤਾ। ਗ੍ਰੇਟਾ ਥਨਬਰਗ ਦੇ ਕਿਸਾਨਾਂ ਦੇ ਹੱਕ ਵਿੱਚ ਟਵੀਟ ਤੋਂ ਬਾਅਦ ਦਰਜ ਹੋਏ ਮਾਮਲੇ ਵਿੱਚ ਇਹ ਪਹਿਲੀ ਗ੍ਰਿਫਤਾਰੀ ਹੈ। ਬੰਗਲੂਰੂ ਦੀ ਇੱਕ ਮੰਨੀ-ਪ੍ਰਮੰਨੀ ਕਾਰਕੁਨ ਤਾਰਾ ਕ੍ਰਿਸਣਾਸਵਾਮੀ ਨੇ ਬੀਬੀਸੀ ਨੂੰ ਆਖਿਆ, "ਅਸੀਂ ਵਾਤਾਵਰਨ ਬਚਾਉਣ ਨੂੰ ਲੈ ਕੇ ਕਈ ਮੁਹਿੰਮਾਂ ਦੇ ਸਿਲਸਿਲੇ ਵਿੱਚ ਇੱਕ-ਦੂਜੇ ਨਾਲ ਗੱਲ ਕੀਤੀ ਹੈ। ਪਰ ਮੈਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਨਹੀਂ ਜਾਣਦੀ। ਹਾਂ, ਪਰ ਮੈਂ ਹਮੇਸਾ ਇਹ ਨੋਟਿਸ ਕੀਤਾ ਹੈ ਕਿ ਕਦੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕਰਦੀ, ਇੱਕ ਵਾਰ ਵੀ ਨਹੀਂ।"

ਦਿੱਲੀ ਪੁਲਿਸ ਨੇ ਦਿਸਾ ਰਵੀ ਨੂੰ ਦਿੱਲੀ ਦੀ ਇੱਕ ਅਦਾਲਤ 'ਚ ਪੇਸ ਕਰਦਿਆਂ ਕਿਹਾ ਕਿ "ਦਿਸਾ ਰਵੀ ਟੂਲਕਿੱਟ ਗੂਗਲ ਡੌਕੂਮੈਂਟ ਦੀ ਐਡਿਟਰ ਹੈ ਅਤੇ ਇਸ ਡੌਕੂਮੈਂਟ ਨੂੰ ਬਣਾਉਣ ਅਤੇ ਇਸ ਨੂੰ ਪ੍ਰਸਾਰਿਤ ਕਰਨ ਵਿੱਚ ਉਸ ਦੀ ਅਹਿਮ ਭੂਮਿਕਾ ਹੈ।"ਪੁਲਿਸ ਨੇ ਆਪਣੇ ਬਿਆਨ 'ਚ ਕਿਹਾ ਹੈ ਕਿ "ਇਸ ਸਿਲਸਿਲੇ 'ਚ ਉਸ ਨੇ ਖਾਲਿਸਤਾਨ ਸਮਰਥਕ 'ਪੌਇਟਿਕ ਜਸਟਿਸ ਫਾਉਂਡੇਸਨ' ਦੇ ਨਾਲ ਮਿਲ ਕੇ ਭਾਰਤ ਪ੍ਰਤੀ ਉਦਾਸੀ ਫੈਲਾਉਣ ਦਾ ਕੰਮ ਕੀਤਾ ਅਤੇ ਉਸ ਨੇ ਹੀ ਗ੍ਰੇਟਾ ਥਨਬਰਗ ਦੇ ਨਾਲ ਇਹ ਟੂਲਕਿੱਟ ਸੇਅਰ ਕੀਤੀ ਸੀ।" ਦਿਸਾ ਰਵੀ ਦੀ ਇਮਾਨਦਾਰੀ ਅਤੇ ਉਨ੍ਹਾਂ ਦੀ ਪ੍ਰਤੀਬੱਧਤਾ ਦਾ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੇ ਹਮੇਸਾ ਜਕਿਰ ਕਰਦੇ ਹਨ। ਤਾਰਾ ਕ੍ਰਿਸਣਾਸਵਾਮੀ ਕਹਿੰਦੇ ਹਨ, "ਸਿਰਫ ਇਹੀ ਨਹੀਂ, ਸਾਰੇ ਸੰਗਠਨ ਦਾਇਰੇ 'ਚ ਰਹਿ ਕੇ ਹੀ ਕੰਮ ਕਰਦੇ ਹਨ। ਇਸ 'ਚ ਵੀ ਪੂਰੀ ਤਰ੍ਹਾਂ ਸਹਿਯੋਗ ਕਰਦੀ ਹੈ ਅਤੇ ਹਮੇਸਾ ਸਾਂਤਮਈ ਰਹਿੰਦੀ ਹੈ।"

ਇੱਕ ਹੋਰ ਕਾਰਕੁਨ ਨੇ ਆਪਣਾ ਨਾਮ ਨਾ ਜਾਹਿਰ ਕਰਨ ਦੀ ਸਰਤ ਉੱਤੇ ਬੀਬੀਸੀ ਨੂੰ ਕਿਹਾ, "ਉਹ ਇੱਕ ਮਜਾਹੀਆ ਅਤੇ ਨਾਸਮਝ ਕੁੜੀ ਹੈ। ਉਹ ਅਕਸਰ ਪ੍ਰੋਗਰਾਮਾਂ ਵਿੱਚ ਦੇਰੀ ਨਾਲ ਆਉਂਦੀ ਹੈ।" "ਅਸੀਂ ਹਮੇਸਾ ਉਸ ਦੀ ਇਸ ਆਦਤ ਤੋਂ ਚਿੜ ਜਾਂਦੇ ਹਾਂ, ਪਰ ਕਦੇ ਕੁਝ ਕਹਿ ਨਹੀਂ ਸਕਦੇ ਕਿਉਂਕਿ ਉਹ ਜੋ ਕਰਦੀ ਹੈ, ਉਸ ਨੂੰ ਲੈ ਕੇ ਉਸ 'ਚ ਬਹੁਤ ਜਨੂੰਨ ਰਹਿੰਦਾ ਹੈ।"

"ਦਿਸਾ ਨੇ ਕਦੇ ਵੀ ਕੋਈ ਕਾਨੂੰਨ ਨਹੀਂ ਤੋੜਿਆ। ਸਾਡੇ 'ਦਰਖਤ ਬਚਾਓ' ਅੰਦੋਲਨ 'ਚ ਉਸ ਨੇ ਹੀ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਅਤੇ ਅਧਿਕਾਰੀਆਂ ਤੋਂ ਇਸ ਦੀ ਇਜਾਜਤ ਲਈ। ਦਿਸਾ ਨੇ ਹਮੇਸਾ ਪੂਰੀ ਵਫਾਦਾਰੀ ਨਾਲ ਕਾਨੂੰਨੀ ਢਾਂਚੇ 'ਚ ਰਹਿ ਕੇ ਹੀ ਕੰਮ ਕੀਤਾ ਹੈ।"ਬੀਬੀਸੀ ਨੇ ਇਸ ਬਾਰੇ ਕਈ ਨੌਜਵਾਨ ਕਾਰਕੁਨਾਂ ਨਾਲ ਗੱਲ ਕਰਨ ਦੀ ਕੋਸਸਿ ਕੀਤੀ, ਪਰ ਬਹੁਤਿਆਂ ਨੇ ਜਾਂ ਤਾਂ ਇਸ ਮਸਲੇ ਉੱਤੇ ਬੋਲਣ ਤੋਂ ਨਾਂਹ ਕਰ ਦਿੱਤੀ ਜਾਂ ਕਾਲ ਨਹੀਂ ਚੁੱਕੀ। ਇੱਕ ਹੋਰ ਵਾਤਾਵਰਨ ਕਾਰਕੁਨ ਨੇ ਆਪਣਾ ਨਾਮ ਨਾ ਛਾਪਣ ਦੀ ਸਰਤ ਉੱਤੇ ਕਿਹਾ ਕਿ "ਲੋਕ ਡਰੇ ਹੋਏ ਹਨ, ਇਸ ਲਈ ਚੁੱਪ ਹੋ ਗਏ ਹਨ।" ਇੱਕ ਹੋਰ ਕਾਰੁਕਨ ਯਾਦ ਕਰਦੇ ਹਨ ਕਿ ਕਿਵੇਂ ਅੱਤਵਾਦ ਰੋਧੀ ਕਾਨੂੰਨ () ਲਗਾਏ ਜਾਣ ਦੇ ਖਤਰੇ ਨੇ ਨੌਜਵਾਨਾਂ ਨੂੰ ਡਰਾ ਦਿੱਤਾ ਸੀ ਅਤੇ ਜੂਨ 2020 ਵਿੱਚ 'ਫ੍ਰਾਈਡੇ ਫੌਰ ਫਿਊਚਰ' ਨੂੰ ਬੰਦ ਕਰਨਾ ਪਿਆ ਸੀ। ਕੇਂਦਰ ਸਰਕਾਰ ਵੱਲੋਂ ਲੌਕਡਾਊਨ ਦੌਰਾਨ ਲਿਆਂਦੇ ਗਏ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ () ਦੇ ਵਿਰੋਧ 'ਚ ਅਭਿਆਨ ਚਲਾਉਣ ਦੀ ਵਜ੍ਹਾ ਕਰਕੇ ਇਸ ਨੂੰ ਬੰਦ ਕਰਨਾ ਪਿਆ ਸੀ। "ਫ੍ਰਾਈਡੇ ਫੌਰ ਫਿਊਚਰ ਨਾਲ ਜੁੜੇ ਲੋਕਾਂ ਉੱਤੇ ਅੱਤਵਾਦੀ ਦਾ ਠੱਪਾ ਲਗਾਇਆ ਜਾ ਰਿਹਾ ਹੈ, ਕਿਉਂਕਿ ਉਹ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ () ਦੇ ਡ੍ਰਾਫਟ ਦਾ ਵਿਰੋਧ ਕਰ ਰਹੇ ਹਨ। ਮੁਨਾਫੇ ਨੂੰ ਲੋਕਾਂ ਦੀ ਜ਼ਿੰਦਗੀ ਤੋਂ ਉੱਤੇ ਤਰਜੀਹ ਦੇਣ ਵਾਲੀ ਸਰਕਾਰ ਇਹ ਤੈਅ ਕਰ ਰਹੀ ਹੈ ਕਿ ਸਾਫ ਹਵਾ, ਸਾਫ ਪਾਣੀ ਅਤੇ ਜੀਉਣ ਲਾਇਕ ਧਰਤੀ ਦੀ ਮੰਗ ਕਰਨਾ ਇੱਕ ਅੱਤਵਾਦੀ ਗਤੀਵਿਧੀ ਹੈ।"

**ਇਲਜਾਮ**

ਦਿਸਾ ਉੱਤੇ ਦੇ ਤਹਿਤ ਰਾਜ ਧ੍ਰੋਹ, ਸਮਾਜ ਵਿੱਚ ਭਾਈਚਾਰਿਆਂ ਵਿਚਾਲੇ ਨਫਰਤ ਫੈਲਾਉਣ ਅਤੇ ਅਪਰਾਧਿਕ ਸਾਜਸਿ ਦੇ ਮਾਮਲੇ ਦਰਜ ਕੀਤੇ ਗਏ ਹਨ। ਦਿਸਾ ਨੇ 'ਫ੍ਰਾਈਡੇ ਫੌਰ ਫਿਊਚਰ' ਦੀ ਸੁਰੂਆਤ ਉਦੋਂ ਕੀਤੀ ਸੀ, ਜਦੋਂ 2018 ਵਿੱਚ ਗ੍ਰੇਟਾ ਥਨਬਰਗ ਨੇ ਆਪਣੇ ਵਾਤਾਵਰਨ ਬਚਾਓ ਮੁਹਿਮ ਨਾਲ ਦੁਨੀਆਂ ਭਰ ਵਿੱਚ ਹਲਚਲ ਮਚਾ ਦਿੱਤੀ ਸੀ। ਉਹ ਵਿਰੋਧ-ਪ੍ਰਦਰਸਨਾਂ ਤੋਂ ਜਆਿਦਾ ਝੀਲਾਂ ਨੂੰ ਸਾਫ ਕਰਨ ਅਤੇ ਦਰਖਤਾਂ ਨੂੰ ਵੱਢਣ ਤੋਂ ਰੋਕਣ ਨੂੰ ਲੈ ਕੇ ਸਰਗਰਮ ਰਹਿੰਦੇ ਹਨ। ਇੱਕ ਹੋਰ ਵਾਤਾਵਰਨ ਕਾਰਕੁਨ ਮੁਕੁੰਦ ਗੌਂਡਾ ਬੀਬੀਸੀ ਨੂੰ ਕਹਿੰਦੇ ਹਨ, 'ਉਹ ਹੁਣ ਤੱਕ ਇੱਕ ਵਿਦਿਆਰਥੀ ਹੀ ਹੈ। ਉਸ ਨੇ ਇੱਕ ਵਰਕਸੌਪ 'ਚ ਪ੍ਰੈਜੰਟੇਸਨ ਨਾਲ ਸਾਰੇ ਸੀਨੀਅਰਜ ਨੂੰ ਹੈਰਾਨ ਕੀਤਾ ਸੀ। ਹਰ ਕੋਈ ਕਹਿ ਰਿਹਾ ਸੀ ਕਿ ਇੰਨੀ ਘੱਟ ਉਮਰ 'ਚ ਇਹ ਕੁੜੀ ਇੱਕ ਸੁਰੱਖਿਅਤ ਗ੍ਰਹਿ ਦੀ ਸਾਨਦਾਰ ਢੰਗ ਨਾਲ ਵਕਾਲਤ ਕਰ ਰਹੀ ਹੈ।" ਇੱਕ ਹੋਰ ਕਾਰਕੁਨ, ਜੋ ਆਪਣਾ ਨਾਮ ਨਹੀਂ ਦੱਸਣਾ ਚਾਹੁੰਦੇ ਨੇ ਕਿਹਾ, "ਉਹ ਵਿਦਿਆਰਥੀਆਂ ਅਤੇ ਦੂਜੇ ਲੋਕਾਂ ਨਾਲ ਹਰ ਸੁੱਕਰਵਾਰ ਨੂੰ ਗੱਲ ਕਰਦੀ ਹੈ ਅਤੇ ਉਨ੍ਹਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਦੀ ਹੈ। ਉਸ 'ਚ ਜਾਨਵਰਾਂ ਪ੍ਰਤੀ ਬਹੁਤ ਦਯਾ ਭਾਵ ਹੈ। ਉਸ ਬਾਰੇ ਕਈ ਸਕਾਰਾਤਮਕ ਗੱਲਾਂ ਹਨ, ਜਿਨ੍ਹਾਂ ਬਾਰੇ ਲੋਕ ਗੱਲਾਂ ਕਰ ਸਕਦੇ ਹਨ, ਪਰ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਸਾਰੇ ਹੈਰਾਨ ਹਨ।" ਕ੍ਰਿਸਣਾਸਵਾਮੀ ਇਸ ਗੱਲ ਨੂੰ ਲੈ ਕੇ ਸਹਿਮਤ ਹਨ ਕਿ ਨੌਜਵਾਨਾਂ ਦੇ ਦਿਲ 'ਚ ਡਰ ਪੈਦਾ ਹੋ ਗਿਆ ਹੈ। ਉਹ ਕਹਿੰਦੇ ਹਨ, "ਹਾਂ, ਮੈਂ ਵੀ ਡਰੀ ਹੋਈ ਹਾਂ। ਅਸੀਂ ਸਾਰੀਆਂ ਚੀਜਾਂ ਨੂੰ ਸਾਂਤਮਈ ਤਰੀਕੇ ਨਾਲ ਰੱਖਣ ਲਈ ਸਭ ਕੁਝ ਕਰਦੇ ਹਾਂ। ਅਸੀਂ ਬਿਨਾਂ ਪੁਲਿਸ ਨੂੰ ਜਾਣਕਾਰੀ ਦਿੱਤੇ ਕੁਝ ਨਹੀਂ ਕਰਦੇ। ਇਹ ਬਹੁਤ ਤਰਾਸਦੀ ਭਰਿਆ ਹੈ ਕਿ ਨੌਜਵਾਨਾਂ ਨੂੰ ਇਸ ਤਰ੍ਹਾਂ ਨਿਸਾਨਾ ਬਣਾਇਆ ਜਾ ਰਿਹਾ ਹੈ।"

**ਸਵਾਲ**

ਸੁਪਰੀਮ ਕੋਰਟ ਦੇ ਨਾਮੀਂ ਵਕੀਲ ਰੇਬੇਕਾ ਜੌਨ ਇੱਕ ਸੋਸਲ ਮੀਡੀਆ ਪੋਸਟ ਵਿੱਚ ਲਿਖਦੇ ਹਨ, "ਪਟਿਆਲਾ ਹਾਊਸ ਕੋਰਟ ਦੇ ਡਿਊਟੀ ਮੈਜੀਸਟ੍ਰੇਟ ਦੇ ਇਸ ਫੈਸਲੇ ਤੋਂ ਬਹੁਤ ਦੁਖੀ ਹਾਂ ਕਿ ਉਨ੍ਹਾਂ ਨੇ ਇੱਕ ਨੌਜਵਾਨ ਔਰਤ ਨੂੰ ਬਿਨਾਂ ਇਹ ਨਿਸਚਤ ਕੀਤੇ ਕੀ ਉਨ੍ਹਾਂ ਦਾ ਵਕੀਲ ਉਪਲਬਧ ਹੈ ਕਿ ਨਹੀਂ, ਪੰਜ ਦਿਨਾਂ ਦੀ ਰਿਮਾਂਡ ਉੱਤੇ ਪੁਲਿਸ ਹਿਰਾਸਤ 'ਚ ਭੇਜ ਦਿੱਤਾ।" "ਮੈਜੀਸਟ੍ਰੇਟਾਂ ਨੂੰ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੰਵਿਧਾਨ ਦੇ ਸੈਕਸਨ-22 ਦੀ ਪਾਲਣਾ ਹੋਵੇ।" "ਜੇ ਸੁਣਵਾਈ ਵੇਲੇ ਵਕੀਲ ਮੌਜੂਦ ਨਹੀਂ ਹੈ, ਤਾਂ ਮੈਜੀਸਟ੍ਰੇਟ ਨੂੰ ਵਕੀਲ ਦੇ ਆਉਣ ਦਾ ਇੰਤਜਾਰ ਕਰਨਾ ਚਾਹੀਦਾ ਹੈ ਜਾਂ ਫਿਰ ਬਦਲ ਦੇ ਤੌਰ 'ਤੇ ਉਸ ਨੂੰ ਕਾਨੂੰਨੀ ਮਦਦ ਦੇਣ ਚਾਹੀਦੀ ਹੈ।" "ਕੀ ਕੇਸ ਡਾਇਰੀ ਅਤੇ ਮੇਮੋ ਦੀ ਜਾਂਚ ਹੋਈ ਸੀ ? ਕੀ ਮੈਜੀਸਟ੍ਰੇਟ ਨੇ ਸਪੈਸਲ ਸੈੱਲ ਤੋਂ ਪੁੱਛਿਆ ਕੀ ਕਿਉਂ ਉਨ੍ਹਾਂ ਨੇ ਬੰਗਲੂਰੂ ਤੋਂ ਸਿੱਧੇ ਇੱਥੇ ਕੋਰਟ 'ਚ ਬਿਨਾਂ ਬੰਗਲੂਰੂ ਕੋਰਟ ਦੇ ਟ੍ਰਾਂਜਟਿ ਰਿਮਾਂਡ ਦੇ ਪੇਸ ਕੀਤਾ ਜਾ ਰਿਹਾ ਹੈ ? ਇਹ ਸਭ ਨਿਆਂਇਕ ਫਰਜਾਂ ਨੂੰ ਲੈ ਕੇ ਹੈਰਾਨ ਕਰਨ ਵਾਲੀਆਂ ਗੱਲਾਂ ਹਨ।" ਕ੍ਰਿਸਣਾਸਵਾਮੀ ਕਹਿੰਦੇ ਹਨ, "ਜੇ ਸਰਕਾਰ ਇਹ ਮੰਨਦੀ ਹੈ ਕਿ ਕੁਝ ਗਲਤ ਹੋਇਆ ਹੈ, ਤਾਂ ਪਹਿਲਾਂ ਪੁਲਿਸ ਸਟੇਸਨ 'ਚ ਉਨ੍ਹਾਂ ਤੋਂ ਪੁੱਛਗਿੱਛ ਕਰਦੀ। ਉਨ੍ਹਾਂ ਨੂੰ ਕੋਰਟ ਵਿੱਚ ਪੇਸ ਕਰਨ ਲਈ ਸਿੱਧੇ ਦਿੱਲੀ ਕਿਉਂ ਲਿਜਾਣਾ ਚਾਹੀਦਾ ਸੀ ? ਅਜਿਹਾ ਲਗਦਾ ਹੈ ਕਿ ਤਕਨੀਕ ਨੂੰ ਲੈ ਕੇ ਜਾਣਕਾਰੀ ਦੀ ਕਮੀ ਦੀ ਵਜ੍ਹਾ ਨਾਲ ਇਸ ਮਾਮਲੇ 'ਚ ਭਰਮ ਪੈਦਾ ਹੋ ਗਿਆ ਹੈ।" ਕ੍ਰਿਸਣਾਸਵਾਮੀ ਮੁਤਾਬਕ, ਟੂਲਕਿੱਟ ਹੋਰ ਕੁਝ ਨਹੀਂ ਸਗੋਂ ਇੱਕ ਦਸਤਾਵੇਜ ਹੈ ਜਿਸ ਦੀ ਵਰਤੋਂ ਸਿਆਸੀ ਦਲ ਅਤੇ ਕਾਰਪੋਰੇਟ ਵੀ ਕਰਦੇ ਹਨ, ਤਾਂ ਜੋ ਆਪਸ ਵਿੱਚ ਸਹਿਯੋਗ ਅਤੇ ਸੰਚਾਰ ਕਾਇਮ ਰਹੇ। ਇਸ ਦਾ ਇਸਤੇਮਾਲ ਕਿਸੇ ਦੇ ਖਲਿਾਫ ਨਹੀਂ ਕੀਤਾ ਜਾਂਦਾ। ਕ੍ਰਿਸਣਾਸਵਾਮੀ ਕਹਿੰਦੇ ਹਨ, "ਕਿਸੇ ਵੀ ਗੂਗਲ ਡੌਕੂਮੈਂਟ ਤੱਕ ਕੋਈ ਵੀ ਪਹੁੰਚ ਸਕਦਾ ਹੈ ਅਤੇ ਉਸ ਨੂੰ ਐਡਿਟ ਕਰ ਸਕਦਾ ਅਤੇ ਤੁਹਾਨੂੰ ਇਸ ਬਾਰੇ ਕੋਈ ਆਇਡੀਆ ਨਹੀਂ ਹੁੰਦਾ ਕਿ ਇਸ ਨੂੰ ਪਹਿਲਾਂ ਕਿਸ ਨੇ ਐਡਿਟ ਕੀਤਾ ਹੈ।" "ਇਹ ਇੱਕ ਡਿਜੀਟਲ ਦੁਨੀਆਂ ਹੈ। ਇਮਾਨਦਾਰੀ ਨਾਲ ਕਹਾਂ ਤਾਂ ਪੁਰਾਣੇ ਲੋਕ ਇਸ ਦੇਸ ਨੂੰ ਚਲਾ ਰਹੇ ਹਨ ਅਤੇ ਉਨ੍ਹਾਂ ਨੂੰ ਸੋਸਲ ਮੀਡੀਆ ਦੀ ਵਰਤੋਂ ਨੂੰ ਲੈ ਕੋਈ ਜਾਣਕਾਰੀ ਨਹੀਂ ਹੈ।" ਦਿਸਾ ਰਵੀ ਇੱਕ ਸਟਾਰਟ-ਅਪ ਲਈ ਕੰਮ ਕਰਦੀ ਹੈ ਜੋ ਵੀਗਨ ਦੁੱਧ ਦਾ ਪ੍ਰੋਮਸਨ ਕਰਦਾ ਹੈ। ਕੰਪਨੀ ਦੇ ਇੱਕ ਕੰਸਲਟੈਂਟ ਨੇ ਆਪਣਾ ਨਾਮ ਨਾ ਦੱਸੇ ਜਾਣ ਦੀ ਇੱਛਾ ਦੇ ਨਾਲ ਦੱਸਿਆ ਕਿ "ਉਹ ਆਪਣੇ ਪਰਿਵਾਰ ਦੀ ਇਕੱਲੀ ਕਮਾਉਣ ਵਾਲੀ ਮੈਂਬਰ ਹੈ। ਉਹ ਆਪਣੇ ਮਾਂ-ਬਾਪ ਦੀ ਇਕੱਲੀ ਬੱਚੀ ਹੈ। ਉਹ ਬਹੁਤ ਛੋਟੀ ਸੀ ਉਦੋਂ ਤੋਂ ਉਨ੍ਹਾਂ ਦੇ ਪਰਿਵਾਰ ਨੂੰ ਜਾਣਦਾ ਹਾਂ।" "ਉਨ੍ਹਾਂ ਦੇ ਪਿਤਾ ਦੀ ਸਿਹਤ ਠੀਕ ਨਹੀਂ ਰਹਿੰਦੀ ਅਤੇ ਉਨ੍ਹਾਂ ਦੀ ਮਾਂ ਇੱਕ ਘਰੇਲੂ ਔਰਤ ਹਨ। ਉਨ੍ਹਾਂ ਨੇ ਕੁਝ ਦਿਨਾਂ ਪਹਿਲਾਂ ਮੈਨੂੰ ਸਵੇਰ 7 ਤੋਂ 9 ਵਜੇ ਅਤੇ ਸਾਮ ਨੂੰ 7 ਤੋਂ 9 ਵਜੇ ਦੇ ਵਿਚਾਲੇ ਕੋਈ ਕੰਮ ਹੋਣ ਬਾਰੇ ਪੁੱਛਿਆ ਸੀ।" ਇੱਕ ਹੋਰ ਕਾਰਕੁਨ ਨਾਮ ਨਾ ਦੱਸਣ ਦੀ ਸਰਤ 'ਤੇ ਕਹਿੰਦੇ ਹਨ, "ਇਹ ਕਾਫੀ ਨਿਰਾਸਾ ਵਾਲਾ ਹੈ। ਇਹ ਸਾਰੇ ਬੱਚੇ ਉਹ ਹਨ ਜੋ ਦਰਖਤਾਂ ਅਤੇ ਵਾਤਾਵਰਨ ਨੂੰ ਬਚਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਰਾਸਟਰ ਦ੍ਰੋਹੀ ਕਹਿ ਕੇ ਡਰਾਇਆ ਜਾ ਰਿਹਾ ਹੈ।"






# ਨੌਦੀਪ ਕੌਰ ਦਾ ਪਿਛੋਕੜ ਕੀ ਹੈ ਤੇ ਬਾਹਰਲੇ ਮੁਲਕਾਂ ਦੇ ਸਿਆਸਤਦਾਨ ਉਸਦਾ ਮੁੱਦਾ ਕਿਉਂ ਚੁੱਕ ਰਹੇ

**ਮੀਨਾ ਹੈਰਿਸ ਵੱਲੋਂ ਨੌਦੀਪ ਕੌਰ ਨਾਲ ਪੁਲਿਸ ਹਿਰਾਸਤ ਵਿੱਚ ਸਰੀਰਕ ਤੇ ਜਿਨਸੀ ਸੋਸਣ ਹੋਣ ਬਾਰੇ ਟਵੀਟ ਕੀਤਾ ਸੀ।ਯੂਕੇ ਵਿੱਚ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵੀ ਨੌਦੀਪ ਬਾਰੇ ਟਵੀਟ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਨਿੰਦਾ ਕੀਤੀ ਹੈ।**



ਆਪਣੇ ਅਧਿਕਾਰਾਂ ਲਈ ਕਿਵੇਂ ਲੜਨਾ ਹੈ ਇਹ ਸਾਨੂੰ ਗੁੜ੍ਹਤੀ ਵਿੱਚ ਹਾਸਲ ਹੋਇਆ ਹੈ।ਸੰਘਰਸ ਸਾਡੀ ਜੀਂਦਗੀ ਦਾ ਇੱਕ ਹਿੱਸਾ ਹੈ, ਬਚਪਨ ਤੋਂ ਹੀ ਅਸੀਂ ਜੀਂਦਗੀ ਦੇ ਹਰ ਪੜਾਅ ਉੱਤੇ ਲੜਾਈ ਲੜ ਕੇ ਅੱਗੇ ਵਧੀਆਂ ਹਾਂ। ਇਹ ਕਹਿਣਾ ਹੈ ਹਰਿਆਣਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੀ ਗਈ ਨੌਦੀਪ ਕੌਰ ਦੀ ਭੈਣ ਰਾਜਵੀਰ ਕੌਰ ਦਾ। ਰਾਜਵੀਰ ਕੌਰ ਮੁਤਾਬਕ ਨੌਦੀਪ ਇੱਕ ਫਾਈਟਰ ਹੈ ਅਤੇ ਉਹ ਡਰਨ ਵਾਲੀ ਕੁੜੀ ਨਹੀਂ ਹੈ। ਹਰਿਆਣਾ ਦੇ ਸੋਨੀਪਤ ਵਿੱਚ ਪੈਂਦੇ ਇਲਾਕੇ ਕੁੰਡਲੀ ਉਦਯੋਗਿਕ ਖੇਤਰ (ਕੇਆਈਏ) ਆਧਾਰਿਤ ਉਦਯੋਗਾਂ ਵੱਲੋਂ ਪਰਵਾਸੀ ਮਜਦੂਰਾਂ ਦਾ ਬਕਾਇਆ ਮਿਹਨਤਾਨਾ ਨਾ ਦਿੱਤੇ ਜਾਣ ਵਿਰੁੱਧ ਆਵਾਜ ਚੁੱਕਣ ਵਾਲੇ 24 ਸਾਲਾ ਨੌਦੀਪ ਕੌਰ ਪਿਛਲੇ ਕਈ ਦਿਨਾਂ ਤੋਂ ਜੇਲ੍ਹ ਵਿੱਚ ਬੰਦ ਹਨ।ਹਰਿਆਣਾ ਪੁਲਿਸ ਵੱਲੋਂ 12 ਜਨਵਰੀ ਨੂੰ ਉਨ੍ਹਾਂ ਖਲਿਾਫ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਗਈ ਸੀ।ਨੌਦੀਪ ਕੌਰ ਉੱਤੇ ਇਲਜਾਮ ਹਨ ਕਿ ਉਹ ਕਥਿਤ ਤੌਰ 'ਤੇ ਜਬਰਨ ਪੈਸੇ ਉਗਰਾਹ ਰਹੇ ਸਨ ਅਤੇ ਜਦੋਂ ਪੁਲਿਸ ਅਧਿਕਾਰੀਆਂ ਦੀ ਇੱਕ ਟੀਮ ਉਨ੍ਹਾਂ ਦੀ ਇਸ ਕੋਸਸਿ ਨੂੰ ਨਾਕਾਮ ਕਰਨ ਪਹੁੰਚੀ ਤਾਂ ਪੁਲਿਸ ਕਰਮੀਆਂ 'ਤੇ ਡੰਡਿਆਂ ਨਾਲ ਹਮਲਾ ਕੀਤਾ ਗਿਆ। ਦੂਜੇ ਪਾਸੇ ਨੌਦੀਪ ਦੇ ਪਰਿਵਾਰਕ ਮੈਂਬਰ ਇਨ੍ਹਾਂ ਇਲਜਾਮਾਂ ਨੂੰ ਖਾਰਜ ਕਰ ਰਹੇ ਹਨ। ਜਿਕਰਯੋਗ ਹੈ ਕਿ ਇਸ ਸਮੇਂ ਦੁਨੀਆਂ ਭਰ ਵਿੱਚ ਨੌਦੀਪ ਕੌਰ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਆਵਾਜ ਬੁਲੰਦ ਹੋ ਰਹੀ ਹੈ। ਅਮਰੀਕੀ ਉਪ ਰਾਸਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ ਸਮੇਤ ਦੇਸ-ਵਿਦੇਸ ਦੀਆਂ ਕਈ ਸਖਸੀਅਤਾਂ ਉਸ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਸੋਸਲ ਮੀਡੀਆ ਰਾਹੀਂ ਆਪਣੀ ਗੱਲ ਰੱਖ ਰਹੀਆਂ ਹਨ।

ਮੀਨਾ ਹੈਰਿਸ ਵੱਲੋਂ ਨੌਦੀਪ ਕੌਰ ਨਾਲ ਪੁਲਿਸ ਹਿਰਾਸਤ ਵਿੱਚ ਸਰੀਰਕ ਤੇ ਜਿਨਸੀ ਸੋਸਣ ਹੋਣ ਬਾਰੇ ਟਵੀਟ ਕੀਤਾ ਸੀ।ਯੂਕੇ ਵਿੱਚ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵੀ ਨੌਦੀਪ ਬਾਰੇ ਟਵੀਟ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਨਿੰਦਾ ਕੀਤੀ ਹੈ।

**ਪਰਿਵਾਰਕ ਪਿਛੋਕੜ**

ਨੌਦੀਪ ਦਾ ਸਬੰਧ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਜਲ਼ਿ੍ਹੇ ਦੇ ਪਿੰਡ ਗੰਧੜ ਨਾਲ ਹੈ।ਦਲਿਤ ਪਰਿਵਾਰ ਵਿੱਚ ਪੈਦਾ ਹੋਈ ਨੌਦੀਪ ਕੌਰ ਨੇ 12ਵੀਂ ਤੱਕ ਪੜ੍ਹਾਈ ਕੀਤੀ ਹੋਈ ਹੈ ਅਤੇ ਉਹ ਗ੍ਰੈਜੂਏਸਨ ਦਿੱਲੀ ਯੂਨੀਵਰਸਿਟੀ ਤੋਂ ਕਰਨ ਦੀ ਇੱਛਾ ਰੱਖਦੀ ਹੈ। ਰਾਜਵੀਰ ਕੌਰ ਇਸ ਸਮੇਂ ਦਿੱਲੀ ਯੂਨੀਵਰਸਿਟੀ ਤੋਂ 'ਪਾਕਸਿਤਾਨੀ ਪੰਜਾਬੀ ਕਵਿਤਾ' ਉੱਤੇ ਪੀਐੱਚਡੀ ਕਰ ਰਹੀ ਹੈ।ਆਪਣੇ ਪਰਿਵਾਰਕ ਪਿਛੋਕੜ ਦਾ ਜਕਿਰ ਕਰਦਿਆਂ ਰਾਜਵੀਰ ਕੌਰ ਕਹਿੰਦੀ ਹੈ, "ਜਿਸ ਤਰ੍ਹਾਂ ਦੇ ਪਰਿਵਾਰਾਂ ਨਾਲ ਸਾਡਾ ਸਬੰਧ ਹੈ ਉੱਥੋਂ ਉਚੇਰੀ ਸਿੱਖਿਆ ਲਈ ਬਹੁਤ ਘੱਟ ਬੱਚੇ ਅੱਗੇ ਆਉਂਦੇ ਹਨ ਕਿਉਂਕਿ ਫਕਿਰ ਰੋਟੀ ਦਾ ਹੁੰਦਾ ਹੈ ਪਰ ਇਸ ਦੇ ਬਾਵਜੂਦ ਅਸੀਂ ਰੋਟੀ ਕਮਾਉਣ ਦੇ ਨਾਲ-ਨਾਲ ਪੜ੍ਹਾਈ ਲਈ ਵੀ ਸੰਘਰਸ ਜਾਰੀ ਰੱਖਿਆ। ਰਾਜਵੀਰ ਕੌਰ ਨੇ ਦੱਸਿਆ ਕਿ ਉਸ ਦੀਆਂ ਚਾਰ ਭੈਣਾਂ ਅਤੇ ਦੋ ਭਰਾ ਹਨ। ਪਿਤਾ ਤੇਲੰਗਾਨਾ ਦੀ ਇੱਕ ਫੈਕਟਰੀ ਵਿੱਚ ਮਜਦੂਰੀ ਕਰਦੇ ਹਨ ਜਦਕਿ ਮਾਤਾ ਪਿੰਡ ਵਿੱਚ ਰਹਿ ਕੇ ਖੇਤ ਮਜਦੂਰ ਵਜੋਂ ਜੀਂਦਗੀ ਬਸਰ ਕਰ ਰਹੇ ਹਨ। ਰਾਜਵੀਰ ਕੌਰ ਮੁਤਾਬਕ ਦੋਵੇਂ ਭੈਣਾਂ ਕਾਫੀ ਸਮੇਂ ਤੋਂ ਦਿੱਲੀ ਵਿੱਚ ਹਨ।ਨੌਦੀਪ ਇੱਕ ਫੈਕਟਰੀ ਵਿੱਚ ਕੰਮ ਕਰਨ ਦੇ ਨਾਲ-ਨਾਲ ਮਜਦੂਰਾਂ ਦੀ ਭਲਾਈ ਲਈ ਕੰਮ ਕਰਨ ਵਾਲੇ ਸੰਗਠਨ ਨਾਲ ਜੁੜੀ ਹੋਈ ਹੈ।

ਦਿੱਲੀ ਤੋਂ ਪਹਿਲਾਂ ਉਹ ਪੰਜਾਬ ਵਿੱਚ ਖੇਤ ਮਜਦੂਰਾਂ ਦੀ ਭਲਾਈ ਲਈ ਕੰਮ ਕਰਨ ਵਾਲੇ ਸੰਗਠਨ ਨਾਲ ਜੁੜੀ ਹੋਈ ਸੀ।ਰਾਜਵੀਰ ਕੌਰ ਨੇ ਦੱਸਿਆ ਕਿ ਮਾਪਿਆਂ ਨੇ ਮਜਦੂਰੀ ਕਰਕੇ ਹੀ ਪਰਿਵਾਰ ਪਾਲਿਆ ਹੈ।ਨੌਦੀਪ ਫੈਕਟਰੀ ਵਿੱਚ ਕੰਮ ਕਰਦੀ ਹੈ ਜਦਕਿ ਉਹ ਪੜ੍ਹਾਈ ਦੇ ਨਾਲ-ਨਾਲ ਟਰਾਂਸਲੇਸਨ ਦਾ ਕੰਮ ਕਰਕੇ ਆਪਣਾ ਖਰਚਾ ਪੂਰੀ ਕਰਦੀ ਹੈ।ਉਹ ਦੱਸਦੀ ਹੈ ਕਿ ਖੇਤਾਂ ਵਿੱਚ ਮਜਦੂਰੀ ਕਰਕੇ ਥੋੜੇ-ਥੋੜੇ ਪੈਸੇ ਜੋੜਕੇ ਦੋਵਾਂ ਭੈਣਾਂ ਨੇ 12ਵੀਂ ਕੀਤੀ ਅਤੇ ਫਿਰ ਪ੍ਰਾਈਵੇਟ ਨੌਕਰੀ ਲਈ ਉਹ ਦਿੱਲੀ ਆ ਗਈਆਂ। ਰਾਜਵੀਰ ਕਹਿੰਦੀ ਹੈ, "ਜਾਤ ਦੇ ਆਧਾਰ ਉੱਤੇ ਵਿਤਕਰਾ, ਸਮਾਜ ਦਾ ਨਜਰੀਆ, ਇਹ ਸਾਰਾ ਕੁਝ ਅਸੀਂ ਬਚਪਨ ਤੋਂ ਦੇਖਿਆ ਹੈ।ਇਸ ਕਰਕੇ ਅਸੀਂ ਘਬਰਾਉਂਦੇ ਨਹੀਂ ਹਾਂ।ਪਿੰਡ ਵਿੱਚ ਸਾਡਾ ਘਰ ਅਜੇ ਵੀ ਕੱਚਾ ਹੈ।ਮਾਤਾ ਹੁਣ ਵੀ ਸੀਜਨ ਦੌਰਾਨ ਖੇਤਾਂ ਵਿੱਚ ਮਜਦੂਰੀ ਕਰਦੀ ਹੈ।" ਉਹ ਕਹਿੰਦੀ ਹੈ ਕਿ ਨੌਦੀਪ ਨਾਲ ਜੋ ਕੁਝ ਹੋਇਆ, ਉਸ ਵਿੱਚ ਪੂਰਾ ਪਰਿਵਾਰ ਉਸ ਦੇ ਨਾਲ ਹੈ।

**ਕਿਉਂ ਹੋਈ ਨੌਦੀਪ ਕੌਰ ਨੂੰ ਜੇਲ੍ਹ**

On this letter , Prabhu tweeted," Asked Air India's CMD to immediately address this issue. If necessary, will appoint another committee," So, the above given is not a painful story of only single women & her colleagues. But , sexual assault has became a story of that every single woman ,who is working outside or even sitting inside her home. A list of sexual crimes, against the woman are increasing with each passing day. Now, even a small child who has just opened her eyes in the world is looked with evil feelings by the devils!! After two US news companies reported allegations of sexual misconduct against the Hollywood producer Harvey Weinstein, a social media movement called #MeToo swept the Internet. Women used the hashtag to share their own testimonies, and encourage others to speak up.

The themes of sexual harassment and assault have occupied a prominent place in the national conversation in recent months. In Hyderabad, a Tollywood actress stripped outside a film industry body to protest the casting couch. In Delhi, a group of Jawaharlal Nehru University students accused a professor of sexual harassment. In Unnao, a young woman said she was gangraped as a minor, and accused a state lawmaker from the BJP of being one of the rapists.And in Kathua, an eight-year-old girl was abducted, sedated and brutally gangraped in an alleged attempt to "dislodge" a local community of Muslim nomads.

This has become mandatory that we must listen to these victims who have collected courage to tell their painful story to the world. So, we must start conversations about changing the culture of sexual harassment and discrimination in politics, state capitols, and our larger communities with an acknowledgment of the courage of so many women who have chosen to speak up and speak out.Safe working conditions, fair wages, protection from forced labor, and freedom from harassment and discrimination – these must become standard global operating conditions

THE SHE BOX

The Modi government recently set up an online complaint management system – called the SHe-box.

This was an effort to help women employees file complaints about sexual harassment at the workplace.

In February, the government said it had received 107 complaints.

"The change we all want ,is to see is a start-up environment where everyone, regardless of gender and background, feels welcome and safe; where sexual harassment or discrimination will not impede great talent from producing great impact"



# ਮੌਤ

ਰਵਨਜੋਤ ਕੌਰ ਸਿੱਧੂ ਰਾਵੀ

ਮੌਤ ਸ਼ਬਦ ਦਾ ਨਾਂ ਸੁਣਦੇ ਹੀ ਹਰੇਕ ਇਨਸਾਨ ਖ਼ੌਫ਼ਜ਼ਦਾ ਹੋ ਜਾਂਦਾ ਹੈ। ਮੌਤ ਤੋਂ ਭਾਵ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਰੱਬ ਦੁਆਰਾ ਬਖਸ਼ੀ ਸਾਹਾਂ ਦੀ ਪੂੰਜੀ ਨੂੰ ਭੋਗਦੇ ਹੋਏ , ਰਿਸ਼ਤੇ ਨਾਤਿਆਂ ਦੇ ਬੰਧਨ ਤੋੜ ਕੇ ਸੰਸਾਰ ਨੂੰ ਅਲਵਿਦਾ ਕਹਿਣਾ ਮੌਤ ਹੈ। ਕਈ ਸ਼ਾਸਤਰਾਂ ਦੀ ਭਾਸ਼ਾ ਵਿਚ ਅਜਿਹਾ ਵੀ ਕਿਹਾ ਜਾਂਦਾ ਹੈ ਕਿ ਜਦ ਜੀਵ ਆਤਮਾ ਦੇ ਇਸ ਸਰੀਰ ਦੇ ਨਾਲ ਭੋਗ ਸਮਾਪਤ ਹੋ ਜਾਂਦੇ ਹਨ ਤਾਂ ਉਹ ਇਸ ਭੌਤਿਕ ਸਰੀਰ ਨੂੰ ਤਿਆਗ ਦਿੰਦਾ ਹੈ ਜਿਸ ਨੂੰ ਮੌਤ ਕਿਹਾ ਜਾਂਦਾ ਹੈ। ਮੌਤ ਇਸ ਸ੍ਰਿਸ਼ਟੀ ਦਾ ਨਿਯਮ ਹੈ। ਸ੍ਰਿਸ਼ਟੀ ਦਾ ਕ੍ਰਮ ਜਨਮ-ਮਰਨ ਦੀ ਧੁਰੀ 'ਤੇ ਘੁੰਮ ਰਿਹਾ ਹੈ। ਮੌਤ ਦੀ ਚੱਲਦੀ ਚੱਕੀ ਵਿਚ ਅਨਾਜ ਦੇ ਦਾਣਿਆਂ ਵਾਂਗ ਅੱਜ ਨਹੀਂ ਤਾਂ ਕੱਲ੍ਹ ਨੂੰ ਪਿਸਣਾ ਹੀ ਪੈਣਾ ਹੈ। ਇਸ ਹਕੀਕਤ ਨੂੰ ਨਕਾਰਿਆ ਨਹੀਂ ਜਾ ਸਕਦਾ । ਜੀਵਨ ਅਤੇ ਮੌਤ ਨਿਰੰਤਰ ਚੱਲਣ ਵਾਲੀ ਕੁਦਰਤੀ ਵਿਵਸਥਾ ਹੈ। ਜੇ ਮੌਤ ਨਾ ਹੁੰਦੀ ਤਾਂ ਜੀਵਨ ਦੇ ਮਹੱਤਵ ਦਾ ਅਹਿਸਾਸ ਵੀ ਨਹੀਂ ਸੀ ਹੋ ਸਕਦਾ। ਮੌਤ ਮਨੁੱਖ ਨੂੰ ਚੌਕਸ ਤੇ ਵਿਵੇਕਸ਼ੀਲ ਬਣਨ ਦੀ ਪ੍ਰੇਰਨਾ ਦਿੰਦੀ ਹੈ ਪਰ ਸੰਸਾਰਕ ਭੋਗ ਸਾਨੂੰ ਮੌਤ ਦੇ ਅਸਲ ਅਰਥ ਸਮਝਣ ਵਿਚ ਰੋੜਾ ਬਣਦੇ ਹਨ। ਸਾਡੀ ਰੂਹਾਨੀ ਵਿਰਾਸਤ ਸਾਨੂੰ ਇਹੀ ਸਿੱਖਿਆ ਦਿੰਦੀ ਹੈ ਕਿ ਜਿਸ ਤਰ੍ਹਾਂ ਮਨੁੱਖ ਉਜੱਲ ਜੀਵਨ ਲਈ ਹਰ ਰੋਜ਼ ਯਤਨਸ਼ੀਲ ਰਹਿੰਦਾ ਹੈ, ਉਸ ਨੂੰ ਆਪਣੀ ਮੌਤ ਦੇ ਪਲ ਨੂੰ ਵੀ ਕਲਿਆਣਕਾਰੀ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ।

ਇੱਕ ਪਰਿਭਾਸ਼ਾ ਅਨੁਸਾਰ ਮੌਤ ਦਾ ਭਾਵ ਕਿਸੇ ਜੀਵ ਦੀਆਂ ਉਨ੍ਹਾਂ ਸਾਰੀਆਂ ਜੈਵਿਕ-ਪ੍ਰਕਿਰਿਆਵਾਂ ਦਾ ਅੰਤ ਹੈ ਜਿਹਨਾਂ ਦੇ ਅਧਾਰ ਤੇ ਉਸ ਦੇ ਬੁਨਿਆਦੀ ਅੰਗ ਕੰਮ ਕਰਦੇ ਹਨ। ਆਮ ਤੌਰ ਉੱਤੇ ਮੌਤ ਦੇ ਕਾਰਨ ਹੁੰਦੇ ਹਨ" ਜੈਵਿਕ ਉਮਰ ਵਧਣ , ਸਕਿਾਰ ਹੋ ਜਾਣਾ, ਕੁਪੋਸ਼ਣ, ਰੋਗ, ਆਤਮਹੱਤਿਆ, ਹੱਤਿਆ ਅਤੇ ਦੁਰਘਟਨਾਵਾਂ ਜਾਂ ਸਦਮਾ ਜਿਸਦਾ ਪਰਿਣਾਮ ਅੰਤ ਕਰ ਦੇਣ ਵਾਲੀ ਚੋਟ ਹੋਵੇ।ਜੀਵਾਂ ਦੇ ਸਰੀਰ ਮੌਤ ਦੇ ਬਾਅਦ ਜਲਦੀ ਹੀ ਗਲਣ ਲੱਗ ਪੈਂਦੇ ਹਨ। ਇਸ ਧਾਰਨਾ ਦਾ ਕੋਈ ਸਬੂਤ ਨਹੀਂ ਕਿ ਸਰੀਰ ਦੀ ਮੌਤ ਦੇ ਬਾਅਦ ਚੇਤਨਾ ਬਚੀ ਰਹਿੰਦੀ ਹੈ।

ਗੁਰਬਾਣੀ ਅਨੁਸਾਰ ਮੌਤ ਅਟੱਲ ਹੈ। ਜੋ ਪੈਦਾ ਹੋਇਆ ਹੈ ਉਸ ਨੇ ਇੱਕ ਦਿਨ ਜ਼ਰੂਰ ਮਰਨਾ ਹੈ। ਪਰ ਗੁਰਬਾਣੀ ਵਿੱਚ ਮੌਤ ਨੂੰ ਦੋ ਪ੍ਰਕਾਰ ਨਾਲ ਵਰਣਨ ਕੀਤਾ ਗਿਆ ਹੈ। ਗੁਰਬਾਣੀ ਵਿੱਚ ਇੱਕ "ਸਰੀਰਕ ਮੌਤ" ਜਿਸਦਾ ਸੰਬੰਧ ਸਰੀਰ ਨਾਲ ਹੈ । ਤੇ ਦੂਜੀ ਆਤਮਕ ਮੌਤ ਜਿਸਦਾ ਸੰਬੰਧ ਮਨ ਨਾਲ ਹੈ।

ਸਰੀਰਕ ਮੌਤ:- ਮਨੁਖ ਦੇ ਦਿਲ ਦੀ ਧੜਕਣ ਤੇ ਸਵਾਸਾਂ ਦੇ ਰੁਕ ਜਾਣ ਨੂੰ ਸਰੀਰਕ ਮੌਤ ਮੰਨਿਆ ਜਾਂਦਾ ਹੈ ਤੇ ਇਹ ਹਰ ਮਨੁੱਖ ਨੂੰ ਜ਼ਰੂਰ ਵਾਪਰਦੀ ਹੈ। ਇਹ ਕੁਦਰਤਿ ਦਾ ਇੱਕ ਅਟੱਲ ਨਿਯਮ ਹੈ ਜਿਸਦੀ ਉਲੰਘਣਾਂ ਕੋਈ ਨਹੀ ਕਰਿ ਸਕਿਆ। ਸੰਸਾਰ ਵਿੱਚ ਜੋ ਵੀ ਆਇਆ ਹੈ, ਉਸਨੂੰ ਆਪੋ ਆਪਣੀ ਵਾਰੀ ਅਨੁਸਾਰ ਇਥੋਂ ਜਾਣਾ ਹੀ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:-

ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ ਪੰਨਾ 474

ਮਨੁੱਖ ਦੇ ਇਸ ਸਰੀਰਕ ਮੌਤ ਤੋਂ ਬਚਣ ਦੇ ਅਨੇਕਾਂ ਯਤਨ ਨਿਸਫਲ ਹੀ ਰਹੇ ਹਨ ਤੇ ਅਮਰ ਹੋਣ ਲਈ ਅੰਮ੍ਰਿਤ,ਸੰਜੀਵਨੀ ਬੂਟੀ ਦੀਆਂ ਕਥਾ ਕਹਾਣੀਆਂ ਇੱਕ ਮਨ ਘੜਤ ਕਲਪਨਾ ਤੋਂ ਬਿਨਾ ਹੋਰ ਕੁਛ ਨਹੀ। ਮਨੁਖ ਨੇ ਸਰੀਰਕ ਮੌਤ ਨੂੰ ਇੱਕ ਬੜੇ ਭਿਆਨਕ ਰੂਪ ਵਿੱਚ ਘੜ ਲਿਆ ਹੈ ਤੇ ਅਗਿਆਨਤਾ ਕਾਰਨ ਹੁਣ ਆਪ ਹੀ ਉਸਤੋਂ ਭੈ ਭੀਤ ਹੋਇਆ ਹੈ। ਮੌਤ ਅਸਲ ਵਿੱਚ ਕੇਵਲ ਜੀਵਨ ਦੀ ਹੀ ਹੋਂਦ ਹੈ। ਜੀਵਨ ਦੀ ਗੈਰਹਾਜ਼ਰੀ ਹੀ ਮੌਤ ਕਹਿਲਾਂਦੀ ਹੈ, ਮੌਤ ਦੀ ਆਪਣੀ ਕੋਈ ਹੋਂਦ ਨਹੀ। ਮੌਤ ਕੇਵਲ ਜੀਵਨ ਦੀ ਪਹਿਚਾਨ ਹੀ ਹੈ, ਕਿਉਂਕਿ ਮੌਤ ਬਿਨਾ ਜੀਵਨ ਦੀ ਪਹਿਚਾਨ ਨਹੀ ਹੋ ਸਕਦੀ। ਦੋਨੋ ਇਕੋ ਹੀ ਸਿਕੇ ਦੇ ਦੋ ਪਾਸੇ ਹਨ ਜੋ ਵੱਖ ਨਹੀ ਹੋ ਸਕਦੇ। ਜਿਥੇ ਸਰੀਰਕ ਜੀਵਨ ਹੈ ਉਥੇ ਸਰੀਰਕ ਮੌਤ ਅਵੱਸ਼ ਹੋਵੇਗੀ ਇਸ ਲਈ ਜਿਥੇ ਜੀਵਨ ਕੁਦਰਤ ਦੀ ਅਦਭੁਤ ਦਾਤ ਹੈ ਉਥੇ ਮੌਤ ਵੀ ਕੁਦਰਤ ਦੀ ਅਦਭੁਤ ਦਾਤ ਹੀ ਹੈ।

ਭਗਤ ਕਬੀਰ ਜੀ ਨੇ ਮੌਤ ਅਤੇ ਜਿੰਦਗੀ ਦਾ ਬਾਖੂਬ ਨਕਸ਼ਾ ਇਸ ਤਰ੍ਹਾਂ ਖਿੱਚਿਆ ਹੈ,

ਗਉੜੀ ਕਬੀਰ ਜੀ ॥

ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ 1 ॥ ਅਬ ਕੈਸੇ ਮਰਉ, ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ, ਜਿਨ ਰਾਮੁ ਨ ਜਾਨਿਆ ॥ 1 ॥ ਰਹਾਉ ॥ ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ, ਅਮਰੁ ਹੋਇ ਸੋਈ ॥ 2 ॥ ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ, ਰਹਿਆ ਪਰਮਾਨੰਦਾ ॥ 3 ॥ 20 ॥ ਪੰਨਾ 327

ਗੁਰਬਾਣੀ ਅਨੁਸਾਰ ਦੂਜੀ ਮੌਤ ਆਤਮਕ ਮੌਤ:- ਇਸ ਆਤਮਕ ਮੌਤ ਤੋਂ ਆਮ ਤੌਰ ਤੇ ਬਹੁਤ ਲੋਕ ਅਨਜਾਣ ਹੀ ਹਨ ਪਰ ਨਿੱਤ ਦੀ ਭੁੱਖ ਦੇ ਦੁਖ ਵਾਂਗ ਇਹ ਆਤਮਕ ਮੌਤ ਵੀ ਮਨੁੱਖ ਨੂੰ ਰਾਤ ਦਿਨ ਸਤਾਉਂਦੀ ਰਹਿੰਦੀ ਹੈ। ਪੰਜਾਬੀ ਦੀ ਆਮ ਕਹਾਵਤ ਹੈ ਕਿ "ਦੁਨੀਆਂ ਆਸ ਤੇ ਜਿਉਂਦੀ ਹੈ", ਇਸ ਲਈ ਅਗਰ ਦੁਨੀਆਂ ਲਈ "ਆਸ" ਜੀਵਨ ਹੈ ਤਾਂ ਆਸ ਦੀ ਪੂਰੀ ਨਾ ਹੋਣਾ ਮੌਤ ਹੋਵੇਗੀ। ਇਸ ਲਈ ਜਦੋਂ ਮਨੁਖ ਦੀ ਆਸ ਪੂਰੀ ਨਹੀ ਹੁੰਦੀ ਉਦੋਂ ਉਸਨੂੰ ਆਤਮਕ ਮੌਤ ਵਾਪਰਦੀ ਹੈ। ਮਨੁੱਖ ਨਿੱਤ ਪਲ ਪਲ ਆਸਾਂ ਕਰਦਾ ਰਹਿੰਦਾ ਹੈ ਤੇ ਉਹਨਾਂ ਦੀ ਅਪੂਰਨਤਾ ਕਾਰਨ ਆਤਮਕ ਮੌਤੇ ਮਰਦਾ ਰਹਿੰਦਾ ਹੈ। ਆਸ ਦੀ ਅਪੂਰਨਤਾ ਹੀ ਆਤਮਕ ਮੌਤ ਹੈ। ਗੁਰਬਾਣੀ ਵਿੱਚ ਲਿਖਿਆ ਗਿਆ ਹੈ :- ਧ੍ਰਿਗੁ ਇਹ ਆਸਾ ਦੂਜੇ ਭਾਵ ਕੀ ਜੋ ਮੋਹ ਮਾਇਆ ਚਿਤੁ ਲਾਇ ॥ ਹਰਿ ਸੁਖੁ ਪਲਰ ਤਿਆਗਿਆ ਨਾਮੁ ਵਿਸਾਰ ਦੁਖੁ ਪਾਇ ॥ (ਮ: 3 850)

ਭਾਵ:- ਜੋ ਮਨੁਖ ਮਾਇਆ ਦੇ ਮੋਹ ਵਿੱਚ ਚਿੱਤ ਜੋੜਦਾ ਹੈ, ਉਸਦਾ (ਇਸ ਨਾਲ) ਪਿਆਰ ਫਿਟਕਾਰ ਯੋਗ ਹੈ ਕਿਉਂਕਿ ਉਹ ਪਰਮਾਤਮਾ ਦੇ ਸਦੀਵੀ ਸੁਖ ਨੂੰ ਫਜ਼ੂਲ ਹੀ ਗਵਾ ਬੈਠਦਾ ਹੈ ਤੇ ਦੁਖਾਂ ਵਿੱਚ ਫਸਿਆ ਰਹਿੰਦਾ ਹੈ।

ਮੌਤ ਚਾਹੇ ਕੋਈ ਵੀ ਹੋਵੇ ਪਰ ਮੌਤ ਇਨਸਾਨ ਨੂੰ ਅੰਦਰੋਂ ਤੋੜ ਦਿੰਦੀ ਹੈ। ਚਲੋਂ ਜੋ ਵੀ ਕੁਦਰਤ ਵਿੱਚ ਜੇ ਚੀਜ ਆਈ ਉਸਨੇ ਇੱਕ ਦਿਨ ਤਾਂ ਖਾਕ ਹੋਣਾ ਹੀ ਹੈ। ਮੌਤ ਵਾਰੇ ਕੁਝ ਲਫਜ:-

ਜੰਮਦਿਆਂ ਨੂੰ ਹੀ ਮਰਨ ਦੀ ਯਾਦ ਦਿਵਾਉਂਦੀ ਹੈ ਮੌਤ
ਰਿਸ਼ਤੇ ਨਾਤਿਆਂ ਤੋਂ ਮੋਹ ਤੁੜਵਾਉਂਦੀ ਹੈ ਮੌਤ
ਉਮਰਾ ਦਾ ਰੋਣਾ ਪੱਲੇ ਪਾਉਂਦੀ ਹੈ ਮੌਤ
ਯਾਰਾਂ ਦੇ ਅਹਿਸਾਨਾਂ ਤੇ ਰਿਸ਼ਤੇਦਾਰਾਂ ਦਾ ਕਰਜਦਾਰ ਬਣਾਉਦੀ ਹੈ ਮੌਤ
ਰੱਬ ਦੇ ਨਾਲ ਪਿਆਰ ਪਾਉਣਾ ਸਿਖਾਉਂਦੀ ਮੌਤ
ਬਦਲਦੇ ਰਿਸਤਿਆਂ ਨਾਲ ਰੂ-ਬ-ਰੂ ਕਰਵਾਉਂਦੀ ਹੈ ਮੌਤ।।

# ਬੰਦੇ ਜਾਂ ਬਾਂਦਰ

ਸੋਨੂੰ ਮੰਗਲ਼ੀ

ਕਹਿੰਦੇ ਜਦੋਂ ਸ਼ਿਕਾਰੀਆਂ ਨੇ ਬਾਂਦਰ ਫੜਨਾ ਹੁੰਦਾ ਹੈ ਤਾਂ ਉਹ ਇਕ ਕੁੱਜਾ ( ਇਕ ਤੰਗ ਮੂੰਹ ਵਾਲਾ ਭਾਂਡਾ ਲੈਕੇ ) ਲੈਕੇ । ਉਸ ਨੂੰ ਜ਼ਮੀਨ ਵਿਚ ਇਸ ਤਰਾਂ ਦੱਬ ਦਿੰਦੇ ਹਨ ਹੈ ਕੇ ਉਸਦਾ ਸਿਰਫ ਮੂੰਹ ਬਾਹਰ ਦਿਖਾਈ ਦੇਵੇ । ਫ਼ਿਰ ਉਹ ਉਸ ਵਿੱਚ ਖਿੱਲਾਂ ( ਪਾਪਕੋਰਨ ) ਪਾ ਦਿੰਦੇ ਹਨ ।

ਬਾਂਦਰ ਜਦੋਂ ਉਸ ਕੁੱਜੇ ਵਿੱਚ ਪਈਆਂ ਖਿੱਲਾਂ ਨੂੰ ਖਾਣ ਦੇ ਲਾਲਚ ਵਿੱਚ ਉਸ ਕੁੱਜੇ ਵਿੱਚ ਹੱਥ ਪਾਉਂਦਾ ਹੈ । ਖਿੱਲਾਂ ਨੂੰ ਆਪਣੀ ਮੁੱਠੀ ਵਿੱਚ ਭਰ ਕੇ ਹੱਥ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਹੈ ਪਰ ਕੁੱਜੇ ਦਾ ਮੂੰਹ ਤੰਗ ਹੋਣ ਕਰਕੇ ਹੱਥ ਅੰਦਰ ਫਸ ਜਾਂਦਾ ਹੈ । ਜੇ ਬਾਂਦਰ ਖਿੱਲਾਂ ਦਾ ਲਾਲਚ ਛੱਡ ਕੇ ਮੁੱਠੀ ਖੋਲ੍ਹ ਕੇ ਹੱਥ ਬਾਹਰ ਕੱਢ ਲਵੇ ਤਾਂ ਹੱਥ ਬਾਹਰ ਆ ਸਕਦਾ ਹੈ । ਪਰ ਖਿੱਲਾਂ ਦਾ ਲਾਲਚ ਉਸ ਉਪਰ ਇਸ ਕਦਰ ਹਾਵੀ ਹੁੰਦਾ ਹੈ ਕੇ ਉਹ ਹੱਥ ਬਾਹਰ ਨਹੀਂ ਕੱਢ ਪਾਉਂਦਾ ਅਤੇ ਸ਼ਿਕਾਰੀ ਹੱਥੋਂ ਕੈਦ ਹੋ ਜਾਂਦਾ ਹੈ । ਉਸਤੋਂ ਬਾਅਦ ਉਸਦੀ ਜ਼ਿੰਦਗੀ ਕਿਵੇਂ ਪਿੰਜਰੇ , ਚਿੜੀਆਘਰ ,ਸਰਕਸ ਜਾਂ ਮਦਾਰੀ ਨਾਲ ਤਮਾਸ਼ੇ ਕਰਦਿਆਂ ਲੰਘਦੀ ਹੈ । ਕੁਝ ਪਲਾਂ ਦਾ ਲਾਲਚ ਉਸਦੀ ਸਾਰੀ ਉਮਰ ਦੀ ਆਜ਼ਾਦੀ ਖੋਹ ਲੈਂਦਾ ਹੈ । ਜੇ ਹੁਣ ਇਸ ਕਿਸਾਨੀ ਸੰਘਰਸ਼ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਆਪਣੇ ਵਿਚੋਂ ਬਹੁਤਿਆਂ ਦੀ ਹਾਲਤ ਉਸ ਬਾਂਦਰ ਵਰਗੀ ਹੈ । ਜੇ ਆਪੋ ਆਪਣੇ ਧੜਿਆਂ ਦਾ ਲਾਲਚ ਛੱਡ ਕੇ ਪੂਰੀ ਏਕਤਾ ਅਤੇ ਇਕਾਗਰਤਾ ਨਾਲ ਇਸ ਸੰਘਰਸ਼ ਨੂੰ ਸਮਰਪਿਤ ਹੋ ਜਾਈਏ ਤਾਂ ਸਾਨੂੰ ਜਿੱਤਣ ਤੋਂ ਕੋਈ ਨਹੀਂ ਰੋਕ ਸਕਦਾ ।

ਪਰ ਜਿਵੇਂ ਬਾਂਦਰ ਖਿੱਲਾਂ ਦਾ ਲਾਲਚ ਨਹੀਂ ਛੱਡ ਪਾਉਂਦਾ ਅਸੀਂ ਧੜੇਬੰਦੀ ਨਹੀਂ ਛੱਡ ਰਹੇ । ਜਿਹੜੀ ਊਰਜਾ ਸਰਕਾਰ ਖਿਲਾਫ ਇਸਤੇਮਾਲ ਕਰਨੀ ਚਾਹੀਦੀ ਸੀ ਉਹ ਅਸੀਂ ਇਕ ਦੂਜੇ ਨੂੰ ਭੰਡਣ ਉਪਰ ਲਗਾ ਰਹੇ ਹਾਂ ।

ਈਰਖਾ ,ਨਫਰਤ ਇਸ ਕਦਰ ਹਾਵੀ ਹੈ ਕੇ ਕੋਈ ਕਿਸੇ ਉਪਰ ਸਵਾਲ ਨਹੀ ਕਰ ਸਕਦਾ । ਕਾਮਰੇਡਾਂ ਵਾਰੇ ਕੁਝ ਕਹਿਣ ਵਾਲਿਆਂ ਨੂੰ ਗੱਦਾਰੀ ਦਾ ਸਰਟੀਫਿਕੇਟ ਤਿਆਰ ਹੈ । ਜੇ ਦੀਪ ਸਿੱਧੂ ਵਾਰੇ ਬੋਲਣ ਵਾਲਿਆਂ ਨੂੰ ਬੀੜੀਆਂ ਪੀਣੇ ,ਸਰਕਾਰੀ ਟਾਊਟ , ਜਾਂ ਹੋਰ ਕਈ ਮੈਡਲ ਪਾਏ ਜਾਂਦੇ ਹਨ । ਆਪਸ ਵਿੱਚ ਲੜਦੇ ਹੋਏ ਇਹ ਨਾ ਭੁੱਲ ਜਾਣਾ ਕੇ ਸ਼ਿਕਾਰੀ ਇਸੇ ਮੌਕੇ ਦੀ ਭਾਲ ਵਿਚ ਹੈ । ਘਰਾਂ ਵਿੱਚ ਵੀ ਭਰਾ ਲੜ ਪੈਂਦੇ ਹਨ ਵੱਖਰੇ ਹੋ ਜਾਂਦੇ ਹਨ । ਜੇ ਆਪਸ ਵਿੱਚ ਵਿਚਾਰ ਨਹੀ ਮਿਲਦੇ ਤਾਂ ਅਲਗ ਅਲਗ ਮੋਰਚਿਆਂ ਤੋਂ ਸੰਘਰਸ਼ ਲੜੋ । ਸਿਆਣੇ ਕਹਿੰਦੇ ਚੀਜਾਂ ਹਮੇਸ਼ਾਂ ਦੂਰੋਂ ਹੀ ਧੁੰਦਲੀਆਂ ਨਹੀਂ ਦਿਖਦੀਆਂ ।ਕਈ ਵਾਰ ਜਿਆਦਾ ਨੇੜਿਉਂ ਦੇਖਣ ਨਾਲ ਵੀ ਧੁੰਦਲੀਆਂ ਦਿਖ ਪੈਂਦੀਆਂ ਹਨ । \ ਜੇ ਰਲ ਮਿਲ ਨਹੀ ਚੱਲ ਸਕਦੇ ਤਾਂ ਅਗਲ ਹੋ ਕੇ ਲੜੋ ਪਰ ਸਰਕਾਰ ਨਾਲ ਲੜੋ ਆਪਸ ਵਿੱਚ ਨਹੀਂ । ਇਸੇ ਬਹਾਨੇ ਸਭ ਵਹਿਮ ਵੀ ਨਿਕਲ ਜਾਣਗੇ ਕੇ ਸੰਗਤ ਕਿਸ ਨਾਲ ਸੰਘਰਸ਼ ਲੜਨਾ ਚਾਹੁੰਦੀ ਹੈ । ਗਰਮ ਖਿਆਲੀਆਂ ਨਾਲ ਜਾਂ ਸ਼ਾਂਤਮਈ ਲੜਨ ਵਾਲਿਆਂ ਨਾਲ ।

# ਪੱਤਰਕਾਰੀ ਕਿੰਨੀ ਸੱਚ ਕਿੰਨੀ ਝੂਠ

ਪੱਤਰਕਾਰੀ ਦਾ ਨਾਮ ਸਾਹਮਣੇ ਆਉਂਦੇ ਹੀ , ਸਭ ਤੋਂ ਪਹਿਲਾਂ ਜੇਹਨ ਵਿੱਚ ਇੱਕ ਵਿਚਾਰ ਪ੍ਰਗਟ ਹੁੰਦਾ ਹੈ । ਕਿ ਪੱਤਰਕਾਰੀ ਸੱਚ ਦੀ ਪਟਾਰੀ , ਜੋ ਸੱਚ ਸਾਹਮਣੇ ਲਿਆਉਣ ਵਿੱਚ ਮਾਹਿਰ ਹੈ । ਜਿਸ ਤੋਂ ਕੋਈ ਵੀ ਭੱਜ ਨਹੀਂ ਸਕਦਾ । ਜੋ ਪੱਤਰਕਾਰੀ ਮੀਡੀਆ ਦੀ ਨਿਗ੍ਹਾ ਵਿੱਚ ਆਇਆ ਸਮਝੋ ਗਿਆ । ਇਕ ਮੀਡੀਆਂ ਪੱਤਰਕਾਰ ਇੱਕ ਪ੍ਰਧਾਨ ਮੰਤਰੀ ਤੱਕ ਨੂੰ ਹਿਲਾ ਸਕਦਾ ਹੈ ਉਸ ਕੋਲ ਬਹੁਤ ਸ਼ਕਤੀ ਹੈ ਸਾਰਾ ਸਮਾਜ ਉਸ ਅੱਗੇ ਗੋਡੇ ਟੇਕਦਾ ਹੈ ਮੀਡੀਆ ਵਿਚ ਬਹੁਤ ਸ਼ਕਤੀ ਹੈ ਉਹ ਕਿਸੇ ਵੀ ਪਾਰਟੀ ਨੂੰ ਉੱਚਾ ਨੀਵਾਂ ਕਰ ਸਕਦੀ ਹੈ । ਰਾਜਨੀਤੀ ਵਿੱਚ ਮੀਡੀਆ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ । ਕਾਨੂੰਨ ਵਾਂਗ ਮੀਡੀਆ ਵੀ ਬਹੁਤ ਜਰੂਰੀ ਹੈ , ਰਾਜਨੀਤੀ ਵਿੱਚ । ਲੋਕਾਂ ਦੀ ਰਾਏ ਲੋਕਾਂ ਦੀ ਆਵਾਜ ਅਗਾਂਹ ਲਿਆਉਂਦਾ ਹੈ ਅਤੇ ਉਸ ਨੂੰ ਉੱਚਾ ਕਰਦਾ ਹੈ । ਮੀਡੀਆ ਲੋਕ ਆਵਾਜ ਉਠਾਉਣ ਵਿਚ ਬਹੁਤ ਮਦਦ ਕਰਦਾ ਹੈ । ਇਹ ਲੋਕਾਂ ਦੇ ਹੱਕ ਦੀ ਗੱਲ ਕਰਦਾ ਹੈ ਧੱਕਾਸ਼ਾਹੀ ਰੋਕਦਾ ਹੈ । ਯੂਰੋਪ ਅਤੇ ਅਮਰੀਕਾ ਵਿੱਚ ਤਾਂ ਟੀਵੀ ਅਤੇ ਰੇਡੀਓ ਨੈੱਟਵਰਕ ਉੱਠਣ ਤੋਂ ਬਾਅਦ , ਇਸ ਉੱਪਰ ਬਹੁਤ ਸਾਰੀਆਂ ਸਰਕਾਰਾਂ ਨੇ ਕਾਨੂੰਨ ਬਣਾਏ , ਤਾਂ ਜੋ ਮੀਡੀਆ ਵਿਪੱਖ ਅਤੇ ਨਿਰੋਲਤਾ ਤੋਂ ਭਟਕ ਨਾ ਸਕੇ ।

ਪਰ ਜੇ ਏਥੇ ਭਾਰਤੀ ਮੀਡੀਆ ਦੀ ਗੱਲ ਕਰੀਏ , ਤਾਂ ਸਥਿਤੀ ਬਹੁਤ ਚੰਗੀ ਨਹੀਂ । ਵਰਲਡ ਇਕਮਿਕ ਫੋਰਮ ਨੇ ਭਾਰਤੀ ਮੀਡੀਆ ਨੂੰ ਸਭ ਤੋਂ ਭ੍ਰਿਸ਼ਟ ਮੀਡੀਆ ਐਲਾਨਿਆ ਹੈ । ਜੋ ਕਿ ਬਹੁਤ ਸ਼ਰਮਨਾਕ ਗੱਲ ਹੈ । ਭਾਰਤੀ ਮੀਡੀਆ ਵਿਚ ਭ੍ਰਿਸ਼ਟਾਚਾਰ ਦੀ ਹੋਂਦ ਨੂੰ ਕੌਮੀਂ ਅਤੇ ਅੰਤਰਰਾਸ਼ਟਰੀ ਤੌਰ ਤੇ ਸਰਕਾਰੀ ਅਤੇ ਗ਼ੈਰ ਸਰਕਾਰੀ ਏਜੰਸੀਆਂ ਨੇ ਬਹੁਤ ਉਜਾਗਰ ਕੀਤਾ ਹੈ । ਏਥੇ ਹੀ ਕੁਝ ਮੀਡੀਆ ਹਾਊਸ ਅਤੇ ਮੀਡੀਆ ਕਰਮਚਾਰੀਆਂ ਦੇ ਖਿਲਾਫ ਭ੍ਰਿਸ਼ਟਾਚਾਰ , ਵਿੱਤੀ ਸਿਵਲ ਅਤੇ ਜਿਨਸੀ ਅਪਰਾਧਾਂ ਦੇ ਕੇਸ , ਸਮੇਂ ਸਮੇਂ ਆਉਂਦੇ ਰਹਿੰਦੇ ਹਨ । ਏਥੇ ਮੈਂ ਕੁਝ ਭਾਰਤੀ ਮੀਡੀਆ ਤੇ ਉਸ ਦੇ ਕਾਲੇ ਚਿਹਰਿਆਂ ਬਾਰੇ ਦੱਸਣਾ ਚਾਹਵਾਂਗਾ , ਜੋ ਕਿ ਇਕ ਅੰਗਰੇਜ਼ੀ ਵੈੱਬਸਾਈਟ ਵੱਲੋ ਦੱਸੇ ਗਏ ਹਨ । ਇਕ ਮਸ਼ਹੂਰ ਤਮਿਲ ਟੀਵੀ ਚੈਨਲ ਦਾ ਉਸ ਅੰਗਰੇਜ਼ੀ ਵੈੱਬਸਾਈਟ ਨੇ ਖ਼ੁਲਾਸਾ ਕੀਤਾ । ਉਹ ਚੈਨਲ ਤਮਿਲ ਭਾਸ਼ਾ ਦਾ ਸੱਭ ਪ੍ਰਸਿੱਧ ਚੈਨਲ ਹੈ । ਜਿਸ ਦਾ ਨਾਮ ਗੁਪਤ ਰੱਖਿਆ ਗਿਆ ਹੈ । ਉਸ ਚੈਨਲ ਦਾ ਭ੍ਰਿਸ਼ਟਾਚਾਰ , ਜਿਨਸੀ ਪ੍ਰੇਸ਼ਾਨੀ , ਅਪਰਾਧਿਕ , ਧਮਕੀ , ਧੋਖੇਬਾਜੀ , ਬਲੈਕਮੇਲ , ਕਾਲੇ ਧਨ ਆਦਿ ਦਾ ਇਤਿਹਾਸ ਹੈ ।

**ਜੁਲਾਈ 2011 :-**

ਉਸ ਚੈਨਲ ਦੇ ਸੀਓਓ ਨੂੰ ਬਲੈਕਮੇਲ ਅਤੇ ਜ਼ਬਰਦਸਤੀ ਦੇ ਵੱਖ ਵੱਖ ਮਾਮਲਿਆਂ ਵਿਚ ਤਿੰਨ ਵਾਰ ਗ੍ਰਿਫਤਾਰ ਕੀਤਾ ਗਿਆ ।

**ਜਨਵਰੀ 2015 :-**

ਉਸ ਚੈਨਲ ਦੇ ਇੱਕ ਹੋਰ ਸੀਓਓ ਨੂੰ ਉੱਤੇ ਇਕ ਨੈੱਟਵਰਕ ਦੇ ਸਾਬਕਾ ਸਟਾਫ ਵੱਲੋਂ ਲਗਾਏ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਤੇ ਗ੍ਰਿਫਤਾਰ ਕੀਤਾ ਗਿਆ ।

ਇਕ ਏਥੇ ਪੱਤਰਕਾਰਿਤਾ ਦਾ ਵੀ ਘਿਨਾਉਣਾ ਚਿਹਰਾ ਰੂ-ਬ-ਰੂ ਕਰਨ ਜਾ ਰਹੇ ਹਾਂ । ਭਾਰਤ ਦਾ ਇੱਕ ਪ੍ਰਸਿੱਧ ਵਿਅਕਤੀ ਜੋ ਕਿ ਪ੍ਰਸਿੱਧ ਪ੍ਰਕਾਸ਼ਨ , ਪੱਤਰਕਾਰ ਅਤੇ ਨਾਵਲਕਾਰ ਸੀ । ਉਸ ਉੱਪਰ ਇੱਕ ਮਹਿਲਾ ਸਹਿ-ਕਰਮੀ ਨੇ ਉਸ ਤੇ ਜਿਨਸੀ ਸੋਸਣ ਅਤੇ ਬਲਾਤਕਾਰ ਦੇ ਦੋਸ਼ ਲਗਾਏ । ਦੋਸ਼ ਲਗਾਉਣ ਤੋਂ ਬਾਅਦ ਉਸ ਨੂੰ ਨਵੰਬਰ 2013 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਫੇਰ ਜੁਲਾਈ 2014 ਨੂੰ ਉਸ ਨੂੰ ਜਮਾਨਤ ਤੇ ਰਿਹਾਅ ਕਰ ਦਿੱਤਾ ਗਿਆ ।

ਏਥੇ ਹੀ ਹੁਣ ਗੱਲ ਕਰਾਂਗੇ , ਸਰਕਾਰ ਵਲੋਂ ਅਤੇ ਵੱਡੇ ਪੱਤਰਕਾਰਾਂ ਵੱਲੋਂ ਦਬਾਏ ਜਾ ਰਹੇ ਸੱਚੇ ਅਤੇ ਇਮਾਨਦਾਰ ਪੱਤਰਕਾਰਾਂ ਦੀ । ਭਾਰਤ ਵਿਚ ਜਿੰਨੇ ਵੀ ਵੱਡੇ ਪੱਧਰ ਦੇ ਮੀਡੀਆ ਪਤਰਕਾਰ ਹਨ । ਉਹ ਜਆਿਦਾਤਰ ਸਰਕਾਰਾਂ ਵੱਲੋਂ ਖਰੀਦੀ ਗਈ ਹੈ ।

ਏਥੇ ਹੀ ਗੱਲ ਸ਼ੁਰੂ ਕਰਦੇ ਹਾਂ , 2020 ਦੇ ਕਿਸਾਨੀ ਸੰਘਰਸ਼ ਦੀ , ਜਿਸ ਨੂੰ ਚਲਦਿਆਂ 6 ਮਹੀਨੇ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਜਿਸ ਨੂੰ ਸਰਕਾਰ ਅਤੇ ਸਰਕਾਰ ਦੀ ਵਿਕਾਊ ਮੀਡੀਆ ਵੱਲੋਂ ਦਬਾਇਆ ਜਾ ਰਿਹਾ ਹੈ ।

ਵਿਕਾਊ ਮੀਡੀਆ ਕਿਸਾਨੀ ਸੰਘਰਸ਼ ਵਿਚ ਬੈਠੇ ਪੰਜਾਬੀ ਕਿਸਾਨਾਂ ਨੂੰ ਆਤੰਕਵਾਦੀ , ਮੁਸਲਮਾਨ ਕਿਸਾਨਾਂ ਨੂੰ ਪਾਕਿਸਤਾਨੀ , ਅਤੇ ਸਿੱਖ ਕਿਸਾਨਾਂ ਨੂੰ ਖਾਲਿਸਤਾਨੀ ਦਾ ਟੈਗ ਲਾ ਪੂਰੇ ਵਿਸ਼ਵ ਵਿਚ ਬਦਨਾਮ ਕਰ ਰਹੀ ਹੈ । ਪਰ ਜੇ ਕੋਈ ਸੱਚਾ ਇਮਾਨਦਾਰ ਮੀਡੀਆ ਪੱਤਰਕਾਰ ਕਿਸਾਨਾਂ ਦੇ ਹਿੱਤ ਵਿਚ ਆਵਾਜ਼ ਚੁੱਕਦਾ ਹੈ ਤਾਂ ਉਸ ਨੂੰ ਵਿਕਾਊ ਪੁਲੀਸ ਅਤੇ ਸਰਕਾਰੀ ਕਰਮਚਾਰੀਆਂ ਵੱਲੋਂ ਦਬੋਚ ਲਿਆ ਜਾਂਦਾ ਹੈ ।

ਜੇਕਰ ਗੱਲ ਕਰੀਏ , ਪਿੱਛਲੇ ਹਫਤੇ ਕਿਸਾਨ ਅੰਦੋਲਨ ਦੌਰਾਨ ਗ੍ਰਿਫਤਾਰ ਕੀਤੇ ਕਿਸਾਨਾਂ ਅਤੇ ਪੱਤਰਕਾਰਾਂ ਦੀ । ਜਿਸ ਵਿੱਚ ਕੁਝ ਪੱਤਰਕਾਰਾਂ ਨੂੰ ਬਿਨਾਂ ਮਤਲਬ ਤੋਂ ਤਿਹਾੜ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ । ਹਾਲਾਂਕਿ ਕੁਝ ਨੂੰ ਜਮਾਨਤ ਤੇ ਰਿਹਾਅ ਕਰ ਦਿੱਤਾ ਗਿਆ ਪਰ ਇਸ ਤੋਂ ਇਲਾਵਾ ਵੀ ਕਈ ਪੱਤਰਕਾਰਾਂ ਨੂੰ ਕੈਦ ਕਰ ਰੱਖਿਆ ਗਿਆ । ਜਿਸ ਦਾ ਪਤਾ ਹਲੇ ਤੱਕ ਨਹੀਂ ਲੱਗਾ ।

ਬਹੁਤ ਸਾਰੇ ਅੰਦੋਲਨਾਂ ਅਤੇ ਘਟਨਾਵਾਂ ਦੀ ਸਹੀ ਰਿਪੋਰਟਿੰਗ ਕਰਨ ਤੇ ਪੱਤਰਕਾਰਾਂ ਨੂੰ ਜੇਲ੍ਹ ਜਾਣਾ ਪਿਆ । ਸਿੱਦੀਕੀ ਕਪਲ ਜਿਹੇ ਪੱਤਰਕਾਰਾਂ ਨੂੰ ਘਟਨਾ ਵਾਲੀ ਥਾਂ ( ਹਾਥਰਸ, ਯੂ ਪੀ ) ਵਿੱਚ ਪਹੁੰਚਣ ਤੋਂ ਪਹਿਲਾਂ ਗ੍ਰਿਫਤਾਰ ਕਰਕੇ ਉਸ ਤੇ ਦੇਸ਼ ਧ੍ਰੋਹ ਦਾ ਮੁਕੱਦਮਾ ਕੀਤਾ ਗਿਆ । ਉਹ ਅਜੇ ਵੀ ਜੇਲ੍ਹ ਵਿੱਚ ਹੈ । ਗੋਰੀ ਲਕੇਸ਼ ਸਮੇਤ ਕਈ ਪੱਤਰਕਾਰਾਂ ਨੇ ਆਪਣੀ ਜਾਨ ਦੀ ਕੁਰਬਾਨੀ ਦੇ ਦਿੱਤੀ ਹੈ ।

ਇਸ ਦੇਸ਼ ਅੰਦਰ ਮੈਂ ਸਮਝਦਾ ਹਾਂ । ਲੋੜ ਹੈ ਇੱਕ ਇਸਕਰਾ ਦੀ । ਪਰ ਅਫਸੋਸ ਵਾਲੀ ਗੱਲ ਹੈ ਕਿ ਭਾਰਤ ਦਾ ਪਹਿਲਾਂ ਤੋਂ ਮੌਜੂਦ ਵਿਸ਼ਾਲ ਅਤੇ ਵੱਡਾ ਖਾਰਾ ਸਮੁੰਦਰ ਇਸਕਰਾ ਨੂੰ ਜਲਦੀ ਹੀ ਖਾਰਾ ਕਰ ਦੇਵੇਗਾ । ਇਹ ਇੱਕ ਯਕੀਨਨ ਗੱਲ ਹੈ । ਇਸ ਉੱਪਰ ਵੀ ਮੈਂ ਸੋਚਦਾ ਹਾਂ ਸਿਰਫ਼ ਲੋੜ ਇਸਕਰਾ ਦੀ ਨਹੀਂ ਹੈ । ਸਾਨੂੰ ਇਸਕਰਾ ਦੇ ਨਿਯਮ ਅਤੇ ਤੌਰ ਤਰੀਕੇ ਵੀ ਚਾਹੀਦੇ ਹੋਣਗੇ , ਜਰੂਰੀ ਹੀ ਚਾਹੀਦੇ ਹਨ ।

ਇਸੇ ਲਈ ਜੇ ਇਸਕਰਾ ਆਵੇ ਵੀ ਤਾਂ ਪੂਰੇ ਤੌਰ ਤਰੀਕੇ ਨਾਲ । ਉਸ ਦੀ ਸੰਪਾਦਕ ਲੰਡਨ ਬੈਠੇ ਹੋਵੇ । ਜਿਸ ਦੀ ਪ੍ਰਿੰਟਿੰਗ ਜਰਮਨੀ ਹੁੰਦੀਂ ਹੋਵੇ । ਜਿਸਦੇ ਨੁਮਾਇੰਦੇ ਨਵੇਂ ਅਤੇ ਉਤਸ਼ਾਹਿਤ ਨੌਜਵਾਨ ਹੋਣ ਅਤੇ ਇਸਕਰਾ ਦੇ ਪੰਨੇ ਕੋਟਾਂ ਦੇ ਵਿੱਚ ਮਿਲ ਕੇ ਦੇਸ਼ ਅੰਦਰ ਆਉਣ ਅਤੇ ਹੋਰਨਾਂ ਤੌਰ ਤਰੀਕਿਆਂ ਨਾਲ ਸੁਰੱਖਿਅਤ ਅਤੇ ਨਿਰੋਲ ਜਨਤਾ ਦੇ ਹੱਥਾਂ 'ਚ ਹੋਵੇ ।

ਪਰ ਦੋਸਤੋ ਇਹ ਹਾਲੇ ਕਲਪਨਾ ਦੀਆਂ ਗੱਲਾਂ ਹਨ । ਜਿਸ ਨੂੰ ਅਸੀਂ ਸਭ ਮਿਲਕੇ ਰਿਐਲਿਟੀ ਵਿੱਚ ਲਿਆਉਣਾ ਹੈ । ਤਾਂ ਕਿ ਅਸੀਂ ਮਿੱਠੇ ਪਾਣੀ ਦਾ ਸਵਾਦ ਚਖ਼ ਸਕੀਏ । ਜੋ ਅਸਲੀਅਤ ਹੋਵੇ , ਜੋ ਨਿਰੋਲ ਸੱਚ ਹੋਵੇ ।

**ਜਸਕੀਰਤ ਸਿੰਘ**
**ਮੋਬਾਈਲ :- 98889-49201**
**ਮੰਡੀ ਗੋਬਿੰਦਗੜ੍ਹ ( ਜ਼ਿਲ੍ਹਾ :- ਫ਼ਤਹਿਗੜ੍ਹ ਸਾਹਿਬ )**

# ਪੰਜਾਬ ਦੇ ਜੰਮਿਆਂ ਨੂੰ . . . !

ਪੰਜਾਬੀ ਬਹੁਤ ਹੀ ਭਾਵਨਾਵਾਂ ਦੇ ਵਹਿਣ ਵਿੱਚ ਵਗਣ ਵਾਲੇ ਹਨ.ਨਫਾ ਨੁਕਸਾਨ ਦਾ ਕਦੇ ਫਿਕਰ ਨਹੀਂ ਕਰਦੇ ਜਿਧਰ ਨੂੰ ਤੁਰੇ ਹੜ੍ਹ ਬਣ ਜਾਂਦੇ ਹਨ ਪਰ ਫੇਰ ਘਾਟਾ ਹੋਵੇ ਜਾ ਫਿਰ ਮੌਤ !

ਹਰੀ ਕ੍ਰਾਂਤੀ ਲਿਆਉਣ ਵਾਲਿਆਂ ਨੇ ਸੋਚਿਆ ਵੀ ਨਹੀਂ ਕਿ ਅਸੀਂ " ਪੌਣ,ਪਾਣੀ, ਧਰਤੀ ਤੇ ਔਰਤ ਦੀ ਕੁੱਖ ਦੇ ਕਾਤਲ ਬਣ ਜਾਵਾਂਗੇ ?

ਜਿਹਨਾਂ ਨੂੰ ਪਤਾ ਸੀ...ਉਹਨਾਂ ਦੀ ਹਾਲਤ ਦੀਦਾਰ ਸੰਧੂ ਦੇ ਗੀਤ ਵਰਗੀ ਸੀ -" ਖੱਟੀ ਖੱਟ ਗਏ ਮੁਰੱਬਿਆਂ ਤੇ ਅਸੀਂ ਰਹਿ ਗਏ ਭਾਅ ਪੁੱਛਦੇ...!"

ਕਿਹੜਾ ਪਾਸਾ ਅਸੀਂ ਛੱਡਿਆ ਹੈ ਸਮਾਜ ਦਾ ?

ਜਿਧਰ ਦੇਖੋ ਤਬਾਹੀ ਲਿਆ ਦਿੱਤੀ ..ਤੇ ਸਾਡੀ ਸੋਚ, ਸਮਝ ਪਹਿਰਾਵਾ,ਖਾਣ ਪੀਣ.ਜੀਣ ਥੀਣ.ਮਰਨਾ ਜੰਮਣਾ.ਗੀਤ ਸੰਗੀਤ, ਸਾਹਿਤ, ਸਿਖਿਆ , ਸੱਭਿਆਚਾਰ, ਬੋਲ ਚਾਲ, ਆਦਿ!

ਸਭ ਕੁੱਝ ਤਬਾਹ ਕਰ ਦਿੱਤਾ ਹੈ! ਹੁਣ ਅਸੀਂ ਕੀਰਨੇ ਪਾ ਰਹੇ ਤੇ ਹਰੀ ਕ੍ਰਾਂਤੀ ਨੂੰ ਕੋਸ ਰਹੇ ਹਾਂ !

ਕਾਤਲ ਬੇਗਾਨੇ ਨਹੀਂ ਸਾਡੇ ਹੀ ਖ਼ੂਨ ਤੇ ਅਖ਼ੂਨ ਦੇ ਰਿਸ਼ਤੇਦਾਰ ਹਨ। ਜਿਹਨਾਂ ਨੇ ਅੱਜ ਇਸ ਮੋੜ ਤੇ ਲਿਆ ਕੇ ਖੜ੍ਹਾ ਦਿੱਤੇ ਨਾ ਅੱਗੇ ਜਾਣ ਜੋਗੇ ਤੇ ਪਿੱਛੇ ਮੁੜਣ ਜੋਗੇ ਛੱਡੇ ਆ!

ਅਸੀਂ ਦੋਸ਼ ਇੱਕ ਦੂਜੇ ਤੇ ਲਾ ਕੇ ਪਾਸਾ ਵੱਟਦੇ ਰਹੇ..ਪਰ ਸਹੀ ਗਲਤ ਨੂੰ ਕਹਿਣ ਦਾ ਦਮ ਖਤਮ ਕਰਦੇ ਗਏ , ਨਤੀਜੇ ਸਾਹਮਣੇ ਆ ਗਏ !

ਸਮਾਜ ਗੰਦਲਾ ਕਰਨ ਵਾਲੇ ਵੀ ਤੇ ਸਾਫ ਕਰਨ ਵਾਲੇ ਵੀ ਪੰਜਾਬੀ ਹਾਂ ਪਰ ਸਾਡੀ ਗੱਡੀ ਦੀ ਚਾਬੀ ਤੇ ਜੀਵਨ ਦੀ ਡੋਰ ਕਿਸੇ ਹੋਰ ਤੇ ਚੋਰ ਦੇ ਹੱਥ ਵਿੱਚ ਸੀ..ਪਤਾ ਸਾਨੂੰ ਵੀ ਕਿ ਅਸੀਂ ਵਰਤੇ ਜਾ ਰਹੇ ਹਾਂ ਪਰ ਅਸੀਂ ਲਾਲਸਾ ਤੇ ਵਸ ਪੈ ਗਏ ਜਾ ਪਾ ਦਿੱਤੇ..ਗੱਲ ਇੱਕੋ ਹੈ!

ਪਰ ਅਸੀਂ ਇੱਕਮੁੱਠ ਨਾ ਹੋਏ ! ਸਿਆਸੀ, ਕਿਸਾਨ, ਮਜਦੂਰ , ਮੁਲਾਜਮ ,ਸਮਾਜਕ, ਧਾਰਮਿਕ ਜੱਥੇਬੰਦੀਆਂ ਬਣੀਆਂ । ਪਾੜੋ ਤੇ ਰਾਜ ਕਰੋ..ਦੀ ਨੀਤੀ ਹਰ ਥਾਂ ਭਾਰੂ ਰਹੀ.ਹਰ ਖੇਤਰ ਵਿੱਚ ਹਾਲਤ " ਨੌ ਪੂਰਬੀਏ ਅਠਾਰਾਂ ਚੁੱਲੇ" ਵਾਲੀ ਗੱਲ ਬਣ ਗਈ..ਨਤੀਜੇ ਜੀਰੋ ਨਿਕਲੇ ਤੇ ਆਗੂ ਤੇ ਸ਼ੈਤਾਨ " ਕੂੜੇ ਦੇ ਢੇਰ " ਵਧ ਦੇ ਗਏ !

ਰਾਜ ਦੇ ਗਦਾਰ ਰਾਜ ਗੱਦੀ ਤੱਕ ਪੁਜ ਗਏ ਤੇ ਦੇਸ਼ ਭਗਤ ਬੁਰਕੀ ਬੁਰਕੀ ਤਰਸਣ ਲੱਗ ਪਏ!

ਅਸੀਂ ਵਿਰਸੇ ਤੇ ਵਿਰਾਸਤ ਦਾ ਮਾਣ ਕਰਦੇ ਰਹੇ ਪਰ ਵਰਤਮਾਨ ਵਿੱਚ ਲੋਕਾਂ ਦੀ ਭਾਵਨਾਵਾਂ ਹੀ ਨਹੀਂ ਕਿਰਤ ਤੇ ਇੱਜਤ ਲੁੱਟ ਦੇ ਰਹੇ...!

ਲੁੱਟਣ ਤੇ ਕੁੱਟਣ ਵਾਲੇ

ਨੰਗ ਭੁੱਖ ਤੇ ਬੀਮਾਰੀ ਨਾਲ ਮਰਨ ਵਾਲੇ ਵੀ ਆਪਾਂ ਹੀ!

ਚੋਰ, ਗਦਾਰ ਵਧਿਆ ਤੇ ਲੋਕਾਂ ਦੀ ਆਵਾਜ ਬਣ ਜਾਣ ਵਾਲੇ ਹਾਸ਼ੀਏ ਤੇ ਚਲੇ ਗਏ !

ਸਿਖਿਆ ਤੇ ਸਿਹਤ ਦੇ ਅਦਾਰੇ ਵਪਾਰੀ ਬਣ ਗਏ !

ਇਹਨਾਂ ਦੇ ਮਾਲਕ, ਅਧਿਕਾਰੀ ਤੇ ਕਰਮਚਾਰੀ ਬੁਚੜ ਬਣ ਗਏ ! ਆਪਣਿਆਂ ਦਾ ਸਰੀਰਕ , ਮਾਨਸਿਕ ਤੇ ਆਰਥਿਕ ਸ਼ੋਸ਼ਣ ਕਰਨ ਲੱਗੇ!

ਨੈਤਿਕਤਾ ਖੰਭ ਲਾ ਕੇ ਉਡ ਗਈ ਜਾ ਸ਼ਰਮ ਲਾ ਕੇ ਜੇਬ ਚ ਪਾ ਲਈ !

ਇਕ ਦੂਜੇ ਨੂੰ ਮਾਰ ਕੇ ਅੱਗੇ ਵਧਣ ਦੀ ਪਰਵਿਰਤੀ ਵਧੀ...! ਨਿੱਜੀ ਅਦਾਰੇ ਅਸਮਾਨ ਵੱਲ ਤੇ ਜਨਤਕ ਅਦਾਰੇ ਪਤਾਲ ਵੱਲ ਵਧਣ ਲੱਗੇ!

ਹੁਣ ਤੇ ਹਾਲਾਤ ਹੀ ਭੁੱਖ ਤੇ ਦੁੱਖ ਨਾਲ ਮਰਨ ਵਾਲੇ ਹਨ!

ਘਰਾਂ ਦੇ ਵਿੱਚੋਂ ' ਘਰ " ਖਤਮ ਹੋ ਕੇ ਮਕਾਨ ਤੇ ਦੁਕਾਨਾਂ ਵਿੱਚ ਬਦਲ ਗਏ !

ਘਰ ਪੱਕੇ ਹੋ ਗਏ ਤੇ ਮਨ ਕੱਚੇ ਹੋ ਗਏ ..ਕੋਈ ਪਹਿਰਾਵਾ ਬਦਲ ਕੇ " ਪੱਕੇ" ਹੋ ਗਏ !

ਜਿੰਨ੍ਹਾਂ ਦੀ ਚਿੱਟੀ ਦਾਹੜੀ ਸੀ ਤੇ ਚਿੱਟੇ ਵਸਤਰ ਸੀ ਤੇ ਸ਼ਸਤਰ ਸੀ ਉਹ ਹਰ ਪਾਸੇ ਕਾਬਜ ਹੋ ਗਏ , ਧਰਮ ਦੇ ਨਾਮ ਤੇ ਵਪਾਰ.ਵਪਾਰ ਦੇ ਨਾਮ ਤੇ ਧਰਮ...ਕਿਰਤ ਖੋਹੀ ਕਿਰਤੀ ਥੋਹ ਕੇ " ਮੁਫਤ ਦਾ ਲੰਗਰ ਛਕਣ ਵਾਲੇ ਭਿਖਾਰੀ ਬਣਾ ਦਿੱਤੇ ! ਲੋਕਾਂ ਨੂੰ ਖਵਾ ਕੇ ਰੱਬ ਸ਼ੁਕਰ ਕਰਨ ਵਾਲਿਆਂ ਦੇ ਹੱਥ ਠੂਠੇ ਫੜਾ ਦਿੱਤੇ...ਗਿਆਨ ਵਿਹੂਣੇ ਆਗਿਆਨੀ ਸਿਖਿਆ ਸਾਸ਼ਤਰੀ ਬਣ ਬੈਠੇ ..ਸਿਖਿਆ ਦੇ ਮੰਦਰ ਬੁੱਚੜਖਾਨਿਆਂ ਵਿੱਚ ਬਦਲ ਗਏ !

ਘਰਾਂ ਵਿੱਚੋਂ ਪੰਜਾਬੀ ਤੇ ਬਜੁਰਗ ਗਾਇਬ ਕਰ ਦਿੱਤੇ.

" ਲੁੱਚਾ ਲਫੰਗਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ " ਦਾ ਬੋਲਬਾਲਾ ਵਧਿਆ !

ਹੁਣ ਜਦੋਂ ਸਭ ਕੁੱਝ ਗਵਾ ਲਿਆ ਹੈ..ਸਮਾਜ ਨਰਕ ਬਣਾ ਲਿਆ ਹੈ..ਹੁਣ "" ਮੈਂ ਪੰਜਾਬੀ " ਹੋਣ ਦਾ ਮਾਣ ਮਹਿਸੂਸ ਤਾਂ ਫੇਸਬੁਕ ਕੀਤਾ ਜਾ ਸਕਦਾ ਪਰ " "ਆਪਣੀ ਪੀੜ੍ਹੀ ਹੇਠਾਂ ਸੋਟਾ ਕੌਣ ਫੇਰੂ ?"

ਕੌਣ ਜ਼ੁੰਮੇਵਾਰੀ ਓਟੇਗਾ ? ਕੋਈ ਵੀ ਨਹੀਂ !

ਕਿਉਂ ਕਿ ਇਸ ਹਮਾਮ ਦੇ ਵਿੱਚ ਸਭ ਨੰਗੇ ਹਨ ਤੇ ਕੁੱਝ ਚੰਗੇ ਵੀ ਪਰ ਘੱਟ ਹਨ ਪਰ ਕਦੋਂ ਤੱਕ ਅਸੀਂ ਨਜਰ ਅੰਦਾਜ ਕਰਦੇ ਰਹਾਂਗੇ ?

ਕਦੋਂ ਆਪੋ ਆਪਣੀਆਂ ਪੀੜ੍ਹੀਆਂ ਹੇਠਾਂ ਸੋਟਾ ਫੇਰਾਂਗੇ ?

ਗੁਲਜਾਰ ਸਿੰਘ ਪੰਧੇਰ ਕਵਿਤਾ ਹੈ

"ਕੁੱਝ ਕਵੀ ਸਰਕਾਰੀ ਹੋ ਗਏ
ਕੁੱਝ ਕਵੀ ਦਰਬਾਰੀ ਹੋ ਗਏ !"

ਕਵਿਤਾ ਵੱਡੀ..ਪਰ ਸੱਚ ਏਹੀ ਹੈ ਕਿ

ਸਰਕਾਰੀ ਤੇ ਦਰਬਾਰੀ
ਵਪਾਰੀ ਤੇ ਸ਼ਿਕਾਰੀ
ਪੁਜਾਰੀ ਤੇ ਅਧਿਕਾਰੀ!
ਇਹ ਸਭ ਕੱਠੇ ਨੇ
ਇੱਕੋ ਤੱਕੜੀ ਦੇ ਵੱਟੇ ਨੇ
ਹਰ ਇਕ ਨੇ ਪਾ ਲੇ ਪੱਠੇ ਨੇ!
ਝੂਠ ਦਾ ਬੋਲਬਾਲਾ ਹੈ,
ਹਰ ਪਾਸੇ ਘਾਲਾਮਾਲਾ ਹੈ!
ਹਰ ਪਾਸੇ ਢਕੀ ਰਿਝਦੀ ਹੈ,
ਚੰਗਿਆਂ ਨੂੰ ਉਹ ਮਿੱਧਦੀ ਹੈ,
ਹਰ ਦੇਹ ਚੌਵੀ ਘੰਟੇ ਵਿਕਦੀ ਹੈ!
ਵੇਚਣ ਤੇ ਖਰੀਦਣ ਵਾਲੇ ਪੰਜਾਬੀ
ਚਾਰੇ ਪਾਸੇ ਪੰਜਾਬੀ...ਪਰ
ਸਭ ਦੀ ਬੇਗਾਨੇ ਹੱਥ ਚਾਬੀ..
.ਉਝ ਟੌਹਰ ਨਵਾਬੀ..
ਜਿਵੇਂ ਗਰੀਬ ਦੀ ਤੀਵੀਂ ਹੁੰਦੀ
ਪਿੰਡ ਦੀ ਭਾਬੀ!"

ਹਾਂ ! ਅਸੀਂ ਪੰਜਾਬੀ !
ਡਰਦੇ ਨੂੰ ਡਰਾਉਂਦੇ ਹਾਂ
ਤਗੜੇ ਅੱਗੇ ਦੁੰਮ ਦਵਾਉਂਦੇ ਹਾਂ
ਟਕੇ ਟਕੇ ਤੇ ਵਿਕਦੇ ਹਾਂ
ਮੌਕਾ ਦੇਖ ਕੇ ਖਿਸਕਦੇ ਹਾਂ !
ਪਰ ਹੁਣ ਲੋੜ ਐ
ਜਬਰ ਜੁਲਮ ਵਿਰੁੱਧ ਇਕੱਠੇ ਹੋ ਕੇ ਲੜਨ ਦੀ।

**ਬੁੱਧ ਸਿੰਘ ਨੀਲੋਂ**
94643 70823

# ਖਤਮ ਹੋ ਰਹੀ ਹੈ ਰਿਸ਼ਤਿਆਂ ਵਿੱਚਲੀ ਆਪਸੀ ਨਿੱਘ ਤੇ ਤਾਂਘ

ਰਿਸ਼ਤੇ ਮਨੁੱਖੀ ਜੀਵਨ ਦਾ ਅਧਾਰ ਹਨ। ਰਿਸ਼ਤਿਆਂ ਲਈ ਸਮਾਂ ਦੇਣਾ ਜਰੂਰੀ ਹੈ ਜੇਕਰ ਸਮਾਂ ਨਾ ਮਿਲੇ ਤਾ ਰਿਸ਼ਤਿਆਂ ਵਿੱਚ ਦੂਰੀ ਬਣ ਜਾਂਦੀ ਹੈ ।ਸਿਆਣੇ ਠੀਕ ਹੀ ਕਹਿੰਦੇ ਹਨ ਕਿ ਰਿਸ਼ਤੇ ਵੀ ਰੋਟੀ ਵਰਗੇ ਹੀ ਹਨ ਮਾੜੀ ਜਿਹੀ ਅੱਗ ਤੇਜ ਹੋਈ ਨਹੀ ਕਿ ਸੜ ਕੇ ਸੁਆਹ ਹੋ ਜਾਂਦੇ ਹਨ। ਕਹਿੰਦੇ ਹਨ ਜਦੋਂ ਰੂਹ ਦੇ ਰਿਸ਼ਤੇ ਟੁੱਟ ਜਾਂਦੇ ਹਨ ਤਾ ਬੰਦਾ ਸੌਣਾ ਤੇ ਜਿਉਣਾ ਭੁੱਲ ਜਾਂਦਾ ਹੈ । ਜੇ ਪਰਿਵਾਰ ਦਾ ਇਕ ਵੀ ਮੈਂਬਰ ਸਵਾਰਥ ਜਾਂ ਮੇਰ-ਤੇਰ ਦੀ ਭਾਵਨਾ ਦਾ ਸ਼ਿਕਾਰ ਹੋ ਜਾਵੇ ਤਾਂ ਉਸ ਪਰਿਵਾਰ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ ,ਪਰਿਵਾਰ ਮੋਤੀਆ ਵਾਂਗ ਬਿਖਰ ਜਾਂਦਾ ਹੈ ਅਤੇ ਪਰਿਵਾਰ ਦਾ ਵਿਕਾਸ ਰੁਕ ਜਾਂਦਾ ਹੈ ।ਇਹ ਦੁਨੀਆ ਰਿਸ਼ਤੇ ਨਾਲ ਹੀ ਬੱਝੀ ਹੋਈ ਹੈ । ਸੱਚ ਤਾਂ ਇਹ ਹੈ ਕਿ ਜੋ ਘਰ ਵਿਚ ਖ਼ੁਸ਼ ਹੁੰਦੇ ਹਨ, ਉਹ ਬਾਹਰ ਵੀ ਖ਼ੁਸ਼ ਹੁੰਦੇ ਹਨ ਅਤੇ ਘਰ ਬਣਦਾ ਹੀ ਪਰਿਵਾਰ ਨਾਲ ਹੈ, ਨਹੀਂ ਤਾਂ ਇਹ ਮਕਾਨ ਹੀ ਰਹਿੰਦਾ ਹੈ- ਇੱਟ, ਪੱਥਰ, ਲੋਹੇ, ਲੱਕੜ, ਸੀਮਿੰਟ ਅਤੇ ਰੇਤ ਆਦਿ ਤੋਂ ਬਣਿਆ ਇਕ ਢਾਂਚਾ ਰੂਹ-ਹੀਣ ਅਤੇ ਸਾਹ-ਹੀਣ! ਇਸ ਸਬੰਧ ਵਿਚ ਪ੍ਰਿੰਸੀਪਲ ਤੇਜਾ ਸਿੰਘ ਦੇ ਸ਼ਬਦ ਬਹੁਤ ਢੁੱਕਵੇਂ ਹਨ : 'ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦਾ ਪਿਆਰ ਤੇ ਸਧਰਾਂ ਪਲਦੀਆਂ ਹਨ ; ਜਿੱਥੇ ਬਚਪਨ ਵਿਚ ਮਾਂ-ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ; ਜਿੱਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ, ਲਤਾੜ ਕੇ, ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀਅ ਕਰਦਾ ਹੈ ਅਤੇ ਜਿੱਥੇ ਬੁਢਾਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ, ਜਿਵੇਂ ਬਚਪਨ ਵਿਚ ਮਾਂ ਦੀ ਝੋਲ਼ੀ ਵਿਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ ਮਨੁੱਖ ਦੀ ਮਨੁੱਖ ਨਾਲ ਸਾਂਝ 'ਰਿਸ਼ਤਿਆਂ ਦਾ ਰੂਪ ਲੈ ਲੈਂਦੀ ਹੈ ਜੋ ਇਨਸਾਨ ਮੁਸਕਿਲਾ ਵਿੱਚ ਕਦੇ ਵੀ ਆਪਣਿਆ ਦਾ ਸਾਥ ਨਹੀਂ ਛੱਡਦੇ ਉਹ ਹੀ ਰਿਸ਼ਤਿਆਂ ਨੂੰ ਚਿਰ ਸਥਾਈ ਬਣਾਉਣ ਵਿੱਚ ਸਫਲ ਹੁੰਦੇ ਹਨ । ਕਈ ਰਿਸ਼ਤਿਆਂ ਵਿਚ ਅੰਤਾਂ ਦਾ ਨਿੱਘ ਹੁੰਦਾ ਹੈ ਅਪਣੱਤ ਭਰਿਆ ਵਤੀਰਾ ਤੇ ਇਕ-ਦੂਜੇ ਨਾਲ ਖੁਸੀਆਂ ਗਮੀਆਂ ਦਿਲੀ-ਸਾਂਝ ਹੁੰਦੀ ਹੈ ।ਪਰ ਸਮਾਂ ਬਦਲਣ ਨਾਲ ਇਨ੍ਹਾਂ ਰਿਸ਼ਤਿਆਂ ਵਿਚ ਵੀ ਤਬਦੀਲੀ ਆ ਗਈ ਹੈ । ਰਿਸ਼ਤਿਆਂ ਵਿਚ ਬਨਾਵਟੀਪਨ ਆ ਗਿਆ ਹੈ। ਪੈਸੇ ਦੀ ਹੋੜ ਨੇ ਤੇ ਸੁਆਰਥੀਪੁਣੇ ਨੇ ਰਿਸ਼ਤਿਆਂ ਵਿੱਚਲੀ ਆਪਸੀ ਖਿੱਚ ਤਾਂਘ ਤੇ ਨਿੱਘ ਨੂੰ ਖਤਮ ਕਰ ਦਿੱਤਾ ।ਇਮਾਨਦਾਰੀ ਨਾਲ ਨਿਭਾਉਣ ਵਾਲੇ ਰਿਸ਼ਤੇ ਬਹੁਤ ਘੱਟ ਹਨ ਜੋ ਕਿ ਇਨਸਾਨੀਅਤ ਨੂੰ ਰਿਸ਼ਤਿਆਂ ਦੇ ਬੰਧਨਾਂ ਵਿੱਚ ਬੰਨ ਕੇ ਰੱਖਦੇ ਹਨ ।ਰਿਸ਼ਤਿਆਂ ਨੂੰ ਮਜਬੂਤ ਬਣਾਉਣ ਲਈ ਵਿਸ਼ਵਾਸ ਤੇ ਪਿਆਰ ਦਾ ਹੋਣਾ ਜਰੂਰੀ ਹੈ ਜੋ ਮੁਸੀਬਤ ਸਮੇਂ ਹੀ ਨਾਲ ਖੜਦਾ ਹੈ ਉਹੀ ਅਸਲ ਰਿਸਤਾ ਹੁੰਦਾ ਹੈ। ਖੁਦਗਰਜੀ ਦਾ ਸਿਕਾਰ ਵਿਅਕਤੀ ਕਿਸੇ ਨਾਲ ਕੋਈ ਹਮਦਰਦੀ ਵੀ ਨਹੀਂ ਰੱਖਦਾ ਤੇ ਕੇਵਲ ਉਨ੍ਹਾਂ ਨਾਲ ਹੀ ਮੇਲ-ਜੋਲ ਵਧਾਇਆ ਜਾਂਦਾ ਹੈ ਜਿਨ੍ਹਾਂ ਕੋਲ ਪੈਸਾ, ਸ਼ੋਹਰਤ ਜਾਂ ਕੋਈ ਰਾਜਨੀਤਕ ਪਹੁੰਚ ਹੋਵੇ ਅਸਲ ਵਿੱਚ ਮਨੁੱਖੀ ਰਿਸ਼ਤਿਆਂ ਨੂੰ ਅਸੀਂ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ : ਪਰਿਵਾਰਕ ਰਿਸ਼ਤੇ ਅਤੇ ਸਮਾਜਿਕ ਰਿਸ਼ਤੇ। ਪਰਿਵਾਰਕ ਰਿਸ਼ਤਿਆਂ ਵਿਚ ਦਾਦਕਿਆਂ, ਨਾਨਕਿਆਂ ਅਤੇ ਸਹੁਰਿਆਂ ਦੇ ਰਿਸ਼ਤੇ ਸ਼ਾਮਲ ਹੁੰਦੇ ਹਨ। ਪਰਿਵਾਰਕ ਰਿਸ਼ਤਿਆਂ ਵਿੱਚੋਂ ਸਭ ਤੋਂ ਨੇੜੇ ਸਾਡਾ ਆਪਣਾ ਪਰਿਵਾਰ ਹੁੰਦਾ ਹੈ- ਉਹ ਪਰਿਵਾਰ ਜਿਸ ਵਿਚ ਦਾਦਾ-ਦਾਦੀ, ਮਾਤਾ-ਪਿਤਾ ਅਤੇ ਉਨ੍ਹਾਂ ਦੇ ਸਮੂਹ ਬੱਚੇ ਸ਼ਾਮਲ ਹੁੰਦੇ ਹਨ। ਨਿਰਸੰਦੇਹ, ਅਸੀਂ ਕਦੀ-ਕਦਾਈਂ ਬਾਕੀ ਰਿਸ਼ਤੇਦਾਰਾਂ ਨੂੰ ਵੀ ਮਿਲਦੇ-ਗਿਲਦੇ ਰਹਿੰਦੇ ਹਾਂ ਅਤੇ ਉਹ ਸਾਡੇ ਦੁੱਖ-ਸੁੱਖ ਵਿਚ ਸ਼ਾਮਲ ਵੀ ਹੁੰਦੇ ਰਹਿੰਦੇ ਹਨ ਪਰ ਸਾਡੀ ਅਸਲੀ ਸ਼ਕਤੀ ਅਤੇ ਸਮਰੱਥਾ ਸਾਡਾ ਆਪਣਾ ਪਰਿਵਾਰ ਹੀ ਹੁੰਦਾ ਹੈ । ਪਰ ਅੱਜਕੱਲ੍ਹ ਇਹ ਰਿਸਤੇ ਸਿਰਫ ਨਾਮ ਦੇ ਰਹਿ ਗਏ ਹਨ ਇਹਨਾ ਵਿਚਲੀ ਆਪਸੀ ਨਿੱਘ -ਖਿੱਚ ਖਤਮ ਹੁੰਦੀ ਜਾ ਰਹੀ ਹੈ ।ਦੂਜਿਆਂ ਦੇ ਕੰਮਾਂ ਵਿਚ ਦਖਲ-ਅੰਦਾਜੀ ਕਰਨਾ ਤੇ ਲੱਤਾਂ ਖਿੱਚਣੀਆਂ ਹਰ ਵਿਅਕਤੀ ਦਾ ਸੌਕ ਬਣ ਗਿਆ ਹੈ । ਕਈ ਵਾਰ ਮਨੁੱਖ ਨੂੰ ਪੈਸਿਆਂ ਦੀ ਨਹੀਂ ਬਲਕਿ ਹਮਦਰਦੀ ਦੀ ਲੋੜ ਹੁੰਦੀ ਹੈ ਜਿਹੜੀ ਕਿ ਅੱਜ ਕਿਧਰੇ ਵੀ ਨਜਰ ਨਹੀਂ ਆਉਂਦੀ ਮੇਰੀ ਸੋਚ ਅਨੁਸਾਰ ਹੁਣ ਕੁੱਝ ਇਸ ਤਰ੍ਹਾਂ ਦੇ ਰਿਸਤੇ ਬਣ ਰਹੇ ਹਨ-

ਕੁੱਝ ਰਿਸਤੇ ਸੱਚ ਹੁੰਦੇ ਨੇ
ਕੁੱਝ ਰਿਸਤੇ ਕੱਚ ਹੁੰਦੇ ਨੇ
ਕੁੱਝ ਰਿਸਤੇ ਗਰਮ ਹੁੰਦੇ ਨੇ
ਕੁੱਝ ਰਿਸਤੇ ਨਰਮ ਹੁੰਦੇ ਨੇ
ਕੁੱਝ ਰਿਸਤੇ ਨਰਕ ਹੁੰਦੇ ਨੇ
ਕੁੱਝ ਰਿਸਤੇ ਸਵਰਗ ਹੁੰਦੇ ਨੇ
ਕੁੱਝ ਰਿਸਤੇ ਪਰਖ ਹੁੰਦੇ ਨੇ
ਕੁੱਝ ਰਿਸਤੇ ਰੜਕ ਹੁੰਦੇ ਨੇ
ਕੁੱਝ ਰਿਸਤੇ ਜਖਮ ਹੁੰਦੇ ਨੇ
ਕੁੱਝ ਰਿਸਤੇ ਮਰਹਮ ਹੁੰਦੇ ਨੇ
ਕੁੱਝ ਰਿਸਤੇ ਅਸਲ ਹੁੰਦੇ ਨੇ
ਕੁੱਝ ਰਿਸਤੇ ਨਕਲ ਹੁੰਦੇ ਨੇ
ਕੁੱਝ ਰਿਸਤੇ ਸੰਤੋਖ ਹੁੰਦੇ ਨੇ
ਕੁੱਝ ਰਿਸਤੇ ਸਬਰ ਹੁੰਦੇ ਨੇ
ਕੁੱਝ ਰਿਸਤੇ ਜਹਿਰ ਹੁੰਦੇ ਨੇ
ਕੁੱਝ ਰਿਸਤੇ ਕਹਿਰ ਹੁੰਦੇ ਨੇ
ਕੁੱਝ ਰਿਸਤੇ ਸ਼ਿੰਗਾਰ ਹੁੰਦੇ ਨੇ
ਕੁੱਝ ਰਿਸਤੇ ਅੰਗਿਆਰ ਹੁੰਦੇ ਨੇ
ਕੁੱਝ ਰਿਸਤੇ ਸਫਲ ਹੁੰਦੇ ਨੇ
ਕੁੱਝ ਰਿਸਤੇ ਅਸਫਲ ਹੁੰਦੇ ਨੇ
ਕੁੱਝ ਰਿਸਤੇ ਮਿਠਾਸ ਹੁੰਦੇ ਨੇ
ਕੁੱਝ ਰਿਸਤੇ ਖਿਟਾਸ ਹੁੰਦੇ ਨੇ

ਗਗਨ ਅੱਜ ਕੱਲ੍ਹ ਇਨ੍ਹਾਂ ਰਿਸਤਿਆਂ ਦਾ ਹੀ ਦੌਰ ਹੈ ਧਾਲੀਵਾਲ ਇਹ ਸਭ ਦੇ ਆਸ ਪਾਸ ਹੁੰਦੇ ਨੇ ਰਿਸਤੇ ਦੀ ਹੋਂਦ ਮਨੁੱਖੀ ਜੀਵਨ ਤੇ ਹੀ ਟਿਕੀ ਹੋਈ ਹੈ ਜੇਕਰ ਉਹ ਇਹ ਇਹਨਾ ਨੂੰ ਨਿਭਾਵੇਗਾ ਤਾ ਇਹ ਚਿਰ ਸਥਾਈ ਕਾਇਮ ਰਹਿਣਗੇ ਨਹੀਂ ਤਾ ਇਹਨਾਂ ਨੂੰ। ਟੁੱਟਦਿਆਂ ਬਹੁਤੀ ਦੇਰ ਨਹੀਂ ਲੱਗਦੀ ।ਇਹਨਾਂ ਤੋਂ ਬਗ਼ੈਰ ਜੀਵਨ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਇਨ੍ਹਾਂ ਰਾਹੀਂ ਸਾਡਾ ਜਨਮ ਹੁੰਦਾ ਹੈ, ਅਸੀਂ ਵਧਦੇ-ਫੁਲਦੇ ਹਾਂ, ਸਮਾਜ ਨਾਲ ਜੁੜਦੇ ਹਾਂ ।ਸੱਚ ਤਾਂ ਇਹ ਹੈ ਕਿ ਇਨ੍ਹਾਂ ਬਗ਼ੈਰ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਹਾਂ, ਇਹ ਜ਼ਰੂਰ ਹੈ ਕਿ ਜੇ ਸਾਡੇ ਰਿਸ਼ਤਿਆਂ ਵਿਚ ਅਪਣੱਤ ਦੀ ਭਾਵਨਾ, ਮੁਹੱਬਤ ਦੀ ਖ਼ੁਸ਼ਬੂ, ਮਿਲਣ ਦੀ ਤਾਂਘ ਅਤੇ ਅਹਿਸਾਸਾਂ ਦਾ ਨਿੱਘ ਹੋਵੇ ਤਾਂ ਇਹ ਜੀਵਨ ਨੂੰ ਹਮੇਸ਼ਾ ਚੜ੍ਹਦੀ ਕਲਾ ਅਤੇ ਖ਼ੁਸ਼ੀਆਂ-ਖੇੜਿਆਂ ਵਿਚ ਰੱਖਦੇ ਹਨ। ਇਸਦੇ ਉਲਟ, ਜੇ ਅਸੀਂ ਆਪਣੇ ਰਿਸ਼ਤਿਆਂ ਨੂੰ ਕੇਵਲ ਇੱਕ ਦਿਖਾਵੇ ਵਜੋਂ ਵਰਤ ਰਹੇ ਹਾਂ ਅਤੇ ਇਹ ਮੋਹ, ਮੁਹੱਬਤ ਅਤੇ ਨਿੱਘ ਤੋਂ ਕੋਰੇ ਹਨ ਤਾਂ ਸਾਡਾ ਜੀਵਨ ਖ਼ੁਸ਼ਕ ਅਤੇ ਨੀਰਸ ਹੀ ਹੋਵੇਗਾ। ਪੰਜਾਬੀ ਦੀ ਇਕ ਪ੍ਰਸਿੱਧ ਕਹਾਵਤ ਹੈ : ਖੇਤ ਵਾਹੁੰਦਿਆਂ ਦੇ, ਸਕੀਰੀਆਂ (ਰਿਸ਼ਤੇਦਾਰੀਆਂ) ਵਰਤਦਿਆਂ ਦੀਆਂ। ਇਸ ਦਾ ਭਾਵ ਹੈ ਕਿ ਜੇ ਸਾਡਾ ਕਿਸੇ ਰਿਸ਼ਤੇਦਾਰ ਨਾਲ ਮੇਲ-ਜੋਲ ਅਤੇ ਵਰਤ-ਵਰਤਾਵਾ ਹੀ ਨਹੀਂ, ਫਿਰ ਉਹ ਰਿਸਤਾ ਹੀ ਕਾਹਦਾ ।ਰਿਸਤਾ ਸਬਦ ਸੁਣਨ ਵਿੱਚ ਹੀ ਦਿਲ ਨੂੰ ਸਕੂਨ ਦਿੰਦਾ ਹੈ ਤਾਂ ਸੋਚੋ ਜਦੋਂ ਇਹ ਦਿਲ ਤੋਂ ਨਿਭਾਇਆ ਜਾਵੇ ਤਾਂ ਫਿਰ ਕਿੰਨਾ ਸਕੂਨ ਪ੍ਰਾਪਤ ਹੋਵੇਗਾ ਸਾਇਦ ਉਸਦਾ ਅੰਦਾਜਾ ਸਿਰਫ ਉਹੀ ਇਨਸਾਨ ਲਗਾ ਸਕਦੇ ਹਨ ਜੋ ਰਿਸਤਿਆਂ ਦੇ ਬੰਧਨ ਵਿੱਚ ਬੱਝੇ ਹਨ ਤੇ ਪੂਰੀ ਸਦਿੱਤ ਨਾਲ ਨਿਭਾ ਰਹੇ ਹਨ ।ਪਰ ਅੱਜ ਕੱਲ ਰਿਸਤਿਆਂ ਨੂੰ ਨਿਭਾਉਣਾ ਹਰ ਇੱਕ ਵਿਅਕਤੀ ਨੂੰ ਬੋਝ ਜਾਪਦਾ ਹੈ ਜਿਵੇ ਕਿ ਮਾਂ-ਬਾਪ ,ਪਤੀ-ਪਤਨੀ,ਨੂੰਹ -ਸੱਸ ,ਭੈਣ -ਭਰਾ,ਨਣਦ-ਭਰਜਾਈ,ਇੱਥੋ ਤੱਕ ਬਹੁਤ ਪਰਿਵਾਰਾਂ ਵਿੱਚ ਬੱਚਿਆ ਤੇ ਉਹਨਾ ਦੇ ਮਾਂ -ਬਾਪ ਦੇ ਰਿਸਤੇ ਤਨਾਅਪੂਰਨ ਹੋ ਰਹੇ ਹਨ ।ਸਮਾਜਿਕ ਰਿਸਤਿਆਂ ਦੀ ਅਹਿਮੀਅਤ, ਦੂਸਰਿਆਂ ਦਾ ਸਤਿਕਾਰ, ਸਹਿਣਸੀਲਤਾ, ਮਿਲਵਰਤਨ ਤੇ ਭਾਈਚਾਰਕ ਸਾਂਝਾਂ ਵਰਗੇ ਗੁਣ ਜੇਕਰ ਅਸੀਂ ਆਪ ਅਪਨਾਵਾਂਗੇ ਤਾਂ ਜਿਸ ਨਾਲ ਸਮਾਜ ਅਤੇ ਮਨੁੱਖ ਦੀ ਹੋਂਦ ਨੂੰ ਬਚਾਇਆ ਜਾ ਸਕੇਗਾ।

**ਗਗਨਦੀਪ ਧਾਲੀਵਾਲ ।**
**ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ ।**

# ਹਰੀਆਂ ਪੀਲੀਆਂ ਦਸਤਾਰਾਂ ਤੇ ਚੁੰਨੀਆਂ ਨੇ ਮੋਰਚੇ 'ਚ ਰੰਗ ਬਿਖੇਰੇ



ਇਸ ਸਮੇਂ ਕਿਸਾਨ ਅੰਦੋਲਨ ਪੂਰੇ ਜੋਰਾਂ ਤੇ ਹੈ ਕੌਮਾਂਤਰੀ ਪੱਧਰ ਦੇ ਅੰਦੋਲਨ ਨੂੰ ਬਹੁਤ ਹਮਾਇਤ ਮਿਲੀ ਹੈ ਉੱਤਰ ਪ੍ਰਦੇਸ ਤੇ ਹਰਿਆਣਾ ਵਿੱਚ ਹੋਈਆਂ ਮਹਾਂ ਪੰਚਾਇਤਾਂ ਤੋਂ ਬਾਅਦ ਪੰਜਾਬ ਦੇ ਜਗਰਾਓ ਸਹਿਰ ਵਿਚ ਵੱਡੀ ਪੱਧਰ ਤੇ ਹੋਈ ਮਹਾਂ ਪੰਚਾਇਤ ਵਿੱਚ ਹਰ ਵਰਗ ਨੇ ਸਮੂਲੀਅਤ ਕੀਤੀ। ਤਕਰੀਬਨ ਪੰਜਾਬ ਦੇ ਹਰ ਇੱਕ ਪਿੰਡ ਤੋਂ ਨੌਜਵਾਨ ,ਬਜੁਰਗ, ਬੱਚੇ ,ਔਰਤਾਂ ਤਕਰੀਬਨ ਹਰ ਤਬਕੇ ਨੇ ਹਾਜਰੀ ਭਰੀ। ਹੱਥਾਂ ਵਿਚ ਫੜੀਆਂ ਹਰਿਆ-ਪੀਲੀਆਂ ਝੰਡੀਆਂ , ਜੈ ਜਵਾਨ ਜੈ ਕਿਸਾਨ ਦੇ ਨਾਅਰਿਆਂ ਨਾਲ ਅਸਮਾਨ ਗੂੰਜਣ ਲੱਗਾ। ਪੰਜਾਬ ਦੀ ਧਰਤੀ ਤੋਂ ਸੁਰੂ ਹੋਇਆ ਇਹ ਅੰਦੋਲਨ ਜਨ ਅੰਦੋਲਨ ਬਣ ਗਿਆ ਹੈ ।ਨੁਮਾਇੰਦਿਆਂ ਨੇ ਕਿਹਾ ਕਿ ਮੋਦੀ ਸਰਕਾਰ ਰਾਹੀਂ ਅੰਦੋਲਨ ਨੂੰ ਤਾਰਪੀਡੋ ਕਰਨ ਲਈ ਕੋਈ ਕਸਰ ਨਹੀਂ ਛੱਡੀ ਗਈ। ਬਰੂਹਾਂ ਤੇ ਬੁਨਿਆਦੀ ਸਹੂਲਤਾਂ ਨੂੰ ਬੰਦ ਕਰ ਦਿੱਤਾ ਗਿਆ ।ਬਾਡਰਾ ਤੇ ਕਿੱਲਾ ਵੱਡੇ-ਵੱਡੇ ਸੀਮਿੰਟ ਦੇ ਪਿੱਲਰ ਤਕ ਗੱਡ ਦਿੱਤੇ ਗਏ। ਕੀ ਸਰਕਾਰਾਂ ਦਾ ਕੰਮ ਸੜਕਾਂ ਪੱਟਣ ਦਾ ਹੁੰਦਾ ਹੈ ?

26 ਜਨਵਰੀ ਤੋਂ ਬਾਅਦ ਅੰਦੋਲਨ ਹੋਰ ਵੀ ਸਿਖਰਾ ਤੇ ਪੁੱਜ ਗਿਆ ਹੈ। ਬਰੂਹਾਂ ਤੇ ਕਿਸਾਨਾਂ ਦਾ ਹੜ੍ਹ ਆ ਗਿਆ। ਸੁਰੂ ਤੋਂ ਹੀ ਕੇਂਦਰ ਸਰਕਾਰ ਧਨਾਢਾ ਦਾ ਪੱਖ ਪੂਰ ਰਹੀ ਹੈ। ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਅਸੀਂ ਆਪਣਾ ਹੱਕ ਮੰਗ ਰਹੇ ਹਾਂ। ਕੇਂਦਰ ਸਰਕਾਰ ਇਹ ਕਾਲੇ ਖੇਤੀ ਬਿੱਲ ਧੱਕੇ ਨਾਲ ਕਿਸਾਨਾਂ ਦੇ ਗਲ ਮੜ੍ਹ ਰਹੀ ਹੈ। ਜਥੇਬੰਦੀਆਂ ਨੇ ਪਿੰਡਾਂ ਵਿੱਚ ਪਾਏ ਮਤਿਆਂ ਦੀ ਵੀ ਸਲਾਘਾ ਕੀਤੀ ਤੇ ਕਿਹਾ ਕਿ ਪਿੰਡਾਂ ਵਿੱਚ ਪਾਏ ਮਤਿਆਂ ਕਾਰਨ ਹਰ ਪਿੰਡ ਤੋਂ ਨੌਜਵਾਨ ਟਰੈਕਟਰ ਟਰਾਲੀਆਂ ਜੋੜ ਕੇ ਦਿੱਲੀ ਬਾਰਡਰਾਂ ਤੇ ਪੁੱਜ ਰਹੇ ਹਨ ।ਪਿੰਡਾਂ ਵਿਚ ਆਪਸੀ ਧੜੇਬੰਦੀ ਵੀ ਖਤਮ ਹੋਈ ਹੈ। ਜੇਲਾਂ ਵਿੱਚ ਡੱਕੇ ਨੌਜਵਾਨਾਂ ਦੀ ਰਿਹਾਈ ਲਈ ਅਦਾਲਤੀ ਪ੍ਰਕਿਰਿਆ ਵੀ ਸੁਰੂ ਕੀਤੀ ਹੋਈ ਹੈ। ਉੱਧਰ ਰਾਜ ਸਭਾ ਵਿੱਚ ਮੋਦੀ ਰਾਹੀਂ ਆਪਣੇ ਭਾਸਣ ਵਿੱਚ ਕਿਸਾਨਾਂ ਨੂੰ ਅੰਦੋਲਨਜੀਵੀ ,ਪਰਜੀਵੀ ਜਿਹੇ ਸਬਦਾਂ ਦੀ ਨਿੰਦਾ ਵੀ ਕੀਤੀ ਹੈ। ਰਾਜ ਸਭਾ ਵਿੱਚ ਵੀ ਮੋਦੀ ਜੀ ਵੱਲੋਂ ਖੇਤੀ ਬਿੱਲਾਂ ਦੀ ਸਲਾਘਾ ਕੀਤੀ ਗਈ। ਉਹੀਂ ਪੁਰਾਣੀ ਦਲੀਲਾਂ ਨੂੰ ਦੁਹਰਾਇਆ ਗਿਆ ਕਿ ਕਿਸਾਨ ਆਜਾਦ ਹੋ ਗਿਆ ਹੈ। ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ ।ਕੇਂਦਰ ਤੇ ਕਿਸਾਨ ਜਥੇਬੰਦੀਆਂ ਦਰਮਿਆਨ11 ਮੀਟਿੰਗਾਂ ਹੋਈਆਂ ,ਜੋ ਕਿਸੇ ਤਣ ਪੱਤਣ ਨਾ ਲੱਗ ਸਕੀਆਂ। ਹਰਿਆਣਾ ਦੇ ਕਈ ਜਿਲ੍ਹਿਆਂ ਵਿੱਚ ਮਹਾਂ ਪੰਚਾਇਤਾਂ ਹੋਈਆਂ। ਵੱਡੇ ਪੱਧਰ ਤੇ ਹਰੇਕ ਤਬਕੇ ਨੇ ਹਾਜਰੀ ਭਰੀ ।ਯੂਪੀ ਦੇ ਕਈ ਜਿਲ੍ਹਿਆਂ ਵਿੱਚ ਵੀ ਮਹਾਨ ਪੰਚਾਇਤਾਂ ਹੋਈਆਂ ਨੌਜਵਾਨ, ਬੀਬੀਆਂ ਦੀਆਂ ਹਰੀਆਂ ਪੀਲੀਆਂ ਦਸਤਾਰਾਂ ,ਚੁੰਨੀਆਂ ਨੇ ਰੰਗ ਬੰਨ੍ਹਿਆ। ਕਿਸਾਨ ਹੁਣ ਹੋਰ ਵੀ ਜਆਿਦਾ ਉਤਸਾਹ ਨਾਲ ਭਰ ਗਏ ਹਨ। ਜਥੇਬੰਦੀਆਂ ਨੇ ਕਿਹਾ ਕਿ ਅੱਜ ਸਮਾਜ ਦਾ ਹਰ ਵਰਗ ਕਿਸਾਨੀ ਅੰਦੋਲਨ ਦੀ ਵਕਾਲਤ ਕਰ ਰਿਹਾ ਹੈ। ਵਿਦੇਸਾਂ ਤੱਕ ਵੀ ਸੰਘਰਸ ਦੀ ਗੂੰਜ ਪਹੁੰਚ ਚੁੱਕੀ ਹੈ ।ਸਰਕਾਰ ਨੂੰ ਜਮਹੂਰੀਅਤ ਦੇ ਕਾਇਦੇ ਕਾਨੂੰਨ ਕਾਇਮ ਰੱਖਣੇ ਚਾਹੀਦੇ ਹਨ ਉਸਨੂੰ ਗੱਲਬਾਤ ਦੀ ਪ੍ਰਕਿਰਿਆ ਬਹਾਲ ਕਰਨ ਲਈ ਸੁਹਿਰਦਤਾ ਦਾ ਮੁਜਾਹਰਾ ਕਰਦੇ ਹੋਏ ਮਸਲਾ ਨਿਬੇੜਨ ਲਈ ਇਮਾਨਦਾਰੀ ਵਾਲੀ ਠੋਸ ਪਹਿਲਕਦਮੀ ਕਰਨੀ ਚਾਹੀਦੀ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**



## 20-21 ਫਰਵਰੀ ਨੂੰ ਸਾਕਾ ਨਨਕਾਣਾ ਸਾਹਿਬ 'ਤੇ ਵਿਸ਼ੇਸ਼

# ਅਭੁੱਲ ਸਾਕਾ: ਸਾਕਾ ਨਨਕਾਣਾ ਸਾਹਿਬ

ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ।

ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਪਾਵਣ ਜਨਮ ਅਸਥਾਨ ਗੁ. ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਆਜ਼ਾਦ ਕਰਵਾਉਣ ਵੇਲੇ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗ੍ਹਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਣ ਦੇ ਕੇਂਦਰ ਵੱਜੋਂ ਪੇਸ਼ ਕਰਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ। ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬੱਦਤਰ ਹਾਲਾਤ ਉਸ ਸਥਾਨ ਤੇ ਬਣਾ ਛੱਡੇ ਸਨ। ਹੁਣ ਕੇਵਲ ਉੱਥੇ ਨਾਚੀਆਂ ਦਾ ਨਾਚ ਹੀ ਨਹੀਂ ਸੀ ਹੁੰਦਾ ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੇ ਇੱਜ਼ਤ ਵੀ ਮਹਿਫੂਸ ਨਹੀਂ ਸੀ ਰਹੀ। ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਵਰ੍ਹਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਘਟੀਆ ਕੁਕਰਮ (ਬਲਾਤਕਾਰ) ਕੀਤਾ। ਇਸੇ ਹੀ ਸਾਲ ਪੂਰਨਾਮਸੀ ਦੀ ਇੱਕ ਰਾਤ ਨੂੰ ਜਿਲ੍ਹਾ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ 6 ਬੀਬੀਆਂ ਜੋ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿੱਤ ਪੁਜੀਆਂ ਉਹਨਾਂ ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜੱਦ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਹਿੱਤ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4,5,6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸਦਣ ਬਾਰੇ ਵੀਚਾਰ ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਮਹੰਤ ਨਰਾਇਣ ਦਾਸ ਬਾਰੇ ਵੀਚਾਰ ਕੀਤਾ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ ਕਿਉਂ ਜੁ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤਿ ਨਹੀਂ ਆਵੇਗੀ। ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ ਕਰਕੇ ਸੱਭ ਗੁਰਮਤ ਸੁਧਾਰਕਾਂ ਨੂੰ ਖਤਮ ਕਰ ਦੇਣਾ ਹੈ। ਇਸ ਲਈ ਉਸਨੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖਾਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਹਨਾਂ ਨੇ 17 ਫਰਵਰੀ 1921 ਨੂੰ ਇੱਕ ਵਿਸ਼ੇਟਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ। ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿੱਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿੱਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ। ਮਿਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥' ਅਤੇ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥' ਦੇ ਮਾਹਾਂਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ ਤੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ "ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ।" ਇਸ ਤਰ੍ਹਾਂ ਭਾਈ ਲਛਮਣ ਸਿੰਘ ਜੀ ਦਾ ਜੱਥਾ ਸ਼ਬਦ ਪੜ੍ਹਦਾ ਹੋਇਆ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰ੍ਹਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਣ ਸਰੂਪ ਵਿੱਚ ਵੀ ਕਈ ਗੋਲੀਆਂ ਲੰਘੀਆਂ। ਇਹ ਸੀ ਜ਼ੁਲਮ ਦੀ ਇੰਤਹਾ ਸੀ। ਇਸੇ ਤਰ੍ਹਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ ਤਾਂ ਉਹਨਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ ਜੋ ਕਿ ਇੱਕ ਅਲਮਾਰੀ ਵਿੱਚ ਬੰਦ ਸੀ ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਸੀ।

ਗੁ. ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਤਰ੍ਹਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖਾਂ ਨੂੰ ਸੌਂਪੀਆਂ ਅਤੇ ਅੰਗਰੇਜ ਸਰਕਾਰ ਵੱਲੋਂ ਮੌਕੇ ਤੇ ਫਰਾਰ ਹੋਏ ਮਹੰਤ ਨੂੰ ਵੀ ਸਖਤ ਸਜ਼ਾ ਦਿੱਤੀ ਗਈ। ਇਸ ਤਰ੍ਹਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰਮਰਿਯਾਦਾ ਬਹਾਲ ਕੀਤੀ ਗਈ।

ਉਪਰੋਕਤ ਅਭੁੱਲ ਸਾਕੇ ਨੂੰ ਅੱਜ ਵੀ ਰੋਜ਼ਾਨਾ ਅਰਦਾਸ ਕਰਨ ਵੇਲੇ ਯਾਦ ਕੀਤਾ ਜਾਂਦਾ ਹੈ, 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ. ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

# ਆਈ ਬਸੰਤ, ਪਾਲਾ ਉਡੰਤ

ਭਾਰਤ ਤਿਉਹਾਰਾਂ ਦਾ ਦੇਸ ਹੈ। ਬਸੰਤ ਪੰਚਮੀ ਦਾ ਤਿਉਹਾਰ ਸਾਰੇ ਰਲ ਮਿਲ ਕੇ ਬਹੁਤ ਹੀ ਚਾਅ ਨਾਲ ਮਨਾਉਂਦੇ ਹਨ। ਬਸੰਤ ਪੰਚਮੀ ਦੀ ਆਮਦ ਤੇ ਸਵੇਰ ਸਾਮ ਥੋੜੀ ਬਹੁਤ ਠੰਡ ਹੀ ਰਹਿ ਜਾਂਦੀ ਹੈ।ਪਤੰਗਬਾਜੀ ਨੂੰ ਵੀ ਇਸ ਤਿਉਹਾਰ ਨਾਲ ਜੋੜਿਆ ਜਾਂਦਾ ਹੈ। ਇੱਕ ਕਹਾਵਤ ਵੀ ਹੈ 'ਆਈ ਬਸੰਤ, ਪਾਲਾ ਉਡੰਤ'। ਹਰ ਉਮਰ ਦਾ ਬੰਦਾ ਆਪਣੇ ਵੱਖਰੇ-ਵੱਖਰੇ ਢੰਗ ਨਾਲ ਇਸ ਤਿਉਹਾਰ ਨੂੰ ਮਨਾਉਂਦਾ ਹੈ।ਵਿਦਿਆ ਦੀ ਦੇਵੀ ਸਰਸਵਤੀ ਮਾਤਾ ਦੀ ਵੀ ਪੂਜਾ ਕੀਤੀ ਜਾਂਦੀ ਹੈ। ਘਰਾਂ ਵਿੱਚ ਪੀਲੇ ਰੰਗ ਦੇ ਪਕਵਾਨ ਬਣਦੇ ਹਨ ਤੇ ਲੋਕ ਪੀਲੇ ਰੰਗ ਦੇ ਕੱਪੜੇ ਪਾਉਂਦੇ ਹਨ।ਪੁਰਾਣੇ ਸਮੇਂ ਵਿਚ ਰਾਜੇ ਮਹਾਰਾਜੇ ਵੀ ਪਤੰਗਬਾਜੀ ਦਾ ਬਹੁਤ ਸੌਕ ਰੱਖਦੇ ਸਨ ਤੇ ਸੂਤ ਦੇ ਧਾਗਿਆਂ ਨਾਲ ਪਤੰਗਾਂ ਉਡਾਈਆਂ ਜਾਂਦੀਆਂ ਸਨ। ਪਰ ਅੱਜਕੱਲ੍ਹ ਸਮਾਂ ਬਦਲ ਗਿਆ ਹੈ ।ਘਰ ਦੀਆਂ ਛੱਤਾਂ ਤੇ ਲੋਕ ਡੀਜੇ ਲਗਾਉਂਦੇ ਹਨ ਤੇ ਭੰਗੜੇ ਪਾਉਂਦੇ ਹਨ। ਅੱਜ ਕੱਲ੍ਹ ਤਾਂ ਚਾਈਨਾ ਡੋਰ ਨਾਲ ਲੋਕ ਪਤੰਗ ਉਡਾਉਂਦੇ ਹਨ, ਜੋ ਬਹੁਤ ਹੀ ਜਿਆਦਾ ਨੁਕਸਾਨਦਾਇਕ ਹੈ। ਜਿਥੇ ਵੀ ਚਾਈਨਾ ਡੋਰ ਸਰੀਰ ਨਾਲ ਛੂੰਹਦੀ ਹੈ, ਉੱਥੇ ਜਖਮ ਕਰ ਦਿੰਦੀ ਹੈ। ਰਾਹਗੀਰਾਂ ਦੇ ਜਖਮੀ ਹੋਣ ਦਾ ਸਿਲਸਿਲਾ ਲਗਾਤਾਰ ਅਸੀਂ ਅਖਬਾਰਾਂ ਵਿੱਚ ਪੜ੍ਹਦੇ ਹਾਂ ।ਹਰ ਸਾਲ ਅਸੀਂ ਸੁਣਦੇ ਵੀ ਹਾਂ ਕਿ ਚਾਇਨਾ ਡੋਰ ਨਾਲ ਕਿੰਨੇ ਪੰਛੀਆਂ ਦੀ ਮੌਤ ਵੀ ਹੋ ਜਾਂਦੀ ਹੈ ।ਹੁਣ ਤਾਂ ਲੋਕ ਆਨਲਾਈਨ ਵੀ ਚਾਈਨਾ ਡੋਰ ਨੂੰ ਮੰਗਵਾ ਲੈਂਦੇ ਹਨ ।ਜੋ ਚਾਈਨਾ ਡੋਰ ਹੁੰਦੀ ਹੈ ਇਹ ਸਿੰਥੈਟਿਕ , ਨਾਈਲੋਨ, ਪਲਾਸਟਿਕ ਧਾਗੇ ਦੀ ਬਣੀ ਹੁੰਦੀ ਹੈ ।ਹਾਲ ਹੀ ਵਿੱਚ ਬਟਾਲਾ ਸਹਿਰ ਵਿਚ ਅਜਿਹੀ ਵਾਰਦਾਤ ਹੋਈ ਕਿ ਬੱਚਾ ਡੋਰ ਦੀ ਲਪੇਟ ਵਿਚ ਆ ਕੇ ਅੱਸੀ ਪ੍ਰਤੀਸਤ ਜਖਮੀ ਹੋ ਗਿਆ। ਖਬਰ ਵੀ ਪੜੀ ਕਿ ਕਿਸੇ ਪਿੰਡ ਵਿੱਚ ਬੱਚਾ ਪਤੰਗ ਉਡਾਉਂਦਾ ਹੋਇਆਂ ਟੋਭੇ ਵਿਚ ਜਾ ਡੁੱਬਿਆ ।ਅਕਸਰ ਘਰ ਦੀਆਂ ਛੱਤਾਂ ਤੋਂ ਵੀ ਬੱਚੇ ਪਤੰਗ ਉਡਾਉਂਦੇ ਹੋਏ ਨੀਚੇ ਡਿੱਗ ਕੇ ਆਪਣੀਆਂ ਲੱਤਾਂ ਬਾਹਾਂ ਤੜਵਾ ਲੈਂਦੇ ਹਨ। ਕਈ ਵਾਰ ਲੋਕ ਇਸ ਨੂੰ ਅਜਿਹੀ ਜਗ੍ਹਾ ਸੁੱਟ ਦਿੰਦੇ ਹਨ ਤੇ ਪੰਛੀ ਚੋਗਾ ਚੁਗਦੇ ਹੋਏ ਇਸ ਵਿੱਚ ਫਸ ਜਾਂਦੇ ਹਨ ਤੇ ਉਨ੍ਹਾਂ ਦੇ ਪੈਰਾਂ ਤੇ ਗਰਦਨ ਵਿੱਚ ਡੋਰ ਫਸਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਅਕਸਰ ਜਦੋਂ ਸਾਮ ਦਾ ਵੇਲਾ ਹੁੰਦਾ ਹੈ ਤਾਂ ਪੰਛੀ ਆਪਣੇ ਘਰਾਂ ਨੂੰ ਪਰਤ ਰਹੇ ਹੁੰਦੇ ਹਨ ਤਾਂ ਜਦੋਂ ਪਤੰਗ ਉਡ ਰਹੀ ਹੁੰਦੀ ਹੈ ਤਾਂ ਉਹ ਪੰਛੀ ਡੋਰ ਦੇ ਲਪੇਟ ਵਿੱਚ ਆ ਜਾਂਦੇ ਹਨ। ਜਿਸ ਕਾਰਨ ਪੰਛੀ ਵੀ ਝੁਲਸ ਜਾਂਦੇ ਹਨ। ਪ੍ਰਸਾਸਨ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਜਿਹੇ ਦੁਕਾਨਦਾਰ ਜੋ ਡੋਰ ਵੇਚਦੇ ਹਨ, ਉਨਾਂ ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਮਾਂ ਬਾਪ ਨੂੰ ਵੀ ਆਪਣੇ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਇਹ ਖਤਰਨਾਕ ਡੋਰ ਨੁਕਸਾਨਦਾਇਕ ਹੈ। ਅਕਸਰ ਅਸੀਂ ਦੇਖਦੇ ਹਾਂ ਕਿ ਕਈ ਮਾਂ-ਬਾਪ ਵੀ ਬੱਚਿਆਂ ਦੀ ਜਿੱਦ ਅੱਗੇ ਝੁਕ ਜਾਂਦੇ ਹਨ ,ਪਰ ਇਹ ਬਿਲਕੁਲ ਗਲਤ ਹੈ ।ਸਮਾਜ ਵੱਲੋਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ।ਜਲ੍ਹਿਾ ਪੱਧਰ ਤੇ ਜਾਂ ਸਕੂਲਾਂ ਵਿੱਚ ਪ੍ਰਿੰਸੀਪਲਾਂ ਵੱਲੋਂ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨੁਮਾਇੰਦਿਆਂ ਵੱਲੋਂ ਵੀ ਲੋਕ ਸਭਾ ਵਿੱਚ ਇਹ ਮੁੱਦਾ ਬੜੇ ਹੀ ਜੋਰ ਸੋਰ ਨਾਲ ਚੁੱਕਣਾ ਚਾਹੀਦਾ ਹੈ। ਗੁਆਂਢੀ ਦੇਸ ਪਾਕਿਸਤਾਨ ਦੇ ਲਾਹੌਰ ਵਿੱਚ ਪੂਰਨ ਤੌਰ ਤੇ ਪਤੰਗ ਉਡਾਉਣ ਤੇ ਪਾਬੰਦੀ ਹੈ ।ਆਓ ਰਲ-ਮਿਲ ਕੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੀਏ।



ਸੰਜੀਵ ਸਿੰਘ ਸੈਣੀ, ਮੋਹਾਲੀ।



# ਬਸੰਤ ਰੁੱਤ

ਸਾਡਾ ਭਾਰਤ ਦੇਸ ਰੁੱਤਾਂ ਦਾ ਦੇਸ ਹੈ ਅਤੇ ਵਾਰੋ-ਵਾਰੀ ਆਉਂਦੀਆਂ ਸਾਲ ਦੀਆਂ ਛੇ ਰੁੱਤਾਂ ਵਿੱਚੋਂ ਸਭਨਾਂ 'ਚੋਂ ਪਿਆਰੀ ਰੁੱਤ ਬਸੰਤ ਨੂੰ ਮੰਨਿਆ ਗਿਆ ਹੈ। ਪ੍ਰਾਚੀਨ ਭਾਰਤ ਦੇ ਸਮੇਂ ਤੋਂ ਹੀ ਵਰ੍ਹੇ ਨੂੰ ਵੰਡੇ ਜਾਣ ਵਾਲੇ ਛੇ ਮੌਸਮਾਂ ਵਿੱਚੋਂ ਬਸੰਤ ਸਭ ਤੋਂ ਵਧੇਰੇ ਪਸੰਦੀਦਾ ਮੌਸਮ ਰਿਹਾ ਹੈ। ਇਸ ਮੌਸਮ ਦੌਰਾਨ ਕਈ ਥਾਈਂ ਮੇਲੇ ਲੱਗਦੇ ਹਨ ।

ਇਸ ਨੂੰ ਰੁੱਤਾਂ ਦਾ ਰਾਜਾ ਬਸੰਤ ਕਿਹਾ ਗਿਆ ਹੈ। ਬਸੰਤ ਦੇ ਇਸ ਮੌਸਮ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ ਕਿਉਂਕਿ ਇਸ ਰੁੱਤ ਬਸੰਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਦਬਾਓ ਘਟ ਜਾਂਦਾ ਹੈ ਅਤੇ ਦਰੱਖਤਾਂ ਅਤੇ ਪੌਦਿਆਂ ਦੇ ਝੜੇ ਪੱਤੇ ਅਤੇ ਫੁੱਲ ਫਿਰ ਨਵੇਂ ਰੂਪ ਵਿੱਚ ਖਿੱਲ ਉੱਠਦੇ ਹਨ ਅਤੇ ਸਭਨਾਂ ਵਿੱਚ ਇੱਕ ਨਵੀਂ ਸ਼ਕਤੀ ਦਿਖਾਈ ਦੇਣ ਲਗਦੀ ਹੈ। ਇਨਸਾਨੀ ਸਰੀਰ ਵਿੱਚ ਖੂਨ ਦਾ ਵਹਾਅ ਤੇਜ ਹੋ ਜਾਣ ਸਦਕਾ ਮਨੁੱਖ ਨਵੀਂ ਫੁਰਤੀ ਅਨੁਭਵ ਕਰਨ ਲਗਦੇ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ, ਇਸੇ ਲਈ ਕਿਹਾ ਜਾਂਦਾ ਹੈ: 'ਆਈ ਬਸੰਤ ਪਾਲਾ ਉਡੰਤ'।

ਇਸ ਸੁਹਾਵਨੀ ਰੁੱਤ ਬਸੰਤ ਵਿੱਚ ਨਾ ਵਧੇਰੇ ਗਰਮੀ, ਨਾ ਵਧੇਰੇ ਸਰਦੀ ਹੁੰਦੀ ਹੈ। ਇਸ ਰੁੱਤ ਵਿੱਚ ਪੱਤਾ-ਪੱਤਾ ਅਤੇ ਡਾਲੀ-ਡਾਲੀ ਸਭ ਖਿੜ ਉੱਠਦੇ ਹਨ ਅਤੇ ਹਰ ਪਾਸੇ ਫੁੱਲਾਂ ਦੀ ਬਹਾਰ ਹੁੰਦੀ ਹੈ। ਧਰਤੀ 'ਤੇ ਹਰ ਪਾਸੇ ਸੁੱਕੀ ਪਈ ਬਨਸਪਤੀ ਉਸ ਵਿੱਚ ਪੈਦਾ ਹੋਈ ਹਰਿਆਲੀ ਸਦਕਾ ਟਹਿਕ ਉੱਠਦੀ ਹੈ। ਹਰ ਪਾਸੇ ਖਿੜੀ ਫੁੱਲਾਂ ਦੀ ਬਹਾਰ ਸਦਕਾ ਇਨ੍ਹਾਂ ਉੱਪਰ ਸਹਿਦ ਦੇਣ ਵਾਲੀਆਂ ਮੱਖੀਆਂ ਅਤੇ ਤਿਤਲੀਆਂ ਉਡਾਰੀਆਂ ਭਰਦੀਆਂ ਹਨ ਅਤੇ ਭੌਰੇ ਖੁਸ਼ੀ ਵਿੱਚ ਗੁਣਗੁਣਾਉਂਦੇ ਹਨ, ਕੋਇਲ ਵੀ ਮਸਤੀ ਵਿੱਚ ਕੂ-ਕੂ ਦੀ ਆਵਾਜ ਨਾਲ ਚੌਗਿਰਦੇ ਨੂੰ ਸੰਗੀਤਮਈ ਬਣਾ ਦਿੰਦੀ ਹੈ।

ਬਸੰਤ ਦਾ ਸੰਸਕ੍ਰਿਤ ਵਿੱਚ ਸ਼ਾਬਦਿਕ ਅਰਥ ਬਹਾਰ ਦਾ ਹੈ। ਇਸਨੂੰ ਬਸੰਤ ਪੰਚਮੀ ਇਸ ਲਈ ਕਿਹਾ ਜਾਂਦਾ ਹੈ ਬਸੰਤ ਰੁੱਤ ਦਾ ਅਸਲੀ ਮਹੀਨਾ ਭਾਵੇਂ ਕਿ ਚੇਤ ਤੇ ਵਿਸਾਖ ਮੰਨਿਆ ਗਿਆ ਹੈ ਕਿਉਂਕਿ ਛੇ ਰੁੱਤਾਂ ਸਾਲ ਵਿੱਚ ਆਉਣ ਸਦਕਾ ਇਸ ਦੇ ਹਿੱਸੇ ਵੀ ਦੋ ਮਹੀਨੇ ਹੀ ਆਉਂਦੇ ਹਨ ਅਤੇ ਚੇਤ ਮਹੀਨੇ ਵਿੱਚ ਹੀ ਇਸ ਰੁੱਤ ਦਾ ਅਸਲੀ ਆਗਮਨ ਹੁੰਦਾ ਹੈ ਪਰ ਇਸ ਰੁੱਤ ਦਾ ਪ੍ਰਭਾਵ ਫੱਗਣ ਮਹੀਨੇ ਵਿੱਚ ਹੀ ਦਿਖਾਈ ਦੇਣ ਲਗਦਾ ਹੈ ਇਸ ਲਈ ਇਸ ਦਾ ਆਨੰਦ 3 ਮਹੀਨੇ ਫੱਗਣ ਤੋਂ ਵਿਸਾਖ ਤਕ ਮਿਲਦਾ ਹੈ ਪਰ ਇਸ ਰੁੱਤ ਬਸੰਤ ਦੀ ਆਮਦ ਦੀ ਖੁਸੀ ਦਾ ਤਿਉਹਾਰ ਬਸੰਤ ਪੰਚਮੀ ਮਾਘ ਦੇ ਮਹੀਨੇ ਮਨਾਇਆ ਜਾਂਦਾ ਹੈ। ਇਸੇ ਲਈ ਇਸ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ।

ਹਕੀਕਤ ਰਾਏ ਦੀ ਸਹਾਦਤ ਅਤੇ ਨਾਮਧਾਰੀ ਗੁਰੂ ਰਾਮ ਸਿੰਘ ਦਾ ਬਸੰਤ ਪੰਚਮੀ ਦੇ ਤਿਉਹਾਰ ਨਾਲ ਬੜਾ ਗੂੜ੍ਹਾ ਸਬੰਧ ਹੈ ਹਕੀਕਤ ਰਾਏ ਦੀ ਸਮਾਧ ਲਾਹੌਰ ਤੋਂ ਦੋ ਮੀਲ ਚੜ੍ਹਦੇ ਵੱਲ ਬਣੀ ਹੋਈ ਹੈ ਜਿਸ 'ਤੇ ਬਸੰਤ ਪੰਚਮੀ ਦਾ ਮੇਲਾ ਹਰ ਸਾਲ ਬੜੀ ਧੂਮਧਾਮ ਨਾਲ ਲਗਦਾ ਹੈ। ਲਾਹੌਰ ਨਿਵਾਸੀ ਇਸ ਨੂੰ 'ਪਤੰਗਾਂ ਦੇ ਤਿਉਹਾਰ' ਵਜੋਂ ਮਨਾਉਂਦੇ ਹਨ ਭਾਰਤ ਦੇ ਆਜਾਦੀ ਸੰਗਰਾਮ ਵਿੱਚ ਕੂਕਾ ਲਹਿਰ ਦੇ ਮੋਢੀ ਨਾਮਧਾਰੀ ਗੁਰੂ ਰਾਮ ਸਿੰਘ ਦਾ ਜਨਮ ਵੀ ਫਰਵਰੀ 1816 ਦੀ ਬਸੰਤ ਪੰਚਮੀ ਦੀ ਰਾਤ ਨੂੰ ਪਿੰਡ ਭੈਣੀ ਰਾਈਆਂ ਜਲ੍ਹਿਾ ਲੁਧਿਆਣਾ ਵਿਖੇ ਹੋਇਆ ਸੀ। ਹਰ ਸਾਲ ਬਸੰਤ ਪੰਚਮੀ ਨੂੰ ਭੈਣੀ ਸਾਹਿਬ ਵਿਖੇ ਉਹਨਾਂ ਦਾ ਜਨਮ ਉਤਸਵ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ

ਪੰਜਾਬ ਵਿੱਚ ਇਸ ਦਿਨ ਸਬੰਧਤ ਇੱਕ ਮੇਲਾ ਇਸ ਦਿਨ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਲਗਦਾ ਹੈ ਜਿਹੜਾ ਕਿ ਇੱਕ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਅਤੇ ਇੱਥੇ ਬਣੇ ਸਰੋਵਰ ਵਿੱਚ ਸਰਧਾਲੂ ਬੜੀ ਸਰਧਾ ਨਾਲ ਇਸਨਾਨ ਕਰਦੇ ਹਨ ਸੋਧੋ

ਪਰ ਇਸ ਰੁੱਤ ਦੇ ਦੋ ਮਹੀਨੇ ਦੇ ਹੋਣ ਤੋਂ ਪਹਿਲਾਂ ਹੀ 40 ਦਿਨ ਮਾਘ ਵਿੱਚ ਸੁਰੂ ਹੋਣ ਸੰਬੰਧੀ ਇੱਕ ਬੜੀ ਰੋਚਕ ਤੇ ਪੌਰਾਣਿਕ ਜਾਣਕਾਰੀ ਮਿਲਦੀ ਹੈ ਜਿਸ ਅਨੁਸਾਰ ਕਿਹਾ ਜਾਂਦਾ ਹੈ ਕਿ ਇੱਕ ਸਮੇਂ ਬਸੰਤ ਤੋਂ ਇਲਾਵਾ ਬਾਕੀ ਦੀਆਂ ਪੰਜ ਰੁੱਤਾਂ ਨੇ ਇਕੱਠੇ ਹੋ ਕੇ ਬਸੰਤ ਨੂੰ ਆਪਣਾ ਰਾਜਾ ਮੰਨਿਆ ਅਤੇ ਆਪਣੇ ਦੋ-ਦੋ ਮਹੀਨਿਆਂ ਵਿੱਚ 8-8 ਦਿਨ ਬਸੰਤ ਨੂੰ ਦਿੱਤੇ ਜਿਸ ਸਦਕਾ ਬਸੰਤ ਰੁੱਤ ਕੋਲ 40 ਦਿਨ ਵਧ ਜਾਣ ਕਾਰਨ ਬਸੰਤ ਰੁੱਤ ਸਭ ਤੋਂ ਵੱਡੀ ਹੋ ਗਈ।

ਕਲਾ ਤੇ ਵਿਦਿਆ ਦੀ ਦੇਵੀ ਸਰਸਵਤੀ ਦਾ ਜਨਮ ਦਿਨ ਵੀ ਬਸੰਤ ਪੰਚਮੀ ਨੂੰ ਹੀ ਮਨਾਇਆ ਜਾਂਦਾ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਸ੍ਰੀ ਬ੍ਰਹਮਾ ਜੀ ਜਦੋਂ ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਬਾਅਦ, ਆਪਣੀ ਰਚੀ ਇਸ ਰਚਨਾ ਨੂੰ ਦੇਖਣ ਨਿਕਲੇ ਤਾਂ ਉਨ੍ਹਾਂ ਨੇ ਚਾਰੇ ਪਾਸੇ ਸੁੰਨਸਾਨ ਦੇਖਿਆ, ਉਸ ਵੱਲੋਂ ਪੈਦਾ ਕੀਤੇ ਸਭ ਜੀਵ ਜੰਤੂ ਚੁੱਪ ਅਤੇ ਉਦਾਸ ਸਨ, ਸ੍ਰੀ ਬ੍ਰਹਮਾ ਜੀ ਇਹ ਦੇਖ ਕੇ ਸੋਚ ਵਿੱਚ ਪੈ ਗਏ ਅਤੇ ਆਪਣੇ ਕਰਮੰਡਲ ਵਿੱਚੋਂ ਜਲ ਲੈ ਕੇ ਕਮਲ-ਫੁੱਲ 'ਤੇ ਛਿੜਕਿਆ ਜਿਸ 'ਤੇ ਕਮਲ ਫੁੱਲ ਵਿੱਚੋਂ ਇੱਕ ਸੁੰਦਰ ਦੇਵੀ ਪ੍ਰਗਟ ਹੋਈ ਜਿਸ ਨੇ ਚਿੱਟੇ ਕੱਪੜੇ ਪਹਿਨੇ ਹੋਏ ਸਨ ਅਤੇ ਦੋ ਹੱਥਾਂ ਨਾਲ ਬੀਨ ਬਜਾ ਰਹੀ ਸੀ ਇੱਕ ਹੱਥ ਵਿੱਚ ਮਾਲਾ ਅਤੇ ਇੱਕ ਹੱਥ ਵਿੱਚ ਪੁਸਤਕ ਸੀ, ਸ੍ਰੀ ਬ੍ਰਹਮਾ ਜੀ ਨੇ ਇਸ ਦੇਵੀ ਨੂੰ ਕਿਹਾ ਕਿ ਆਪਣੀ ਵੀਣਾ ਨਾਲ ਇਸ ਸੰਸਾਰ ਦੀ ਚੁੱਪ ਦੂਰ ਕਰੋ। ਇਸ 'ਤੇ ਇਸ ਦੇਵੀ ਨੇ ਬੀਨ ਵਜਾ ਕੇ ਸਭ ਜੀਵਾਂ ਨੂੰ ਵਾਣੀ ਪ੍ਰਦਾਨ ਕੀਤੀ। ਇਸ ਦੇਵੀ ਦੇ ਹੱਥ ਵਿੱਚ ਬੀਨ ਹੋਣ ਕਾਰਨ ਇਸ ਨੂੰ ਬੀਨ ਵਾਦਿਨੀ ਜਾਂ ਬੀਣਾ ਧਾਰਨੀ ਵੀ ਕਹਿੰਦੇ ਹਨ, ਬਸੰਤ ਪੰਚਮੀ ਦੇ ਦਿਨ ਨੂੰ ਸਰਸਵਤੀ ਦਿਵਸ ਦੇ ਰੂਪ ਵਿੱਚ ਵੀ ਮਨਾਇਆ ਜਾਂਦਾ ਹੈ।

ਬਸੰਤ ਪੰਚਮੀ ਨੂੰ ਮੌਸਮੀ ਤਿਉਹਾਰ ਦੇ ਰੂਪ ਵਿੱਚ ਵਧੇਰੇ ਮਨਾਇਆ ਜਾਂਦਾ ਹੈ ਜਿਸ ਦੇ ਪੀਲੇ ਰੰਗ ਨਾਲ ਵਿਸੇਸ ਲਗਾਓ ਹੈ। ਇਸ ਦਿਨ ਵਧੇਰੇ ਲੋਕਾਂ ਵੱਲੋਂ ਪੀਲੇ ਰੰਗ ਦੇ ਕੱਪੜੇ ਪਹਿਨੇ ਜਾਂਦੇ ਹਨ। ਘਰ ਵਿੱਚ ਕਈ ਪਕਵਾਨ ਵੀ ਪੀਲੇ ਰੰਗ ਦੇ ਬਣਾਏ ਜਾਂਦੇ ਹਨ। ਬਸੰਤ ਪੰਚਮੀ ਵਾਲੇ ਦਿਨ ਪਤੰਗ ਉਡਾਉਣ ਦਾ ਵੀ ਰਿਵਾਜ ਹੈ ਹਰ ਥਾਂ 'ਤੇ ਭਾਰੀ ਗਿਣਤੀ ਵਿੱਚ ਨੌਜਵਾਨ ਅਤੇ ਬੱਚੇ ਪਤੰਗ ਉਡਾਉਂਦੇ ਹਨ ਅਤੇ ਵੱਡੀਆਂ-ਵੱਡੀਆਂ ਸਰਤਾਂ ਵੀ ਲਗਾਉਂਦੇ ਹਨ। ਇਸ ਦਿਨ ਪੀਲੇ ਕੱਪੜੇ ਪਹਿਨਣ ਦਾ ਵਧੇਰੇ ਰਿਵਾਜ ਰਾਜਸਥਾਨ, ਉੱਤਰ ਪ੍ਰਦੇਸ ਅਤੇ ਮਹਾਂਰਾਸਟਰ ਵਿੱਚ ਹੈ। ਰਾਜਸਥਾਨ ਵਿੱਚ ਔਰਤਾਂ ਪੀਲੀਆਂ ਸਾੜ੍ਹੀਆਂ, ਲਹਿੰਗੇ ਆਦਿ ਪਾਉਂਦੀਆਂ ਹਨ। ਪੱਛਮੀ ਬੰਗਾਲ ਵਿੱਚ ਵੀ ਇਸ ਦਿਨ ਪੀਲੇ ਕੱਪੜੇ ਪਹਿਨਣ ਦਾ ਕਾਫੀ ਰਿਵਾਜ ਹੈ ਅਤੇ ਇੱਥੇ ਇਹ ਦਿਨ ਬੜੇ ਉਤਸਾਹ ਨਾਲ ਸਰਸਵਤੀ ਪੂਜਾ ਨਾਲ ਮਨਾਇਆ ਜਾਂਦਾ ਹੈ। ਪੂਰਬੀ-ਉੱਤਰ ਪ੍ਰਦੇਸ ਵਿੱਚ ਬਸੰਤ ਪੰਚਮੀ ਨੂੰ ਹੋਲੀ ਗਾਉਂਦੇ ਹਨ ਅਤੇ ਫਾਗ ਮਨਾਉਂਦੇ ਹਨ ਅਤੇ ਇਹ ਸਿਲਸਿਲਾ ਫੱਗਣ ਦੀ ਪੂਰਨਮਾਸੀ ਹੋਲੀ ਤਕ ਚੱਲਦਾ ਰਹਿੰਦਾ ਹੈ।

ਇਸ ਮੌਸਮ ਬਸੰਤ ਰੁੱਤ ਨੂੰ ਕਵਿਤਾ ਖੇਤਰ ਵਿੱਚ ਵੀ ਪੂਰਨ ਤੌਰ 'ਤੇ ਮਾਨਤਾ ਪ੍ਰਾਪਤ ਹੈ, ਸਾਇਦ ਹੀ ਕੋਈ ਕਵੀ ਅਜਿਹਾ ਜਿਸ ਨੇ ਆਪਣੀ ਕਵਿਤਾ ਵਿੱਚ ਬਸੰਤ ਰੁੱਤ ਨੂੰ ਸਾਮਲ ਨਾ ਕੀਤਾ ਹੋਵੇ। ਇਸ ਦਾ ਗੁਣਗਾਣ ਕਰਨ ਵਾਲੇ ਕਵੀਆਂ ਵਿੱਚ ਆਦੀਕਾਵਿ ਬਾਲਮੀਕ ਅਤੇ ਮਹਾਂਕਵੀ ਕਾਲੀਦਾਸ ਨੇ ਤਾਂ ਬਸੰਤੀ ਸੰਯੋਗ ਵਿਯੋਗ ਦਾ ਚਿਤਰਨ ਬੜੇ ਹੀ ਨੇੜਿਓਂ ਛੋਹਦੇ ਹੋਏ ਕੀਤਾ ਅਤੇ ਇਸ ਦਾ ਗੁਣਗਾਣ ਕਰਨ ਵਾਲਿਆਂ ਵਿੱਚ ਵਿੱਦਿਆਪਤੀ, ਨੰਦ ਦਾਸ, ਚੰਦਰਵਰਦਾਈ, ਪਦਮਾਕਰ, ਅਬ੍ਦੁਰ ਰਹਿਮਾਨ, ਸੇਨਾਪਤੀ, ਹਰੀਸ ਚੰਦਰ, ਬਿਹਾਰੀ ਆਦਿ ਦੇ ਨਾਂ ਪ੍ਰਮੁੱਖ ਹਨ।

ਭਾਵੇਂ ਕਿ ਇਹ ਤਿਉਹਾਰ ਪਹਿਲਾਂ ਦੇ ਸਮੇਂ ਵਿਚ ਬਹੁਤ ਉਤਸ਼ਾਹ ਅਤੇ ਮਰਿਆਦਾ ਵਿਚ ਰਹਿਕੇ ਮਨਾਇਆ ਜਾਂਦਾ ਸੀ। ਪਰ ਅੱਜ ਦੇ ਲੋਕਾਂ ਵਲੋਂ ਇਹ ਤਿਉਹਾਰ ਆਪਣੇ ਨਵੇਂ ਤੌਰ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਬਸੰਤ ਦੇ ਤਿਉਹਾਰ ਵਾਲੇ ਦਿਨ ਕਈ ਲੋਕ ਸ਼ਰਾਬ ਦਾ ਸੇਵਨ ਕਰਨ ਲੱਗ ਪਏ ਹਨ। ਜੋ ਕਿ ਬਹੁਤ ਸ਼ਰਮਨਾਕ ਗੱਲ ਹੈ। ਅਸੀਂ ਇਸ ਪਵਿੱਤਰ ਤਿਉਹਾਰ ਵਾਲੇ ਦਿਨ ਵੀ ਆਪਣੇ ਨਸ਼ਿਆਂ ਦੀ ਹਵਾ ਨੂੰ ਚਲਾ ਰਹੇ ਹਾਂ। ਜਿੱਥੇ ਲੋਕੀਂ ਇਸ ਤਿਉਹਾਰ ਨੂੰ ਨਸ਼ਿਆਂ ਦੀ ਹਵਾ ਨਾਲ ਗੰਦਲਾ ਕਰ ਰਹੇ ਹਨ। ਉੱਥੇ ਹੀ ਕੁੱਝ ਲੋਕ ਇਸ ਤਿਉਹਾਰ ਨੂੰ ਖੂਨ ਦੇ ਲਾਲ ਰੰਗ ਨਾਲ ਰੰਗ ਰਹੇ ਹਨ।

ਜਿੱਥੇ ਪਹਿਲਾਂ ਲੋਕੀਂ ਇਸ ਤਿਉਹਾਰ ਵਾਲੇ ਦਿਨ ਸਾਦੇ ਧਾਗੇ ਨਾਲ ਪਤੰਗ ਉਡਾਉਂਦੇ ਸਨ। ਉੱਥੇ ਹੀ ਹੁਣ ਦੇ ਸਮੇਂ ਬਾਜ਼ਾਰ ਵਿਚ ਵੱਖ ਵੱਖ ਤਰਾਂ ਦੇ ਧਾਗੇ ਆ ਗਏ ਹਨ। ਜਿਨ੍ਹਾਂ ਸੀ ਧਾਰ ਬਹੁਤ ਤੇਜ਼ ਅਤੇ ਜਾਨ ਲੇਵਾ ਸਿੱਧ ਹੁੰਦੀ ਹੈ। ਇਸ ਧਾਗੇ ਦੀ ਵਰਤੋਂ ਨਾਲ ਕਈ ਲੋਕਾਂ ਦੀ ਜਾਨ ਵੀ ਜਾ ਚੁਕੀ ਹੈ। ਹਰ ਸਾਲ ਕਈ ਲੋਕ ਇਸ ਧਾਗੇ ਕਾਰਨ ਆਪਣੀ ਜਾਨ ਤੋਂ ਜਾਂਦੇ ਹਨ। ਕਈ ਵਾਰ ਤਾਂ ਰਾਹ ਜਾਂਦੇ ਲੋਕਾਂ ਦੇ ਸਿਰ ਉਹਨਾਂ ਦੇ ਧੜ ਤੋਂ ਵੀ ਵੱਖ ਹੋ ਜਾਂਦੇ ਹਨ। ਉੱਥੇ ਹੀ ਹਜ਼ਾਰਾਂ ਦੀ ਗਿਣਤੀ ਵਿਚ ਅਸਮਾਨੀ ਪੰਛੀ ਇਸ ਤੇਜ਼ ਧਾਗੇ ਕਾਰਨ ਆਪਣੀ ਜਾਨ ਗੁਆਂ ਦਿੰਦੇ ਹਨ।

ਤਾਂ ਇਸ ਕਰਕੇ ਸਾਨੂੰ ਚਾਹੀਦਾ ਹੈ ਕਿ ਅਸੀਂ ਤੇਜ਼ ਧਾਰ ਵਾਲੇ ਧਾਗੇ ਦੀ ਵਰਤੋਂ ਨਾ ਕਰੀਏ, ਅਤੇ ਸਾਦੇ ਧਾਗੇ ਨਾਲ ਹੀ ਪਤੰਗ ਨੂੰ ਉਡਾਈਏ। ਤਾਂਕਿ ਜਿਸ ਨਾਲ ਲੋਕਾਂ ਦੇ ਨਾਲ ਨਾਲ ਸਾਡੀ ਆਪਣੀ ਵੀ ਜਾਨ ਨੂੰ ਕੋਈ ਖਤਰਾ ਨਾ ਹੋਵੇ। ਇਹ ਧਾਗੇ ਸਾਡੇ ਲਈ ਵੀ ਉਹਨਾਂ ਹੀ ਖਤਰਨਾਕ ਹੈ ਜਿਨ੍ਹਾਂ ਕਿ ਆਮ ਲੋਕਾਂ ਅਤੇ ਬੇਜ਼ੁਬਾਨ ਪੰਛੀਆਂ ਦੇ ਲਈ। ਅੰਤ ਵਿਚ ਅਸੀਂ ਇਹੀ ਉਮੀਦ ਅਤੇ ਆਸ ਕਰਦੇ ਹਾਂ ਕਿ ਤੁਸੀਂ ਇਸ ਪਵਿੱਤਰ ਦਿਨ ਨੂੰ ਨਸ਼ਿਆਂ ਦੀ ਹਵਾ ਤੋਂ ਦੂਰ ਰੱਖੋਗੇ ਅਤੇ ਆਪਣੇ ਨਾਲ ਨਾਲ ਹੋਰਾਂ ਲੋਕਾਂ ਅਤੇ ਪੰਛੀਆਂ ਦੀ ਜਾਨ ਦੀ ਰੱਖਿਆ ਕਰੋਗੇ।

**ਜਸਕੀਰਤ ਸਿੰਘ**
**ਮੋਬਾਈਲ :- 98889-49201**
**ਮੰਡੀ ਗੋਬਿੰਦਗੜ੍ਹ ( ਜ਼ਿਲ੍ਹਾ :- ਫ਼ਤਹਿਗੜ੍ਹ ਸਾਹਿਬ**

# ਆਈ ਬਸੰਤ ਪਾਲ਼ਾ ਉਡੰਤ

ਭਾਰਤ ਬਹੁਰੁੱਤਾ ਦੇਸ ਹੈ। ਇੱਥੋਂ ਦੇ ਵਾਸੀ ਕੁਦਰਤ ਦੀ ਹਰ ਨਿਆਮਤ ਨੂੰ ਮਹਿਸੂਸ ਕਰਦੇ ਹਨ। ਇੱਥੇ ਜ਼ੀਰੋ ਡਿਗਰੀ ਤਾਪਮਾਨ ਤੋਂ ਪੰਜਾਹ ਡਿਗਰੀ ਤੱਕ ਦਾ ਸਫਰ ਆਉਂਦਾ ਹੈ। ਇੱਥੋਂ ਦੇ ਲੋਕਾਂ ਦਾ ਨਸੀਬ ਇਹ ਹੈ ਇਹ ਹਰ ਰੁੱਤ ਨੂੰ ਮਾਣਦੇ ਹਨ। ਗਰਮੀ, ਸਰਦੀ,ਬਰਸਾਤ, ਪਤਝੜ, ਵਰਖਾ ਅਤੇ ਬਸੰਤ ਰੁੱਤ। ਹਰ ਰੁੱਤ ਦਾ ਅਪਣਾ ਇਕ ਇਤਿਹਾਸ ਹੈ। ਹਰ ਰੁੱਤ ਆਪਣੀ ਜਗ੍ਹਾ ਰਾਣੀ ਹੈ ਪਰ ਫਿਰ ਵੀ ਬਸੰਤ ਰੁੱਤ ਨੂੰ ਸਾਰੀਆਂ ਰੁੱਤਾਂ ਦੀ ਰਾਣੀ ਮੰਨਿਆ ਜਾਂਦਾ ਹੈ। ਕਹਿੰਦੇ ਹਨ ਕਿ ਸਰਵਤੀ ਜੀ ਨੂੰ ਸ੍ਰੀ ਕ੍ਰਿਸਨ ਜੀ ਨੇ ਵਰਦਾਨ ਦਿੱਤਾ ਸੀ ਕਿ ਬਸੰਤ ਪੰਚਮੀਂ ਵਿੱਚ ਤੇਰੀ ਪੂਜਾ ਹੋਵੇਗੀ। ਭਾਰਤ ਦੇ ਕਈ ਹਿੱਸਿਆਂ ਵਿਚ ਇਸ ਦਿਨ ਦੇਵੀ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਪੰਜਾਬ ਵਿੱਚ ਵੀ ਬਸੰਤ ਰੁੱਤ ਦੀ ਪੰਚਵੀਂ ਬੜੇ ਉਤਸਾਹ ਨਾਲ ਮਨਾਈ ਜਾਂਦੀ ਹੈ।

ਪਟਿਆਲੇ ਦੁੱਖ ਨਿਵਾਰਨ ਸਾਹਿਬ ਗੁਰਦੁਆਰੇ ਚ ਇਸ ਦਿਨ ਬੜਾ ਇਕੱਠ ਹੁੰਦਾ ਹੈ। ਲੋਕ ਦੂਰੋਂ ਦੂਰੋਂ ਇੱਥੇ ਮੱਥਾ ਟੇਕਣ ਤੇ ਇਸਨਾਨ ਕਰਨ ਆਉਂਦੇ ਹਨ।ਇਸ ਤੋਂ ਇਲਾਵਾ ਬੱਚਿਆਂ ਤੇ ਵੱਡਿਆਂ ਵੱਲੋਂ ਪਤੰਗ ਉਡਾਏ ਜਾਂਦੇ ਹਨ। ਲੋਕਾਂ ਵਾਲੇ ਖਾਣ ਲਈ ਪੀਲੇ ਰੰਗ ਦੇ ਪਕਵਾਨ ਬਣਾਏ ਜਾਂਦੇ ਹਨ। ਲੋਕ ਇਸ ਦਿਨ ਪੀਲੇ ਕੱਪੜੇ ਪਾਉਂਦੇ ਹਨ। ਬਜਾਰਾਂ ਵਿੱਚ ਬਹੁਤ ਰੌਣਕ ਹੁੰਦੀ ਹੈ ਬੇਸ਼ਕ ਪਤੰਗ ਬਾਜੀ ਦਾ ਇਸ ਰੁੱਤ ਨਾਲ ਕੋਈ ਸੰਬੰਧ ਨਹੀਂ ਹੈ ਫਿਰ ਵੀ ਪਿੰਡਾਂ ਤੇ ਸ਼ਹਿਰਾਂ ਚ ਪਤੰਗ ਉਡਾਏ ਜਾਂਦੇ ਹਨ। ਪਤੰਗਬਾਜੀ ਦਾ ਇਹ ਰਿਵਾਜ ਕਾਫੀ ਪੁਰਾਣਾ ਹੈ ਜਿਹੜਾ ਕਿ ਬਹੁਤ ਸਾਲ ਪਹਿਲਾਂ ਚੀਨ ਤੋਂ ਸ਼ੁਰੂ ਹੋਇਆ ਸੀ। ਸੰਤਾਲੀ ਦੀ ਵੰਡ ਤੋਂ ਪਹਿਲਾਂ ਲਾਹੌਰ ਵਿਖੇ ਵੀਰ ਹਕੀਕਤ ਰਾਏ ਦੀ ਸਮਾਧ ਤੇ ਬਹੁਤ ਭਾਰੀ ਮੇਲਾ ਲਗਦਾ ਹੁੰਦਾ ਸੀ।

ਲੋਕ ਦੂਰੋਂ ਦੂਰੋਂ ਇਸ ਮੇਲੇ ਨੂੰ ਦੇਖਣ ਆਉਂਦੇ ਸਨ। ਓਹ ਹਕੀਕਤ ਰਾਏ ਨੂੰ ਅਪਣਾ ਸ਼ਹੀਦ ਮੰਨਦੇ ਸਨ। ਇਸੇ ਦਿਨ ਉਸ ਨੂੰ ਹਾਕਮਾਂ ਦੇ ਅਤਿਆਚਾਰਾਂ ਵਿਰੁੱਧ ਬੋਲਣ ਕਰਕੇ ਫਾਹੇ ਟੰਗ ਦਿੱਤਾ ਸੀ।ਲੋਕ ਉਸ ਪ੍ਰਤੀ ਬੜੀ ਸਰਧਾ ਭਾਵਨਾ ਰੱਖਦੇ ਸਨ ਮੌਸਮ ਦੇ ਪੱਖੋਂ ਵੀ ਇਹ ਰੁੱਤ ਬਹੁਤ ਹਸੀਨ ਮੰਨੀ ਜਾਂਦੀ ਹੈ। ਸਰਦੀ ਦੀ ਰੁੱਤ ਖਤਮ ਹੋ ਜਾਂਦੀ ਹੈ ਤੇ ਗਰਮੀ ਅਜੇ ਆਈ ਨਹੀਂ ਹੁੰਦੀ। ਮੌਸਮ ਬਹੁਤ ਪਿਆਰਾ ਹੁੰਦਾ ਹੈ। ਜਿਆਦਾ ਸਰਦੀ ਕਾਰਨ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ ।ਜਿਸ ਕਾਰਨ ਉਹ ਰੁੰਡ ਮਰੁੰਡ ਹੋ ਜਾਂਦੇ ਹਨ।

ਪਰ ਬਸੰਤ ਦੀ ਆਮਦ ਤੇ ਪੌਦਿਆਂ ਤੇ ਰੌਣਕ ਆ ਜਾਂਦੀ ਹੈ। ਓਹ ਫੇਰ ਤੋਂ ਹਰੇ ਭਰੇ ਹੋ ਜਾਂਦੇ ਹਨ। ਫੁੱਲਾਂ ਦੀ ਮਹਿਕ ਇਨਸਾਨ ਨੂੰ ਮੰਤਰਮੁਗਧ ਕਰਦੀ ਹੈ। ਇਸੇ ਲਈ ਕਿਹਾ ਜਾਂਦਾ ਹੈ, ਆਈ ਬਸੰਤ ਪਾਲਾ ਉਡੰਤ ਹਰ ਪ੍ਰੇਮਿਕਾ ਇਸ ਰੁੱਤੇ ਆਪਣੇ ਪ੍ਰੇਮੀ ਨੂੰ ਮਿਲਣਾ ਲੋਚਦੀ ਹੈ ।ਇਸ ਰੁੱਤ ਦੀ ਮਹਾਨਤਾ ਆਲੇ ਦੁਆਲੇ ਦੀ ਸੁੰਦਰਤਾ ਤੋਂ ਇਲਾਵਾ ਮਾਨਸਿਕ ਖੁਸੀ ਨਾਲ ਵੀ ਜੁੜੀ ਹੁੰਦੀ ਹੈ ਸੋਹਣੀ ਰੁੱਤੇ ਪ੍ਰੇਮੀ ਮਿਲਣ ਦੀ ਜਾਗੀ ਉਮੰਗ ਇਸਨੂੰ ਹੋਰ ਸੁੰਦਰ ਬਣਾਉਂਦੀ ਹੈ। ਇਸ ਰੁੱਤੇ ਪਿਆਰ ਨੂੰ ਮਾਣਮੱਤਾ ਜੋਬਨ ਚੜ੍ਹਦਾ ਹੈ। ਚੁਫੇਰੇ ਦੀ ਸੁੰਦਰਤਾ ਦੇਖ ਹਰ ਵਸਤ ਮਸਤਾਨੀ ਹੋਈ ਜਾਪਦੀ ਹੈ। ਇਸੇ ਲਈ ਕਿਹਾ ਜਾਂਦਾ ਹੈਸਦਾ ਦੀਵਾਲੀ ਸਾਧ ਦੀ, ਅੱਠੇ ਪਹਿਰ ਬਸੰਤ, ਕਿਹਾ ਜਾਂਦਾ ਹੈ ਕਿ ਜਦੋਂ ਸਾਰੀਆਂ ਰੁੱਤਾਂ ਨੇ ਦੇਖਿਆ ਵੀ ਬਸੰਤ ਰੁੱਤ ਸਭ ਤੋਂ ਜਿਆਦਾ ਸੋਹਣੀ ਹੈ ।ਚਾਰ ਚੁਫੇਰਾ ਹਰਿਆ ਭਰਿਆ ਜਾਪਦਾ ਹੈ। ਖੇਤਾਂ ਵਿਚ ਸਰੋਂ ਦੇ ਫੁੱਲਾਂ ਨੇ ਧਰਤੀ ਨੂੰ ਇਸ ਤਰ੍ਹਾਂ ਸਿੰਗਾਰਿਆ ਹੋਇਆ ਹੈ ਜਿਵੇਂ ਕੋਈ ਸੱਜ ਵਿਆਹੀ ਗਹਿਣਿਆਂ ਨਾਲ ਸਿੰਗਾਰੀ ਹੋਵੇ। ਸਾਰੀਆਂ ਰੁੱਤਾਂ ਨੇ ਸਭ ਸੰਮਤੀ ਨਾਲ ਆਪਣੀ ਆਪਣੀ ਉਮਰ ਬਸੰਤ ਰੁੱਤ ਨੂੰ ਭੇਟ ਕਰਨ ਦੀ ਤਜਵੀਜ ਰੱਖੀ। ਰੁੱਤਾਂ ਦਾ ਪਿਆਰ ਦੇਖ ਬਸੰਤ ਭਾਵੁਕ ਹੋ ਕੇ ਬੋਲੀ "ਦੁਨੀਆ ਲਈ ਸੁਹੱਪਣ ਹੀ ਜਰੂਰੀ ਨਹੀਂ। ਬਲਕਿ ਬਾਕੀ ਸਾਰਾ ਕੁਝ ਵੀ ਜਰੂਰੀ ਹੈ। ਧਰਤੀ ਤੇ ਪਲਦੇ ਹੈ ਜੀਵ ਲਈ ਸਾਰੀਆਂ ਰੁੱਤਾਂ ਦਾ ਅਪਣਾ ਅਪਣਾ ਮਹੱਤਵ ਹੈ। ਵਰਖਾ ਦਾ ਅਪਣਾ, ਗਰਮੀ ਦਾ ਅਪਣਾ, ਸਰਦੀ ਦਾ ਅਪਣਾ ,ਤੇ ਪਤਝੜ ਦਾ ਅਪਣਾ ਅਗਰ ਮੈਂ ਸਾਰ ਸਾਲ ਚਲਦੀ ਰਹੀ ਤਾਂ ਲੋਕਾਂ ਦੇ ਮਨ ਚ ਮੇਰੇ ਲਈ ਪਿਆਰ ਘਟ ਜਾਵੇਗਾ। ਮੈਂ ਤੁਹਾਡੀ ਭਾਵਨਾ ਤੇ ਪਿਆਰ ਦੀ ਕਦਰ ਕਰਦੀ ਹਾਂ। ਪਰ ਮੈਨੂੰ ਤੁਹਾਡੀ ਉਮਰ ਨਹੀਂ ਚਾਹੀਦੀ। ਪਰ ਬਸੰਤ ਦੀ ਗੱਲ ਸੁਣ ਕੇ ਸਾਰੀਆਂ ਰੁੱਤਾਂ ਅਪਣਾ ਪੱਖ ਰੱਖਦੀਆਂ ਬੋਲੀਆਂ ਨਹੀਂ ਤੁਹਾਨੂੰ ਸਾਡੀ ਭੇਟਾ ਸਵੀਕਾਰ ਕਰਨੀ ਪਵੇਗੀ। ਓਹਨਾ ਨੇ ਆਪਣੀ ਉਮਰ ਚੋਂ ਅੱਠ ਅੱਠ ਦਿਨ ਇਸ ਰੁੱਤ ਨੂੰ ਭੇਟ ਕਰ ਦਿੱਤੇ। ਇਸ ਤਰ੍ਹਾਂ ਹੁਣ ਇਹ ਰੁੱਤ ਬਾਕੀ ਰੁੱਤਾਂ ਨਾਲ ਚਾਲੀ ਦਿਨ ਲਮੇਰੀ ਚਲਦੀ ਹੈ। ਆਧੁਨਿਕ ਯੁੱਗ ਚ ਬੇਸ਼ੱਕ ਲੋਕ ਆਪਣੇ ਕੰਮਾਂ ਕਾਰਾਂ ਚ ਵਿਅਸਤ ਹੁੰਦੇ ਹਨ ਅਤੇ ਛੋਟੇ ਛੋਟੇ ਬੱਚੇ ਪੜ੍ਹਾਈ ਦੇ ਬੋਝ ਹੇਠਾਂ ਦੱਬ ਚੁੱਕੇ ਹਨ। ਅੱਜਕਲ ਲੋਕ ਤਿਉਹਾਰਾਂ ਨੂੰ ਮਾਨਣ ਤੋਂ ਵਾਂਝੇ ਹੁੰਦੇ ਜਾ ਰਹੇ ਹਨ। ਪਰ ਫੇਰ ਵੀ ਬਸੰਤ ਰੁੱਤ ਦਾ ਮਹੱਤਵ ਅੱਜ ਵੀ ਬਹੁਤ ਹੈ। ਇਹ ਰੁੱਤ ਦੀ ਸੁੰਦਰਤਾ ਹੀ ਇਨਸਾਨ ਨੂੰ ਅਪਣਾ ਕਾਇਲ ਬਣਾ ਲੈਂਦੀ ਹੈ। ਪਰ ਸਾਨੂੰ ਇਸ ਰੁੱਤ ਵਿੱਚ ਕੁਝ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਇਕ ਤਾਂ ਲੋਕ ਪਤੰਗਬਾਜੀ ਕਰਦੇ ਹੋਏ ਚਾਈਨਾ ਡੋਰ ਇਸਤੇਮਾਲ ਕਰਦੇ ਹਨ। ਬੇਸ਼ਕ ਸਰਕਾਰ ਵੱਲੋਂ ਇਸਦੀ ਵਰਤੋਂ ਤੇ ਰੋਕ ਲਗਾਈ ਗਈ ਹੈ ਪਰ ਫਿਰ ਵੀ ਇਸਦੀ ਵਰਤੋਂ ਤੇ ਵਿਕਰੀ ਹੁੰਦੀ ਹੈ। ਕਈ ਵਾਰ ਰਾਹਗੀਰਾਂ ਦੇ ਗਲੇ ਚ ਡੋਰ ਪੈਣ ਨਾਲ ਹਾਦਸੇ ਵਾਪਰਦੇ ਹਾਂ। ਕਈ ਵਾਰ ਤਾਂ ਗਲਾ ਵੀ ਕੱਟਿਆ ਜਾਂਦਾ ਹੈ। ਪੰਛੀ ਵੀ ਇਸਦੀ ਲਪੇਟ ਚ ਆਉਣ ਨਾਲ ਜਖਮੀਂ ਹੋ ਜਾਂਦੇ ਹਨ। ਇਸ ਲਈ ਸਾਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਪਤੰਗਬਾਜੀ ਲਈ ਛੱਤ ਦੀ ਜਗ੍ਹਾ ਖੁੱਲ੍ਹੇ ਮੈਦਾਨ ਚ ਰੱਖਣਾ ਚਾਹੀਦਾ ਹੈ। ਕਈ ਵਾਰ ਬੱਚੇ ਪਤੰਗ ਦੇ ਪਿੱਛੇ ਜਾਂਦੀ ਛੱਤ ਤੋਂ ਡਿੱਗ ਕੇ ਆਪਣੀ ਜਾਨ ਗੁਆ ਬੈਠਦੇ ਹਨ।

**ਚੰਨੀ ਚਹਿਲ**
**9417361546**






## Need a Life Partner

Need a honest , good behavior USA living life partner for 50 years smart , slim , healthy and independent Indian women. She is divorced and living independent in NJ . No cast bar . Just serious person contact . on Preetnama office number or email- preetnamausa@gmail.com Ph- +1 201-312-4180

## Need a Bride

Need a bride for New York living 26 old, hands9ome Indian Sikh boy height 6' working with software company. Need a beautiful USA living nice behaviour, simple girl. no cast bar. no dowry Contact : preetnamausa@gmail.com contact : +1 201-312-4180



**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5‘-9“ 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5‘-7“ 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

*************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5‘-10“ ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ ‘ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

*************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5‘-8“ MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@carillion.ca

*************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

*************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5‘-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

*************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5‘-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

*************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5‘-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, ‘ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

*************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5‘ ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

*************************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5‘-9 ਲਈ Canada P.R ਲੜਕੀ ਦੀ ਲੋੜ 1780-932-0612 94172-00545

*************************

ਜੱਟ ਸਿੱਖ 24 ਸਾਲ ਕੱਦ 6‘ ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada.
780-913-1179
ਇੰਡੀਆ +91-90200-00019

*************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ ‘ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5‘-10 ਸੰਪਰਕ 780-782-3313

*************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E‘GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ ।ਆਪਣਾ Biodata / Picture e-mail :deepedmonton9@gmail.com. (whatsapp) or Call ' 780-628-7089

*************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5’-8’’ ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

’’’’’’’’’’’’’’’’’’’’’’’’’’’’’’’’

ਇੰਡੀਆਂ ਰਹਿੰਦੇ ਕੱਦ 5 ਫੁੱਟ 7 ਇੰਚ ਉਮਰ 26 ਸਾਲ ਐਮ ਬੀ ਏ ਪਾਸ,ਮਾਰਕਟਿੰਗ ਦੀ ਨੌਕਰੀ ਕਰਦੇ ਲੜਕੇ ਲਈ ਐਨ ਆਰ ਆਈ ਲੜਕੀ ਦੀ ਲੋੜ, ਜਾਤੀ ਬੰਧਨ ਕੋਈ ਨਹੀਂ। ਸੰਪਰਕ-7589137572 7973167967

*************************

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

*************************

ਦੁਬਈ ਟਰੱਕ (ਟਰਾਲੇ) ਡਰਾਈਵਰ, ਦੁਬਈ 7 ਸਾਲ ਪੁਰਾਣਾ ਲਾਇਸੰਸ ਉਮਰ 33 ਸਾਲ,5‘9 ਜੱਟ ਸਿੱਖ ਲਈ ਪੜੀ ਲਿਖੀ,ਕੈਨੇਡੀਅਨ ਲੜਕੀ ਦੀ ਜਰੂਰਤ ਹੈ।ਚਾਹਵਾਨ ਸੰਪਰਕ ਕਰ ਸਕਦੇ ਹਨ।
00971558162944 (ਦੁਬਈ) 9915587810-9855408663 (ਇੰਡੀਆਂ)

*************************

Jatt sikh dhanoa 27/5,7 Dentist girl in India looking for a suitable match doctor/engineer boy India or abroad. Contact 780 236 0671 India 70872 64520

*************************

31 year old Sikh Khatri/arora boy 5feet6 Canadian university graduate with business degree and working in medical science field looking for a well eduacated girl from Khatri/arora/ramgharia family. Please contact 780 264 9616 yoursps@yahoo.com

# ਇੱਕ ਉੱਚ-ਅਧਿਕਾਰੀ ਦੀ ਬੌਖਲਾਹਟ



ਸਿਆਣਿਆਂ ਨੇ ਇੱਕ ਸਿਆਣੀ ਗੱਲ ਆਖੀ ਹੈ ਕਿ ਕਲਮ ਅਤੇ ਕਰਮ ਦੋਹਾਂ ਵਿੱਚ ਅਥਾਹ ਸ਼ਕਤੀ ਤੇ ਸਮਰੱਥਾ ਹੁੰਦੀ ਹੈ। ਇਹ ਗੱਲ ਮੈਂ ਆਪਣੀ ਜੀਂਦਗੀ ਵਿੱਚ ਵੀ ਅਜ਼ਮਾਈ ਤੇ ਪ੍ਰਤੱਖ ਰੂਪ ਵਿੱਚ ਵੇਖੀ ਹੰਢਾਈ ਵੀ ਹੈ।ਮੈਂ ਗੱਲ ਕਰਨ ਜਾ ਰਿਹਾ ਹਾਂ ਸਾਡੀ ਸੋਚ ਦੀ। ਜੇ ਸੋਚ ਸਹੀ ਪਾਸੇ ਵੱਲ ਬਦਲ ਜਾਵੇ ਤਾਂ ਜੀਵਨ ਅਤੇ ਦੁਨੀਆਂ ਨੂੰ ਦੇਖਣ ਤੇ ਮਾਨਣ ਦਾ ਵੱਖਰਾ ਹੀ ਅੰਦਾਜ ਹੋ ਨਿੱਬੜਦਾ ਹੈ , ਪਰ ਇਹ ਵੀ ਜਰੂਰੀ ਨਹੀਂ ਕਿ ਉਚੇਰੀ ਪੜ੍ਹਾਈ - ਲਿਖਾਈ ਕਰਕੇ ਜਾਂ ਉੱਚ - ਅਹੁਦੇ ‘ਤੇ ਪਹੁੰਚ ਕੇ ਸਾਡੀ ਸੋਚ ਉਸਾਰੂ ਤੇ ਸਕਾਰਾਤਮਕ ਪੱਖ ਦੀ ਬਣ ਜਾਵੇਗੀ।ਸੋਚ ਬਦਲਣ ਦੇ ਲਈ ਸਹਿਣਸ਼ੀਲਤਾ , ਤਿਆਗ , ਸਮਰਪਣ ਤੇ ਉਚੇਚਾ ਨਜ਼ਰੀਆ ਅਪਣਾਉਣ ਦੀ ਲੋੜ ਹੁੰਦੀ ਹੈ।ਇਹ ਸਾਡੇ ‘ਤੇ ਹੀ ਨਿਰਭਰ ਹੁੰਦਾ ਹੈ ਕਿ ਅਸੀਂ ਆਪਣੀ ਸੋਚ ਨੂੰ ਉਸਾਰੂ - ਸੁਚਾਰੂ ਬਣਾਉਣਾ ਹੈ ਜਾਂ ਨਹੀਂ।ਕਿਸੇ ਦੀ ਕੋਸਸਿ ਕਰਨ ਨਾਲ ਜਾਂ ਲੱਖ ਯਤਨ ਕਰਨ ‘ਤੇ ਦੂਸਰੇ ਵਿਅਕਤੀ ਦੀ ਸੋਚ ਨਹੀਂ ਬਦਲ ਸਕਦੀ। ਸੋਚ ਕਈ ਵਾਰ ਅੜੀਅਲ , ਰੂੜੀਵਾਦੀ ਤੇ ਨਕਾਰਾਤਮਕ ਪੱਖ ‘ਤੇ ਵੀ ਖੜ੍ਹੀ ਰਹਿੰਦੀ ਹੈ।ਗੱਲ 2017 ਸੰਨ ਦੀ ਹੈ ; ਜਦੋਂ ਮੇਰੇ ਅੰਤਰਜਾਤੀ ਅਤੇ ਦੂਸਰੇ ਧਰਮ ਵਿੱਚ ਹੋਏ ਵਿਆਹ ਦੀ ਸੱਚੀ ਘਟਨਾ ਪੰਜਾਬੀ ਦੇ ਅਖ਼ਬਾਰ ਵਿੱਚ ਛਪੀ।ਉਸ ਦਿਨ ਅਨੇਕਾਂ ਲੋਕਾਂ ਤੇ ਪਾਠਕਾਂ ਦੇ ਦੇਸ਼ਾਂ - ਵਿਦੇਸ਼ਾਂ ਤੋਂ ਅਣਗਿਣਤ ਫੋਨ ਆਏ।ਦੂਰੋਂ - ਨੇੜਓਿਂ , ਬਜੁਰਗਾਂ , ਨੌਜਵਾਨਾਂ , ਅਫਸਰਾਂ , ਪੱਤਰਕਾਰਾਂ , ਅਖ਼ਬਾਰਾਂ ਦੇ ਸੰਪਾਦਕਾਂ ਅਤੇ ਹੋਰ ਉੱਚ - ਅਹੁਦੇ ‘ਤੇ ਬਿਰਾਜਮਾਨ ਅਧਿਕਾਰੀਆਂ ਦੇ ਫੋਨ ਆਏ।ਸਭ ਦਾ ਨਜਰੀਆ 2008 ਵਿੱਚ ਹੋਏ ਮੇਰੇ ਅੰਤਰਜਾਤੀ ਅਤੇ ਦੂਸਰੇ ਧਰਮ ਵਿੱਚ ਹੋਏ ਵਿਆਹ ਪ੍ਰਤੀ ਸਕਾਰਾਤਮਕ ਹੀ ਰਿਹਾ ; ਪ੍ਰੰਤੂ ਅਚਾਨਕ ਦਿਨ ਦੇ ਲਗਪਗ ਦੋ ਵਜੇ ਦੀ ਗੱਲ ਹੈ।ਮੇਰੇ ਮੋਬਾਇਲ ਫੋਨ ਦੀ ਘੰਟੀ ਵੱਜੀ ਤਾਂ ਮੈਂ ਅੱਗਿਓਂ ਜਾਣ - ਪਛਾਣ ਦੱਸੀ - ਪੁੱਛੀ ਤੇ ਉਸ ਸੱਜਣ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫੋਨ ਕਰਨ ਵਾਲੇ ਇਹ ਸੱਜਣ ਪੰਜਾਬ ਦੇ ਇੱਕ ਜ਼ਿਲ੍ਹੇ ਦੇ ਸਰਕਾਰੀ ਉੱਚ - ਅਧਿਕਾਰੀ / ਅਫਸਰ ਸਨ।ਉਨ੍ਹਾਂ ਨੇ ਪਹਿਲਾਂ ਮੇਰੇ ਤੋਂ ਮੇਰੇ ਵਿਆਹ ਦੀ ਸਾਰੀ ਜਾਣਕਾਰੀ ਹਾਸਲ ਕੀਤੀ।ਫਿਰ ਦੱਸਿਆ ਕਿ ਉਹ ਉੱਚ - ਅਫਸਰ ਹਨ ਅਤੇ ਉਨ੍ਹਾਂ ਨੇ ਆਪਣੇ - ਆਪ ਨੂੰ ਇੱਕ ਅਖੌਤੀ ( ਬ੍ਰਾਹਮਣ ) ਉੱਚ - ਜਾਤੀ ਨਾਲ ਸਬੰਧਤ ਦੱਸਿਆ।ਉਹ ਅਫਸਰ ਮੇਰੇ ਵਿਆਹ ਦੇ ਫੈਸਲੇ ‘ਤੇ ਅਤੇ ਉਸ ਦਿਨ ਅਖਬਾਰ ਵਿੱਚ ਛਪੀ ਮੇਰੇ ਵਿਆਹ ਦੀ ਸੱਚੀ ਘਟਨਾ ਬਾਰੇ ਪੜ੍ਹ ਕੇ ਲਾਲ - ਪੀਲਾ ਹੋ ਰਿਹਾ ਸੀ। ਅੱਗ - ਭਬੂਲਾ ਹੋਇਆ ਉਹ ਅਧਿਕਾਰੀ ਫੋਨ ‘ਤੇ ਮੇਰੇ ਨਾਲ ਇੰਜ ਵਾਰਤਾਲਾਪ ਕਰ ਰਿਹਾ ਸੀ , ਜਿਵੇਂ ਮੈਂ ਵਿਆਹ ਨਹੀਂ , ਸਗੋਂ ਕੋਈ ਭਾਰੀ ਕਤਲ ਕਰ ਦਿੱਤਾ ਹੋਵੇ ਜਾਂ ਬਹੁਤ ਭਾਰੀ ਗੁਨਾਹ ਕਰ ਦਿੱਤਾ ਹੋਵੇ। ਉਸ ਨੇ ਮੈਨੂੰ ਬਹੁਤ ਬੁਰਾ - ਭਲਾ ਕਿਹਾ। ਅਚਾਨਕ ਹੀ ਬਣੀ ਇਸ ਅਦਭੁੱਤ ਸਥਿਤੀ ਤੋਂ ਪਹਿਲਾਂ ਤਾਂ ਮੈਂ ਥੋੜ੍ਹਾ ਘਬਰਾ ਗਿਆ , ਪਰ ਮੈਂ ਸਾਰਾ ਕੁਝ ਚੁੱਪਚਾਪ ਸਹਿੰਦਾ , ਸੁਣਦਾ , ਸਮਝਦਾ ਅਤੇ ਉਸ ਦੀ ਪੜਚੋਲ ਕਰਦਾ ਰਿਹਾ ; ਪਰ ਉਹ ਅਧਿਕਾਰੀ ਕੇਵਲ ਤੇ ਕੇਵਲ ਇੱਕ ਅਖੌਤੀ ਉੱਚ - ਜਾਤੀ ( ਮਨੁੱਖ ਵਲੋਂ ਬਣਾਈ ਬ੍ਰਾਹਮਣ ਜਾਤੀ ) ਨੂੰ ਹੀ ਵਾਰ - ਵਾਰ ਤਵੱਜੋ ਦੇ ਰਿਹਾ ਸੀ ਤੇ ਇਨਸਾਨੀਅਤ - ਮਾਨਵਤਾ ਜਿਹੀ ਕੋਈ ਵੀ ਗੱਲ ਉਸ ਦੀ ਸੋਚ ਤੋਂ ਬਾਹਰ ਦਿਸ ਰਹੀ ਸੀ।ਉਸ ਦੀਆਂ ਗੱਲਾਂ , ਭਾਰੀ ਗੁੱਸੇ ਅਤੇ ਅਸ਼ਾਂਤੀ ਦਾ ਮੈਂ ਬਹੁਤ ਨਿਮਰਤਾ ਅਤੇ ਸਲੀਕੇ ਨਾਲ ਜਵਾਬ ਦਿੰਦਾ ਰਿਹਾ। ਪਰ ਉਹ ਅਫਸਰ ਸੀ ਕਿ ਮੇਰੀ ਇੱਕ ਵੀ ਸੁਣਨ ਨੂੰ ਤਿਆਰ ਨਹੀਂ ਸੀ।ਲਗਭਗ ਪੌਣਾ ਘੰਟਾ ਉਸ ਨਾਲ ਗੱਲਬਾਤ ਹੁੰਦੀ ਰਹੀ।ਆਖਰਿ ਉਸ ਨੇ ਮੈਨੂੰ ਇੱਕ ਪ੍ਰਸ਼ਨ ਕੀਤਾ , “ ਤੇਰੇ ਆਰਟੀਕਲ ਵਿੱਚ ਕੀ ਮਹੱਤਤਾ ਹੈ ? ਕੀ ਖਾਸੀਅਤ ਹੈ ਇਸ ਰਚਨਾ ਵਿੱਚ ? ਤੂੰ ਆਪਣੇ ਆਪ ਨੂੰ ਕੀ ਸਮਝਦਾ ਹੈ ? “ ਸਾਰੇ ਦਿਨ ਦੀ ਸਕਾਰਾਤਮਕਤਾ ਤੋਂ ਬਾਅਦ ਅਚਾਨਕ ਹੋਏ ਇਸ ਤਾਬੜਤੋੜ ਸ਼ਬਦੀ - ਹਮਲੇ ਨੇ ਮੈਨੂੰ ਇੱਕ ਵਾਰ ਝੰਜੋੜ ਕੇ ਰੱਖ ਦਿੱਤਾ , ਹਿਲਾ ਕੇ ਰੱਖ ਦਿੱਤਾ ਅਤੇ ਘਬਰਾਹਟ ਵਿੱਚ ਪਾ ਦਿੱਤਾ। ਉਸ ਸਮੇਂ ਜੇਕਰ ਮੈਂ ਚਾਹੁੰਦਾ ਤਾਂ ਮੈਂ ਉਸ ਅਫਸਰ ਦਾ ਫੋਨ ਵੀ ਕੱਟ ਸਕਦਾ ਸੀ , ਉਸ ਨੂੰ ਚੰਗਾ - ਮੰਦਾ ਵੀ ਕਹਿ ਸਕਦਾ ਸੀ ਜਾਂ ਉਸ ਦੀ ਚੰਗੀ ਝਾੜਝੰਬ ਵੀ ਕਰ ਸਕਦਾ ਸੀ ; ਪਰ ਸਥਿਤੀ ਤੋਂ ਭੱਜਣਾ ਮੇਰੀ ਫ਼ਿਤਰਤ ਨਹੀਂ ਅਤੇ ਪਾਠਕਾਂ ਦੀ ਗੱਲ ਤੇ ਭਾਵਨਾ ਨੂੰ ਮੈਂ ਹਮੇਸ਼ਾ ਇੱਜਤ - ਸਤਿਕਾਰ ਦਿੰਦਾ ਆਇਆ ਹਾਂ ।ਮੈਂ ਤਰਕ ਨਾਲ ਅਤੇ ਸ਼ਾਂਤੀ ਨਾਲ ਉਸ ਅਫਸਰ ਅੱਗੇ ਆਪਣਾ ਪੱਖ ਰੱਖਦਾ ਰਿਹਾ । ਉਸ ਅਧਿਕਾਰੀ ਦੇ ਉਪਰੋਕਤ ਪ੍ਰਸ਼ਨਾਂ ਦਾ ਮੈਂ ਨਿਮਰਤਾ ਨਾਲ ਜਵਾਬ ਦਿੱਤਾ , “ ਮੈਂ ਕੁਝ ਨਹੀਂ ਕੀਤਾ। ਜੋ ਵੀ ਹੈ , ਪ੍ਰਮਾਤਮਾ ਅਕਾਲ ਪੁਰਖ ਵਾਹਿਗੁਰੂ ਦੇ ਭਾਣੇ / ਹੁਕਮ ਅਨੁਸਾਰ ਹੋਇਆ ਤੇ ਹੁੰਦਾ ਹੈ।ਮੈਨੂੰ ਨਹੀਂ ਲੱਗਦਾ ਕਿ ਮੈਂ ਅੰਤਰਜਾਤੀ ਅਤੇ ਦੂਸਰੇ ਧਰਮ ਵਿੱਚ ਵਿਆਹ ਕਰਕੇ ਕੋਈ ਭਿਅੰਕਰ ਗੁਨਾਹ ਕਰ ਲਿਆ ਹੋਵੇ ਜਾਂ ਕੋਈ ਸਮਾਜਿਕ ਉਲੰਘਣਾ ਕੀਤੀ ਹੋਵੇ ਜਾਂ ਕਿਸੇ ਅਖੌਤੀ ਜਾਤ /ਸਮਾਜ ਦਾ ਅਪਮਾਨ ਕੀਤਾ ਹੋਵੇ।ਅਸੀਂ ਸਾਰੇ ਇੱਕ ਪ੍ਰਮਾਤਮਾ ਦੀ ਸੰਤਾਨ ਹਾਂ ਅਤੇ ਮੈਂ ਅਕਾਲ ਪੁਰਖ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਬਾਣੀ ਵਿੱਚ ਵਿਸ਼ਵਾਸ ਰੱਖਦਾ ਆਇਆ ਹਾਂ ਤੇ ਮਾਨਵਤਾ ਦੀ ਹੀ ਗੱਲ ਕੀਤੀ ਤੇ ਕਰਦਾ ਹਾਂ , ਨਾ ਕਿ ਕਿਸੇ ਜਾਤ ਜਾਂ ਕਿਸੇ ਰੰਗ - ਨਸਲ ਦੀ।ਬਾਕੀ ਜਨਾਬ ਰਹੀ ਗੱਲ ਮੇਰੇ ਇਸ ਆਰਟੀਕਲ ਦੀ , ਸੋ ਇਸ ਦੀ ਖਾਸੀਅਤ ਹੋਰ ਕੁਝ ਹੋਵੇ ਜਾਂ ਨਾ ਹੋਵੇ ; ਪਰ ਇਸਦੀ ਇਹ ਖਾਸੀਅਤ ਜਰੂਰ ਹੈ ਕਿ ਇਸ ਆਰਟੀਕਲ ਨੇ ਤੁਹਾਡੇ ਜਿਹੇ ਉੱਚ - ਅਧਿਕਾਰੀ ਨੂੰ ਇੱਕ ਪ੍ਰਾਇਮਰੀ ਸਕੂਲ ਦੇ ਮੇਰੇ ਜਿਹੇ ਮਾਮੂਲੀ ਜਿਹੇ ਅਧਿਆਪਕ ਨੂੰ ਫੋਨ ਕਰਨ ਅਤੇ ਉਸ ਨਾਲ ਗੱਲ ਕਰਨ ਲਈ ਮਜਬੂਰ ਕਰ ਦਿੱਤਾ। ਕਿੱਥੇ ਮੈਂ ਨਿਮਾਣਾ ਜਿਹਾ ਇੱਕ ਅਧਿਆਪਕ ਤੇ ਕਿੱਥੇ ਤੁਸੀਂ ਇੰਨੇ ਵੱਡੇ ਅਹੁਦੇ ‘ਤੇ ਵਿਰਾਜਮਾਨ ਆਲਾ - ਅਧਿਕਾਰੀ।ਬਸ ਇਹੋ ਮੇਰੀ ਰਚਨਾ , ਮੇਰੀ ਕਲਮ ਅਤੇ ਮੇਰੇ ਕਰਮ ਦੀ ਖਾਸੀਅਤ ਹੈ , ਜਨਾਬ।“ ਜਦੋਂ ਫੇਰ ਵੀ ਉਹ ਮੇਰੀ ਕੋਈ ਗੱਲ ਸੁਣਨ ਲਈ ਤਿਆਰ ਨਾ ਹੋਇਆ ਤਾਂ ਮੈਂ ਉਸ ਅਫਸਰ ਨੂੰ ਇੱਕ ਪ੍ਰਸ਼ਨ ਕੀਤਾ , “ ਕੀ ਇਹ ਜਾਤਾਂ , ਇਹ ਊਚ - ਨੀਚਤਾ ਪ੍ਰਮਾਤਮਾ ਨੇ ਬਣਾਏ ਹਨ ? ਜੇ ਬਣਾਏ ਹਨ ਤਾਂ ਦੱਸੋ ਕਦੋਂ ਤੇ ਕਿੱਥੇ ਅਤੇ ਤੁਹਾਡੇ ਕੋਲ ਇਸ ਸਬੰਧੀ ਜੋ ਸਬੂਤ ਹਨ , ਤਾਂ ਦਿਖਾਓ ? “ ਇੰਨਾ ਕੁਝ ਸੁਣਦੇ ਸਾਰ ਹੀ ਉਸ ਅਫਸਰ ਨੇ ਬੁੜ - ਬੁੜ ਕਰਦੇ ਹੋਇਆਂ ਫ਼ੋਨ ਕੱਟ ਦਿੱਤਾ।ਦੋਸਤੋ ! ਇਹ ਹੁੰਦੀ ਹੈ ਕਲਮ ਅਤੇ ਕਰਮ ਦੀ ਤਾਕਤ , ਪਰ ਮੈਂ ਅੱਜ ਵੀ ਉਸ ਉੱਚ - ਅਧਿਕਾਰੀ ਦੀ ਰੂੜੀਵਾਦੀ , ਅਖੌਤੀ ਜਾਤੀਵਾਦ , ਪ੍ਰੰਪਰਾਗਤ ਸੋਚ , ਘਿਸੀ ਪਿਟੀ ਸੋਚ , ਸੰਕੀਰਨ ਸੋਚ ਤੇ ਮਾੜੀ ਸੋਚ ਅਤੇ ਪ੍ਰਵਿਰਤੀ ਨੂੰ ਯਾਦ ਕਰ ਕੇ ਸੋਚਾਂ ਵਿੱਚ ਪੈ ਜਾਂਦਾ ਹਾਂ।ਸੱਚਮੁੱਚ ਕਿਸੇ ਦੀ ਸੋਚ ਹੀ ਉਸ ਦੀ ਸ਼ਖਸੀਅਤ ਦਾ ਆਈਨਾ ਹੁੰਦੀ ਹੈ ਤੇ ਸੋਚ ਨੂੰ ਉਸਾਰੂ , ਸਕਾਰਾਤਮਕ ਤੇ ਸੁਚਾਰੂ ਪੱਖ ਵੱਲ ਬਦਲ ਲੈਣਾ ਹਰ ਕਿਸੇ ਇਨਸਾਨ ਦੇ ਵੱਸ ਦੀ ਗੱਲ ਨਹੀਂ ਹੁੰਦੀ , ਭਾਵੇਂ ਕਿ ਉਹ ਕਿਸੇ ਵੀ ਵਿਸ਼ੇਸ਼ ਅਹੁਦੇ ਜਾਂ ਵਿਸ਼ੇਸ਼ ਸਥਾਨ ਨਾਲ ਸਬੰਧਿਤ ਕਿਉਂ ਨਾ ਹੋਵੇ।ਸਹੀ , ਸਕਾਰਾਤਮਕ ਤੇ ਉਸਾਰੂ ਸੋਚ ਨਾਲ ਹੀ ਸਾਡਾ ਜੀਵਨ ਤੇ ਸਾਡਾ ਸਮਾਜ ਬਦਲ ਸਕਦਾ ਹੈ , ਨਾ ਕਿ ਸੰਕੀਰਣ ਸੋਚ ਅਪਣਾਉਣ ਨਾਲ਼।



ਮਾਸਟਰ ਸੰਜੀਵ ਧਰਮਾਣੀ
9478561356



# ਜਗਰਾਉਂ ਦੀ ਮਹਾਂ ਪੰਚਾਇਤ ਨੇ ਛੱਬੀ ਜਨਵਰੀ ਵਾਲੇ ਸਾਰੇ ਚਿੱਬ !

ਪੰਜਾਬ ਦੀਆਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੇ ਕਾਲੇ ਕਾਨੂੰਨ ਨੂੰ ਖਤਮ ਕਰਨ ਲਈ ਰੇਲਵੇ ਧਰਨੇ ਲਾਉਣ ਤੋਂ ਕੇਂਦਰ ਸਰਕਾਰ ਨੂੰ ਸਮਝਾਉਣ ਦੀ ਕੋਸਸਿ ਕੀਤੀ ਸੀ ।ਪਰ ਪੰਜਾਬੀ ਦੀ ਕਹਾਵਤ ਹੈ"ਚੱਕੀ ਹੋਈ ਲੰਬੜਾਂ ਦੀ ਥਾਣੇਦਾਰ ਦੇ ਬਰਾਬਰ ਬੋਲੇ "ਕਾਰਪੋਰੇਟ ਘਰਾਣਿਆਂ ਦੇ ਦੱਸੇ ਸ਼ਬਦਾਂ ਦਾ ਰਾਗ ਅਲਾਪਦੇ ਰਹੇ,ਕਹਿੰਦੇ ਅਸੀਂ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕਾਨੂੰਨ ਬਣਾਇਆ ਹੈ ਇਨ੍ਹਾਂ ਨੂੰ ਸਮਝ ਨਹੀਂ ਆਉਂਦਾ। ਪਰ ਸਾਡੇ ਕਿਸਾਨ ਤੇ ਮਜਦੂਰ ਨੇਤਾਵਾਂ ਨੇ ਨੰਗੇ ਧੜ ਤੇ ਅਜਿਹੇ ਸੈਂਕੜੇ ਯੁੱਧ ਲੜ ਕੇ ਜਿੱਤੇ ਹੋਏ ਹਨ ।ਬਾਬਾ ਨਾਨਕ ਨੇ ਸਬਦਾਂ ਨਾਲ ਹੀ ਇਨਕਲਾਬੀ ਰਸਤੇ ਬਣਾਏ ਤੇ ਜਿੱਤ ਕੇ ਵਿਖਾਏ ਸਨ ਅਸੀਂ ਉਨ੍ਹਾਂ ਦੀ ਔਲਾਦ ਹਾਂ। ਦਿੱਲੀ ਜਾ ਕੇ ਮੋਰਚੇ ਦੇ ਝੰਡੇ ਗੱਡਣੇ ਇਹ ਵੀ ਇੱਕ ਇਨਕਲਾਬੀ ਲਹਿਰ ਦਾ ਮੁੱਢਲਾ ਪੰਨਾ ਹੈ ।ਪੰਜਾਬ ਹਰਿਆਣਾ,ਉੱਤਰ ਪ੍ਰਦੇਸ ਤੇ ਰਾਜਸਥਾਨ ਦੇ ਕਿਸਾਨ ਮਜਦੂਰਾਂ ਨੇ ਟਰੈਕਟਰ ਟਰਾਲੀਆਂ ਲੈ ਕੇ ਇਕ ਦਿੱਲੀ ਦੀਆ ਜੂਹਾਂ ਤੇ ਛਾਉਣੀ ਬਣਾ ਦਿੱਤੀ,ਕੇਂਦਰ ਸਰਕਾਰ ਬੌਂਦਲ ਗਈ ਕੁਝ ਸਮਝ ਨਾ ਆਵੇ ਕਿ ਕੀ ਕੀਤਾ ਜਾਵੇ ਤਾਂ ਅਤਿਵਾਦੀ ਵੱਖਵਾਦੀ ਹੋਰ ਜਿੰਨੇ ਵੀ ਇੱਕ ਆਦਮੀ ਲਈ ਘਟੀਆ ਵਿਚਾਰ ਤੇ ਸਬਦ ਹੋ ਸਕਦੇ ਹਨ ਸਾਰੇ ਧੜਾ ਧੜ ਸਰਕਾਰੀ ਤੇ ਗੋਦੀ ਮੀਡੀਆ ਤੇ ਬੋਲਕੇ ਪ੍ਰਚਾਰ ਚਾਲੂ ਕਰ ਦਿੱਤਾ ਕਿਉਂ ਕਾਰਪੋਰੇਟ ਘਰਾਣੇ ਨੇ ਮੋਰਚਾ ਜਿੱਤਣ ਲਈ ਪਹਿਲਾਂ ਹੀ ਪ੍ਰਾਈਵੇਟ ਚੈਨਲ ਆਪਣੀ ਜੇਬ ਵਿਚ ਪਾਏ ਹੋਏ ਸਨ ।ਪਰ ਸਾਡੇ ਕਿਸਾਨ ਮਜਦੂਰਾਂ ਦੇ ਮੋਢੀਆਂ ਨੂੰ ਇਹ ਸਭ ਕੁਝ ਪਤਾ ਸੀ ਸਾਰਾ ਪ੍ਰੋਗਰਾਮ ਰੇਲਵੇ ਰੋਕੂ ਮੁਹਿੰਮ ਸਮੇਂ ਹੀ ਤੈਅ ਕਰ ਲਿਆ ਸੀ। ਸੋਸਲ ਮੀਡੀਆ ਤੇ ਸਾਡੇ ਪੰਜਾਬੀ ਅਖਬਾਰ,ਇਕ ਅੱਧਾ ਜਾਂ ਪੌਣਾ ਕੁ ਅਖਬਾਰ ਹੈ ਉਸ ਨੂੰ ਮੁਆਫ ਕਰ ਦੇਵੋ ਵਿਕਾਊ ਹੁੰਦੇ ਹਨ,ਬਾਕੀ ਸਾਰੀਆਂ ਅਖਬਾਰਾਂ ਨੇ ਸਹੀ ਤੇ ਸੱਚੀ ਰਿਪੋਰਟਿੰਗ ਦੇਸੀ ਜਾਂ ਵਿਦੇਸ਼ੀ ਪੰਜਾਬੀ ਅਖਬਾਰਾਂ ਨੇ ਧੜਾਧੜ ਆਪਣੇ ਪੱਤਰਕਾਰ ਭੇਜ ਕੇ ਯੋਧਿਆਂ ਦੇ ਮੋਰਚੇ ਦਾ ਸੱਚ ਪੂਰੀ ਦੁਨੀਆ ਦੇ ਸਾਹਮਣੇ ਪਰੋਸ ਕੇ ਰੱਖ ਦਿੱਤਾ ਫਿਰ ਸੱਚ ਨੂੰ ਪਿਆਰ ਕੌਣ ਨਹੀਂ ਕਰਦਾ,ਦੇਸਾਂ ਵਿਦੇਸਾਂ ਵਿਚ ਸਾਡੇ ਭੈਣ-ਭਰਾਵਾਂ ਦੇ ਹਰ ਤਰ੍ਹਾਂ ਦੀ ਸਹਾਇਤਾ ਕਰਨੀ ਚਾਲੂ ਕਰ ਦਿੱਤੀ।

ਗਣਤੰਤਰ ਦਿਵਸ 26 ਜਨਵਰੀ ਨੂੰ ਕਿਸਾਨ ਮੋਰਚੇ ਵੱਲੋਂ ਟਰੈਕਟਰ ਪਰੇਡ ਚਾਲੂ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ,ਕੇਂਦਰ ਸਰਕਾਰ ਨੇ ਬਹੁਤ ਕੋਸਸਿ ਕੀਤੀ ।ਗਣ ਆਮ ਜਨਤਾ ਤੇ ਤੰਤਰ ਸਰਕਾਰੀ ਪ੍ਰਬੰਧ ਆਹਮੋ ਸਾਹਮਣੇ ਸਨ,ਆਮ ਜਨਤਾ ਦੀ ਸਰਕਾਰ ਚੁਣੀ ਹੁੰਦੀ ਹੈ ਕੀ ਗਣਤੰਤਰ ਦਿਵਸ ਪਰੇਡ ਵਿੱਚ ਜਨਤਾ ਹਿੱਸਾ ਨਹੀਂ ਲੈ ਸਕਦੀ ਇਸ ਸੱਚ ਨੂੰ ਸਾਬਤ ਕਰਨ ਲਈ ਪੰਜਾਬ ਹਰਿਆਣਾ ਰਾਜਸਥਾਨ ਉੱਤਰ ਪ੍ਰਦੇਸ਼ ਦੇ ਸਾਰੇ ਕਿਸਾਨ ਤੇ ਮਜਦੂਰ ਆਪਣੇ ਟਰੈਕਟਰ ਲੈ ਕੇ ਧੜਾ ਧੜ ਦਿੱਲੀ ਵੱਲ ਨੂੰ ਕੂਚ ਕਰਨਾ ਚਾਲੂ ਕਰ ਦਿੱਤਾ ।ਸਰਕਾਰ ਕੋਲ ਇਕ ਆਪਣੇ ਆਪ ਘੜਿਆ ਹੋਇਆ ਇਕ ਖਾਸ ਸਰਟੀਫਿਕੇਟ ਲੈ ਕੇ ਆਏ ਹਨ ਅਸੀਂ ਬਹੁਤ ਸਿਆਣੇ ਹਾਂ ਆਮ ਜਨਤਾ ਨੂੰ ਕਾਬੂ ਕਰਨਾ ਕੋਈ ਮੁਸਕਲ ਨਹੀਂ ।ਲਾਲ ਕਿਲੇ ਤੇ ਜੋ ਕੁੱਝ ਕਰਵਾਇਆ ਸਾਰੇ ਜਾਣਦੇ ਹਾਂ, ਜਨ ਮੋਰਚੇ ਦਾ ਅਜਿਹੇ ਘਟੀਆ ਪ੍ਰੋਗਰਾਮ ਵਿੱਚ ਕੋਈ ਹਿੱਸਾ ਜਾਂ ਹੱਥ ਨਹੀਂ ਸੀ ।ਮੋਰਚਿਆਂ ਨੂੰ ਉਠਾਉਣ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦਾ ਕੇਂਦਰ ਸਰਕਾਰ ਨੇ ਜੁਗਾੜ ਚਾਲੂ ਕੀਤਾ ਪਰ ਬਾਈ ਰਕੇਸ਼ ਟਿਕੈਤ ਨੇ ਅਜਿਹੇ ਅਨੇਕਾਂ ਲੜੇ ਮਹਾਨ ਯੁੱਧਾਂ ਵਿੱਚੋਂ ਸਿੱਖੇ ਸਬਕਾਂ ਨੂੰ ਦੁਹਰਾਉਂਦੇ ਹੋਏ ।ਲਲਕਾਰਾ ਮਾਰ ਕੇ ਜੋ ਮੋਰਚਿਆਂ ਵਿੱਚ ਗਿਣਤੀ ਘਟ ਗਈ ਸੀ ਉਸ ਦਾ ਦਿੱਤਾ ਸੱਦਾ ਰਾਤੋ ਰਾਤ ਹਜਾਰਾਂ ਗਿਣਤੀ ਵਿਚ ਟਰੈਕਟਰ ਟਰਾਲੀਆਂ ਆ ਪਹੁੰਚੇ,ਰਾਤ ਦੇ ਕੁਝ ਘੰਟਿਆਂ ਵਿਚ ਲੱਖਾਂ ਯੋਧੇ ਆਕੇ ਮੋਰਚੇ ਵਿਚ ਤਣ ਕੇ ਖੜ੍ਹੇ ਹੋ ਗਏ।

ਬਜਟ ਸੈਸ਼ਨ ਚਾਲੂ ਹੋ ਗਿਆ ਸਰਕਾਰ ਨੇ ਤਾਂ ਆਪਣਾ ਰਾਗ ਪਹਿਲਾਂ ਵਾਲਾ ਹੀ ਅਲਾਪਣਾ ਚਾਲੂ ਕਰ ਦਿੱਤਾ ਕਿ ਖੇਤੀ ਵਾਲੇ ਕਾਲੇ ਕਨੂੰਨ ਕਿਵੇਂ ਹਨ ਖੇਤੀਬਾੜੀ ਮੰਤਰੀ ਤੋਮਰ ਸਹਿਬ ਪਾਰਲੀਮੈਂਟ ਵਿਚ ਖੜ੍ਹੇ ਪੁੱਛ ਰਹੇ ਹਨ,ਜੋ ਕੇ ਦਰਜਨਾਂ ਕੁ ਮੀਟਿੰਗਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਕਰਕੇ ਇਹ ਕਹਿ ਚੁੱਕੇ ਸਨ ਕਿ ਸਾਨੂੰ ਸਮਝ ਆ ਗਈ ਹੈ,ਤਬਦੀਲੀਆਂ ਕਰ ਲਵਾਂਗੇ। ਮੋਦੀ ਜੀ ਦਾ ਹਮੇਸਾ ਇੱਕੋ ਹੀ ਜੁਮਲਾ ਹੁੰਦਾ ਹੈ ਕਿਸਾਨਾਂ ਨੂੰ ਬਹੁਤ ਵਧੀਆ ਕਨੂੰਨ ਸਮਝ ਨਹੀਂ ਆ ਰਹੇ ਇਕ ਫੋਨ ਦੀ ਗੱਲ ਹੈ ।ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਜੀ ਹਮੇਸਾ ਹੀ ਕਿਸਾਨਾਂ ਦੇ ਹੱਕ ਵਿੱਚ ਬੋਲੇ ਹਨ ਪਿਛਲੇ ਦਿਨੀਂ ਮੋਦੀ ਜੀ ਨਾਲ ਕਿਸਾਨਾਂ ਦੇ ਮੋਰਚੇ ਸਬੰਧੀ ਉਨ੍ਹਾਂ ਦੀ ਗੱਲ ਹੋਈ,ਪਰ ਪ੍ਰਧਾਨ ਮੰਤਰੀ ਮੋਦੀ ਸਾਹਿਬ ਦਾ ਮਹਾਂ ਗੱਪ ਮੇਰੀ ਕਿਸਾਨਾ ਦੇ ਮੁੱਦੇ ਤੇ ਕੋਈ ਗੱਲਬਾਤ ਨਹੀਂ ਹੋਈ ।ਉਹ ਦਿਨ ਦੂਰ ਨਹੀਂ ਜਦੋਂ ਕਿਸਾਨ ਮੋਰਚਾ ਫਤਿਹ ਕਰ ਕੇ ਘਰਾਂ ਨੂੰ ਆ ਪਹੁੰਚਣਗੇ ।ਬਾਹਰਲੇ ਦੇਸਾਂ ਦੇ ਖਿਡਾਰੀ ਵੀ ਕਿਸਾਨਾਂ ਦੀ ਸੇਵਾ ਲਈ ਕੁਝ ਨਾ ਕੁਝ ਕਰ ਰਹੇ ਹਨ,ਜਦ ਕੇ ਭਾਰਤ ਸਰਕਾਰ ਨੂੰ ਕਰਨਾ ਚਾਹੀਦਾ ਹੈ। ਦੋ ਕੁ ਸੌ ਦੇ ਕਰੀਬ ਕਿਸਾਨ ਇਸ ਮੋਰਚੇ ਵਿਚ ਸਹੀਦੀਆਂ ਪ੍ਰਾਪਤ ਕਰ ਚੁੱਕੇ ਹਨ ਪਰ ਸਰਕਾਰ ਕੁਝ ਪਤਾ ਹੀ ਨਹੀਂ,ਸਦਕੇ ਜਾਈਏ ਵਿਰੋਧੀ ਪਾਰਟੀ ਦੇ ਮੁਖੀ ਰਾਹੁਲ ਗਾਂਧੀ ਜੀ ਵੱਲੋਂ ਸਹੀਦ ਸਿੰਘਾਂ ਨੂੰ ਸਰਧਾਂਜਲੀ ਦਿੱਤੀ। ਪਾਰਲੀਮੈਂਟ ਵਿੱਚ ਇੱਕ ਬਹੁਤ ਹੀ ਸੋਹਣੀ ਗੱਲ ਕਹੀ ਹੈ ਚਾਰ ਕੁ ਲੋਕ ਦੇਸ ਨੂੰ ਚਲਾ ਰਹੇ ਹਨ, ਖਾਸ ਉਦਾਹਰਣ ਆਦਮੀਆਂ ਤੇ ਹਮ ਦੋ ਹਮਾਰੇ ਦੋ ਕਹਿ ਕੇ ਦਿੱਤੀ।

ਜਗਰਾਉਂ ਕਸਬੇ ਵਿਚ ਕਿਸਾਨ ਜਥੇਬੰਦੀਆਂ ਨੇ ਕਿਸਾਨ ਮਹਾਂ ਪੰਚਾਇਤ ਬੁਲਾਈ,ਅਜਿਹਾ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਧੜਾ ਧੜ ਕਿਸਾਨ ਮਜਦੂਰ ਬੀਬੀਆਂ ਭੈਣਾਂ ਤੇ ਬੱਚੇ ਪਹੁੰਚ ਗਏ ਜਿਨ੍ਹਾਂ ਦੀ ਗਿਣਤੀ ਅੰਕੜਿਆਂ ਵਿੱਚ ਨਹੀਂ ਹੋ ਸਕਦੀ ਪਰ ਸਰਕਾਰ ਦੇ ਸਾਰੇ ਪੁਰਜ਼ੇ ਢਿੱਲੇ ਹੋ ਗਏ ਹਨ ।ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਇਸ ਮਹਾਂਪੰਚਾਇਤ ਤੇ ਕੋਈ ਖਰਚਾ ਨਹੀਂ ਕੀਤਾ ਗਿਆ ਸੀ ਪਰ ਸਦਕੇ ਜਾਈਏ ਸਾਡੇ ਸਿੱਖ ਹਿੰਦੂ ਮੁਸਲਿਮ ਇਸਾਈ ਸਭ ਵੀਰਾਂ ਭੈਣਾਂ ਨੇ ਰੱਜ ਕੇ ਲੰਗਰ ਲਗਾ ਕੇ ਸਭ ਦੀ ਸੇਵਾ ਕੀਤੀ ।ਇਸ ਠਾਠਾਂ ਮਾਰਦੀ ਮਹਾਂ ਪੰਚਾਇਤ ਵਿਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇਕ ਖਾਸ ਐਲਾਨ ਕੀਤਾ ਕਿ ਇਸ ਤਰ੍ਹਾਂ ਦੀਆਂ ਪੰਚਾਇਤਾਂ ਹੁਣ ਅਸੀਂ ਉੱਤਰ ਪ੍ਰਦੇਸ਼ ਰਾਜਸਥਾਨ ਮਹਾਰਾਸ਼ਟਰ ਸਭ ਥਾਂ ਤੇ ਲਗਾ ਕੇ,ਕਿਸਾਨ ਮਜਦੂਰਾਂ ਨੂੰ ਇਕੱਠੇ ਕਰਕੇ ਮੋਰਚਾ ਬਹੁਤ ਜਲਦੀ ਫ਼ਤਹਿ ਕਰਾਂਗੇ ਸਰਕਾਰ ਨੇ ਆਪਣੇ ਭਾੜੇ ਦੇ ਟੱਟੂਆਂ ਤੋਂ ਛੱਬੀ ਜਨਵਰੀ ਨੂੰ ਕਿਸਾਨ ਮੋਰਚੇ ਨੂੰ ਵਿੰਗਾ ਟੇਢਾ ਕਰਨ ਲਈ ਜੋ ਵਿੰਗੇ ਟੇਢੇ ਚਿੱਬ ਪਏ ਸਨ ਜਗਰਾਉਂ ਦੀ ਮਹਾਂ ਪੰਚਾਇਤ ਨੇ ਸਾਰੇ ਚਿੱਬ ਕੱਢ ਕੇ ਦਿਖਾ ਦਿੱਤਾ ਕਿ ਅਸੀਂ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਤੇ ਉੱਧਮ ਸਿੰਘ ਦੀ ਕੁਲ ਵਿੱਚੋਂ ਹਾਂ, ਅਸੀਂ ਵਿਦੇਸ਼ੀਆਂ ਨੂੰ ਆਪਣੇ ਦੇਸ਼ ਵਿਚੋਂ ਭਜਾਉਣ ਜਾਣਦੇ ਹਾਂ ਲੋਕਰਾਜ ਤਾਂ ਸਾਡਾ ਹੈ ਅਜਿਹਾ ਹੱਲ ਸਾਡੇ ਆਪਣੇ ਹੱਥ ਹੈ।

ਮੇਰੀਆਂ ਕਿਸਾਨ ਜਥੇਬੰਦੀਆਂ ਨੂੰ ਖਾਸ ਬੇਨਤੀ ਆਪਣੇ ਨਾਮ ਤੇ ਅੱਗੋਂ ਸੰਯੁਕਤ ਸ਼ਬਦ ਹਟਾ ਦੇਣਾ ਚਾਹੀਦਾ ਹੈ ਕਿਸਾਨ ਤੇ ਮਜਦੂਰ ਇਕ ਹਨ,ਵਿਚਾਰ ਹਰ ਇਕ ਦੇ ਆਪਣੇ ਆਪਣੇ ਹੁੰਦੇ ਹਨ ਪਰ ਜਦੋਂ ਕੋਈ ਮੋਰਚਾ ਫਤਿਹ ਕਰਨਾ ਹੋਵੇ ਤਾਂ ਸਭ ਨੂੰ ਵਿਚਾਰ ਇਕੋ ਹੀ ਬਣਾਉਣੇ ਪੈਂਦੇ ਹਨ,ਅੱਜ ਤੁਸੀਂ ਸਾਰੇ ਮੋਢੇ ਨਾਲ ਮੋਢਾ ਜੋੜ ਕੇ ਬੈਠੇ ਹੋ ਕਿਸਾਨ ਮਜ਼ਦੂਰ ਏਕਤਾ ਯੂਨੀਅਨ ਇੱਕ ਨਹੀਂ ਹੋ ਸਕਦੀ ਕੱਲ੍ਹ ਨੂੰ ਆਪਾਂ ਨੇ ਚੋਣਾਂ ਵਿੱਚ ਵੀ ਪਹੁੰਚਣਾ ਹੈ ।ਦੁਨੀਆਂ ਦਾ ਢਿੱਡ ਭਰਨ ਵਾਲੇ ਮੋਰਚਿਆਂ ਤੇ ਬੈਠੇ ਤੇ ਸ਼ਹੀਦੀਆਂ ਪ੍ਰਾਪਤ ਕਰਦੇ ਜਾ ਰਹੇ ਹਨ ਰਾਜਨੀਤਕ ਪਾਰਟੀਆਂ ਨਗਰਪਾਲਿਕਾ ਦੀਆਂ ਚੋਣਾਂ ਵਿਚ ਟਹਿਲਕਦਮੀ ਕਰਦੇ ਇੱਕ ਦੂਜੇ ਨੂੰ ਮਿਹਣੇ ਮਾਰ ਕੇ ਮਨੋਰੰਜਨ ਕਰ ਰਹੇ ਹਨ ।ਤੁਹਾਨੂੰ ਸਮਝ ਜਾਣਾ ਚਾਹੀਦਾ ਹੈ ਕਿਸਾਨ ਮਜਦੂਰ ਮੋਰਚੇ ਤੇ ਹਨ ਪੰਜਾਬ ਸਰਕਾਰ ਦਾ ਕਿਹੜਾ ਗੱਡਾ ਅੜਿਆ ਖੜ੍ਹਾ ਸੀ ਕਿ ਨਗਰਪਾਲਿਕਾ ਦੀਆਂ ਚੋਣਾਂ ਹੁਣ ਹੀ ਕਰਵਾਉਣੀਆਂ ਪਈਆਂ,ਇਹ ਕਿਸਾਨ ਮਜ਼ਦੂਰ ਮੋਰਚੇ ਦੇ ਵਿਚ ਰੰਗ ਦੇ ਵਿੱਚ ਭੰਗ ਪਾਉਣ ਦਾ ਬਹੁਤ ਵਧੀਆ ਉਪਰਾਲਾ ਹੈ ।ਜਿਵੇਂ ਮਹਾਂ ਪੰਚਾਇਤ ਦਾ ਇਕੱਠ ਕਰ ਕੇ ਕੇਂਦਰ ਸਰਕਾਰ ਨੂੰ ਦੱਸ ਦਿੱਤਾ ਹੈ ਸੱਚ ਬੋਲਣਾ ਸਿੱਖੋ,ਪਏ ਹੋਏ ਚਿੱਬ ਕੱਢ ਕੇ ਕਲੀ ਕਰਕੇ ਦਿਖਾ ਦਿੱਤਾ ਹੈ ।ਫਿਰ ਅਗਲੀਆਂ ਚੋਣਾਂ ਲਈ ਰਾਜਨੀਤਕ ਪਾਰਟੀਆਂ ਦੀ ਕੀ ਜਰੂਰਤ ਹੈ,ਕਿਸਾਨ ਮਜ਼ਦੂਰ ਏਕਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਖ਼ੁਦ ਆਪਣੀਆਂ ਸਰਕਾਰਾਂ ਬਣਾਉਣੀਆਂ ਸਿੱਖੋ "ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ"

**ਰਮੇਸਵਰ ਸਿੰਘ**

**ਸੰਪਰਕ-9914880392**

# ਜਦ ਹੀਰੋ ਬਣ ਗਏ ਜ਼ੀਰੋ

ਸੰਯੁਕਤ ਕਿਸਾਨ ਮੋਰਚਾ ਇੱਕ ਅਜਿਹਾ ਅੰਦੋਲਨ ਹੈ ਜੋ ਭਾਰਤ ਵਰਸ ਦੇ ਹਰ ਵਰਗ ਦੀ ਦਿਲੀ ਹਮਾਇਤ ਤਾਂ ਪ੍ਰਾਪਤ ਕਰ ਹੀ ਚੁੱਕਿਆ ਹੈ ਨਾਲ ਦੀ ਨਾਲ ਦੁਨੀਆਂ ਦੇ ਹੋਰ ਕਿੰਨੇ ਹੀ ਦੇਸਾਂ ਦੀਆਂ ਅਨੇਕਾਂ ਸੰਸਥਾਵਾਂ, ਨੇਤਾ ਅਤੇ ਹੋਰ ਸਖਸੀਅਤਾਂ ਵੀ ਕਿਸਾਨ ਮਜਦੂਰ ਅੰਦੋਲਨ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰ ਰਹੀਆਂ ਹਨ ਜਿਨ੍ਹਾਂ ਵਿੱਚ ਅਮਰੀਕੀ ਉਪ ਰਾਸਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ, ਪੌਪ ਸਟਾਰ ਰਿਹਾਨਾ, ਵਾਤਾਵਰਨ ਕਾਰਕੁਨ ਗ੍ਰੇਟਾ ਥਰਨਬਰਗ, ਪੋਰਨ ਸਟਾਰ ਰਹਿ ਚੁੱਕੀ ਮੀਆ ਖਲੀਫਾ, ਇੰਗਲੈਂਡ ਦੀ ਇੱਕ ਸਾਂਸਦ ਕਲਾਊਡੀਆ ਆਦਿ ਸਾਮਲ ਹਨ। ਵਿਦੇਸਾਂ ਵਿੱਚ ਵਸਦੇ ਲੋਕਾਂ ਨੇ ਵੀ ਇਸ ਅੰਦੋਲਨ ਲਈ ਮਾਲੀ ਮਦਦ ਭੇਜਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਭਾਰਤੀ ਸੰਗੀਤ ਇੰਡਸਟਰੀ ਵਿੱਚੋਂ ਖਾਸ ਤੌਰ ਤੇ ਪੰਜਾਬੀ ਕਲਾਕਾਰਾਂ ਨੇ ਵੀ ਵੱਧ ਚੜ੍ਹਕੇ ਇਸ ਘੋਲ ਵਿੱਚ ਯੋਗਦਾਨ ਪਾਇਆ ਪਰ ਦੂਜੇ ਪਾਸੇ ਬਾਲੀਵੁੱਡ ਇੰਡਸਟਰੀ ਦੇ ਜਆਿਦਾਤਰ ਅਦਾਕਾਰ ਇਸ ਮਸਲੇ ਤੇ ਚੁੱਪੀ ਧਾਰੀ ਬੈਠੇ ਹਨ। ਜਦੋਂ ਕਿ ਉਨ੍ਹਾਂ ਵਿੱਚੋਂ ਜਆਿਦਾਤਰ ਪੰਜਾਬੀ ਜਾਂ ਕਿਸਾਨੀ ਪਿਛੋਕੜ ਦੇ ਹਨ। ਇਨ੍ਹਾਂ ਵਿੱਚੋਂ ਦਿਓਲ ਪਰਿਵਾਰ ਤਾਂ ਆਪਣੇ ਆਪ ਨੂੰ ਠੇਠ ਪੰਜਾਬੀ ਜੱਟ ਅਖਵਾਉਂਦਾ ਹੈ। ਭਾਂਵੇ ਫਿਲਮਾਂ ਤੋਂ ਇਲਾਵਾ ਇਸ ਪਰਿਵਾਰ ਨੇ ਪੰਜਾਬ ਲਈ ਕੁਝ ਨਹੀਂ ਕੀਤਾ ਫਿਰ ਵੀ ਪੰਜਾਬੀਆਂ ਨੇ ਇਸ ਪਰਿਵਾਰ ਦੇ ਹਰ ਇੱਕ ਜੀਅ ਨੂੰ ਮਣਾ ਮੂੰਹੀਂ ਪਿਆਰ ਸਤਿਕਾਰ ਬਖਸਿਆ। ਸੰਨੀ ਦਿਓਲ ਐਮ. ਪੀ. ਖੜਿਆਂ ਤਾਂ ਪੰਜਾਬੀਆਂ ਨੇ ਹੋਰ ਸਭ ਨੂੰ ਭੁਲਾ ਕੇ ਇਸਨੂੰ ਜਿਤਾਇਆ। ਇਵੇਂ ਮਹਿਸੂਸ ਹੁੰਦਾ ਸੀ ਕਿ ਇਹ ਬੰਦਾ ਜਿਵੇਂ ਫਿਲਮਾਂ ਵਿੱਚ ਹੱਕ ਸੱਚ ਦੇ ਪੱਖ ਵਿੱਚ ਡਟਦਾ ਹੈ ਉਵੇਂ ਹੀ ਅਸਲੀਅਤ ਵਿੱਚ ਵੀ ਡਟੇਗਾ। ਪਰ ਅਫਸੋਸ ਉਹ ਤਾਂ ਮੋਦੀ ਦੀ ਗੋਦੀ ਅਜਿਹਾ ਵੜਿਆ ਕਿ ਢਾਈ ਕਿਲੋ ਦਾ ਹੱਥ ਬੱਸ ਮੋਦੀ ਦੀਆਂ ਮੱਖੀਆਂ ਝੱਲਣ ਜੋਗਾ ਰਹਿ ਗਿਆ ਅਤੇ ਪੰਜਾਬ ਦਾ ਪੁੱਤਰ ਧਰਮ ਵੀ ਕੁੱਝ ਨਹੀਂ ਬੋਲ ਰਿਹਾ। ਇਨ੍ਹਾਂ ਤੋਂ ਇਲਾਵਾ ਸਾਹੁਰਖ ਖਾਨ, ਸਲਮਾਨ ਖਾਨ, ਆਮਿਰ ਖਾਨ ਆਦਿ ਹੋਰ ਅਨੇਕਾਂ ਬਾਲੀਵੁੱਡ ਅਭਿਨੇਤਾ ਅਤੇ ਕਪਿਲ ਸਰਮਾ ਵਰਗੇ ਕਮੇਡੀਅਨ ਇਸ ਮੌਕੇ ਮੂੰਹ ਤੇ ਤਾਲਾ ਲਾਈ ਬੈਠੇ ਹਨ। ਇਨ੍ਹਾਂ ਵਿੱਚੋਂ ਕੁਝ ਕੁ ਅਦਾਕਾਰ ਅਤੇ ਮਸਹੂਰ ਖਿਡਾਰੀ ਬੋਲੇ ਵੀ ਪਰ ਉਹ ਵੀ ਮੋਦੀ ਦੇ ਤੋਤੇ ਬਣ ਕੇ ਹੀ ਬੋਲੇ। ਅਜੇ ਦੇਵਗਨ, ਅਕਸੈ ਕੁਮਾਰ, ਸੁਨੀਲ ਸੈੱਟੀ, ਸਚਿਨ ਤੇਂਦੂਲਕਰ ਆਦਿ ਸਭ ਸਰਕਾਰ ਦੇ ਹੱਕ ਵਿੱਚ ਹੀ ਭੁਗਤੇ। ਐਮ. ਪੀ. ਬਣੀ ਹੇਮਾ ਜੀ ਕਹਿ ਰਹੀ ਹੈ ਕਿ ਕਿਸਾਨਾਂ ਨੂੰ ਆਪਣੇ ਹੱਕਾਂ ਦਾ ਹੀ ਪਤਾ ਨਹੀਂ ।ਕੰਗਨਾ ਰਣੌਤ ਨੇ ਤਾਂ ਧਰਨੇ ਵਿੱਚ ਸਾਮਲ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਬੁਰਾ ਭਲਾ ਬੋਲਣ ਤੋਂ ਵੀ ਗੁਰੇਜ ਨਹੀਂ ਕੀਤਾ। ਲੱਖ ਲਾਹਨਤ ਹੈ ਅਜਿਹੇ ਹੀਰੋਆਂ ਤੇ ਜੋ ਲੋਕਾਂ ਦੇ ਸਿਰ ਤੇ ਨਾਮ ਤੇ ਸੌਹਰਤ ਖੱਟਦੇ ਹਨ, ਲੋਕਾਂ ਤੇ ਹੋ ਰਹੇ ਜੁਲਮ ਲਈ ਦਿਖਾਵਾ ਮਾਤਰ ਲੜਾਈ ਲੜਦੇ ਹਨ ਪਰ ਜਦੋਂ ਅਸਲੀਅਤ ਵਿੱਚ ਲੋਕਾਂ ਦੇ ਨਾਲ ਖੜ੍ਹਨ ਦਾ ਮੌਕਾ ਆਉਂਦਾ ਹੈ ਤਾਂ ਜਾਂ ਤਾਂ ਖੁੱਡ ਵਿੱਚ ਲੁਕ ਜਾਂਦੇ ਹਨ ਜਾਂ ਸਰਕਾਰੀ ਬੋਲੀ ਬੋਲਦੇ ਹਨ। ਅਸਲ ਵਿੱਚ ਇਹ ਹੀਰੋ ਨਹੀਂ ਜੀਰੋ ਹਨ। ਇਨ੍ਹਾਂ ਨਾਲੋਂ ਤਾਂ ਪੰਜਾਬੀ ਕਲਾਕਾਰ ਹਜਾਰ ਗੁਣਾ ਚੰਗੇ ਹਨ ਜੋ ਬਿਨਾਂ ਕਿਸੇ ਡਰ ਤੋਂ ਕਿਸਾਨ ਅੰਦੋਲਨ ਵਿੱਚ ਜੋਸ ਭਰਨ ਵਾਲੇ ਗੀਤ ਗਾ ਰਹੇ ਹਨ ਅਤੇ ਕਨਵਰ ਗਰੇਵਾਲ, ਬੱਬੂਮਾਨ ਵਰਗੇ ਅਨੇਕਾਂ ਹੀ ਗਾਇਕ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।

**ਚਾਨਣ ਦੀਪ ਸਿੰਘ ਔਲਖ**

**ਪਿੰਡ ਗੁਰਨੇ ਖੁਰਦ (ਮਾਨਸਾ) 9876888177**

# ਕਲੀਰੇ ਬੰਨ੍ਹਣਾ ਤੇ ਵੰਡਣਾ



ਡਾ.ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਪੰਜਾਬੀ ਸਭਿਆਚਾਰ ਦੀ ਆਪਣੀ ਬੋਲੀ ,ਪਹਿਰਾਵੇ, ਸੁਭਾਅ, ਸਮਾਜਿਕ ਕਦਰ ਪ੍ਰਣਾਲੀ ਤੇ ਰਸਮਾਂ ਰਿਵਾਜਾਂ ਕਾਰਨ ਵਿਸ਼ਵ ਵਿੱਚ ਵੱਖਰੀ ਪਛਾਣ ਹੈ।ਪਹਿਲੇ ਸਮਿਆਂ ਵਿੱਚ ਇਥੋਂ ਦੇ ਵਿਆਹਾਂ ਵਿੱਚ ਪ੍ਰਚੱਲਿਤ ਰਹੇ ਰੀਤੀ ਰਿਵਾਜਾਂ ਦੀਆਂ ਗੱਲਾਂ ਹੁਣ ਤੱਕ ਕੀਤੀਆਂ ਜਾਂਦੀਆਂ ਹਨ। ਕੁੜੀ ਦੇ ਵਿਆਹ ਦੇ ਅਵਸਰ ‘ਤੇ ਵਿਆਹ ਵਾਲੀ ਕੁੜੀ ਨੂੰ ਕਲੀਰੇ ਬੰਨ੍ਹਣ ਤੇ ਉਸ ਪਿੱਛੋਂ ਕਲੀਰੇ ਵੰਡਣ ਦੀ ਰਸਮ ਬੜੀ ਪੁਰਾਣੀ ਹੈ। ਇਹ ਰਸਮ ਪੰਜਾਬੀ ਸਭਿਆਚਾਰ ਦਾ ਹਿੱਸਾ ਬਣੀ ਰਹੀ ਹੈ। ਕਲੀਰਾ ਨਾਰੀਅਲ ਤੇ ਗਿਰੀ ਗੋਲੇ ਦੀਆਂ ਠੂਠੀਆਂ ਨੂੰ ਸਜਾ ਕੇ ਲਾਲ ਸੂਤੀ ਡੋਰਾਂ ਵਿੱਚ ਪਰੋਇਆ/ਗੁੰਦਿਆ ਜਾਂਦਾ ਹੈ। ਕਲੀਰਿਆਂ ਨੂੰ ਸਜਾਉਣ ਲਈ ਲਾਲ ਸੂਤੀ ਮੌਲ਼ੀ ਦੇ ਧਾਗਿਆਂ ਵਿੱਚ ਕੌਡੀਆਂ ਪਰੋਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਮਖਾਣਿਆਂ ਤੇ ਵਿਸ਼ੇਸ਼ ਤਰ੍ਹਾਂ ਦੀਆਂ ਫੁੱਲੀਆਂ ਨਾਲ ਸਜਾਇਆ ਜਾਂਦਾ ਹੈ ਤੇ ਕਲੀਰਿਆਂ ਨਾਲ ਬੰਨ੍ਹਿਆ ਜਾਂਦਾ ਹੈ।ਪੁਰਾਣੇ ਸਮਿਆਂ ਵਿੱਚ ਘਰ ਦੀਆਂ, ਸਕੇ-ਸਬੰਧੀਆਂ, ਗਲੀ ਮੁਹੱਲੇ ਤੇ ਪਿੰਡ ਦੀਆਂ ਔਰਤਾਂ/ਕੁੜੀਆਂ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਕੁੜੀ ਲਈ ਕਲੀਰੇ ਪਰੋ ਲੈਂਦੀਆਂ ਸਨ। ਚਾਂਦੀ ਦੇ ਬਣੇ ਕਲੀਰਿਆਂ ਨੂੰ ਗਹਿਣਿਆਂ ਵਾਂਗ ਕੀਮਤੀ ਕਲੀਰੇ ਸਮਝਿਆ ਜਾਂਦਾ ਹੈ।ਉਨ੍ਹਾਂ ਵਿੱਚ ਨਿੱਕੀਆਂ ਗੋਲਾਈਦਾਰ ਕਟੋਰੀਆਂ ਤੇ ਘੁੰਗਰੂ ਲੱਗੇ ਹੁੰਦੇ ਹਨ। ਘੁੰਗਰੂਆਂ ਨਾਲ ਜੜੇ ਕਲੀਰਿਆਂ ,ਫੁੱਲਾਂ ਵਾਲੇ ਕਲੀਰਿਆਂ, ਰੰਗ ਬਰੰਗੇ ਧਾਗਿਆਂ ਦੇ ਕੰਮ ਵਾਲੇ ਕਲੀਰਿਆਂ ,ਰੰਗਦਾਰ ਚਮਕੀਲੇ ਕਾਗਜ਼ਾਂ ਨਾਲ ਸਜਾਏ ਗਏ ਕਲੀਰਿਆਂ ,ਭਾਰੇ ਜਾਂ ਹਲਕੇ ਝੂਮਰ ਵਾਲੇ ਕਲੀਰਿਆਂ ਦੀਆਂ ਵੰਨਗੀਆਂ ਨੂੰ ਕੁੜੀਆਂ ਵਧੇਰੇ ਪਸੰਦ ਕਰਦੀਆਂ ਹਨ। ਵਿਆਹ ਵਾਲੇ ਦਿਨ ਕੁੜੀ ਨੂੰ ਵਰੀ ਦਾ ਸੂਟ ਪਹਿਨਾਉਣ ਪਿੱਛੋਂ ਉਸਦੇ ਨੇੜਲੇ ਰਿਸ਼ਤੇਦਾਰ ਉਸਨੂੰ ਕਲੀਰੇ ਬੰਨ੍ਹਦੇ ਹਨ। ਕੁੜੀ ਨੂੰ ਚੂੜਾ ਪਹਿਨਾਉਣ ਪਿੱਛੋਂ ਉਸਨੂੰ ਕਲੀਰੇ ਬੰਨ੍ਹੇ ਜਾਂਦੇ ਹਨ। ਕੁੜੀ ਦੀ ਮਾਂ ਤੇ ਮਾਮਿਆਂ ਵੱਲੋਂ ਸਭ ਤੋਂ ਪਹਿਲਾਂ ਬੰਨ੍ਹੇ ਜਾਣ ਵਾਲੇ ਕਲੀਰਿਆਂ ਨੂੰ ਜੇਠੇ ਕਲੀਰੇ ਕਿਹਾ ਜਾਂਦਾ ਹੈ। ਫਿਰ ਬਾਕੀ ਰਿਸ਼ਤੇਦਾਰਾਂ ,ਸ਼ਰੀਕੇ- ਭਾਈਚਾਰੇ ਦੀਆਂ ਔਰਤਾਂ /ਕੁੜੀਆਂ ਵੱਲੋਂ ਕੁੜੀ ਨੂੰ ਕਲੀਰੇ ਬੰਨ੍ਹੇ ਜਾਂਦੇ ਹਨ।ਵਿਆਹ ਵਾਲੀ ਕੁੜੀ ਆਪਣੀਆਂ ਦੋਹਾਂ ਬਾਹਵਾਂ ਦੀਆਂ ਕਲਾਈਆਂ ਉੱਤੇ ਕਲੀਰੇ ਬੰਨ੍ਹਦੀ ਹੈ। ਡਾ.ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਇਸਨੂੰ “ ਸੁੱਖ ਮੰਗਲ ਦਾ ਸੂਚਕ “ ਸਮਝਿਆ ਜਾਂਦਾ ਹੈ(ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1060 )। ਕੁੜੀ ਦੀਆਂ ਕਲਾਈਆਂ ਨਾਲ ਲਟਕਦੇ ਚਾਂਦੀ ਦੇ ਕਲੀਰੇ ,ਨਾਰੀਅਲ ਦੇ ਕਲੀਰੇ, ਕੌਡੀਆਂ ਆਦਿ ਨਾਲ ਸਜਾਏ ਗਏ ਕਲੀਰੇ ਬਹੁਤ ਸੁੰਦਰ ਲੱਗਦੇ ਹਨ। ਕੁੜੀ ਨੂੰ ਕਲੀਰੇ ਬੰਨ੍ਹਣ ਦੀ ਇਸ ਰਸਮ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸਨੂੰ ਸ਼ੁੱਭ ਸ਼ਗਨ ਸਮਝਿਆ ਜਾਂਦਾ ਹੈ।

ਕਲੀਰੇ ਵੰਡਣ ਦੀ ਰਸਮ ਕੁੜੀ ਦੀ ਡੋਲੀ ਤੁਰਨ ਤੋਂ ਪਹਿਲਾਂ ਹੁੰਦੀ ਹੈ।ਕੁੜੀ ਕੋਲ ਉਸਦੀਆਂ ਭੈਣਾਂ, ਭਾਬੀਆਂ, ਵੀਰਾਂ ਨੂੰ ਬੁਲਾਇਆ ਜਾਂਦਾ ਹੈ। ਬੰਨ੍ਹੇ ਗਏ, ਇਕੱਠੇ ਹੋਏ ਕਲੀਰਿਆਂ ਵਿੱਚੋਂ ਕੁਝ ਨੂੰ ਤੋੜ ਕੇ ਕੁੜੀ ਆਪਣੀਆਂ ਭੈਣਾਂ, ਭਰਾਵਾਂ, ਭਾਬੀਆਂ ਤੇ ਹੋਰ ਰਿਸ਼ਤੇਦਾਰਾਂ ਨੂੰ ਵੰਡਦੀ ਹੈ। ਇਸ ਰਸਮ ਨੂੰ ਵਿਆਹ ਪਿੱਛੋਂ ਘਰ ਵਿੱਚ ਪਿਆਰ, ਇਤਫ਼ਾਕ, ਖੁਸ਼ਹਾਲੀ,ਬਰਕਤਾਂ ਆਦਿ ਬਣੀਆਂ ਰਹਿਣ ਲਈ ਦੁਆ ਕਰਨ ਵਜੋਂ ਨਿਭਾਇਆ ਜਾਂਦਾ ਹੈ। ਘਰ ਵਿੱਚ ਖੁਸ਼ੀਆਂ ਨਾਲ ਭਰਪੂਰ ਤੇ ਸ਼ੁੱਭ ਕਾਰਜ ਹੁੰਦੇ ਰਹਿਣ ਲਈ ਵੀ ਦੁਆ ਕੀਤੀ ਜਾਂਦੀ ਹੈ।ਕਲੀਰੇ ਵੰਡਦਿਆਂ ਹੋਇਆਂ ਕੁੜੀ ਆਪਣੇ ਪੇਕੇ ਘਰ ਲਈ ਵੀ ਖ਼ੈਰ ਸੁੱਖ ਮੰਗਦੀ ਹੈ।ਬਾਹਵਾਂ ਵਿੱਚ ਪਾਏ ਕਲੀਰਿਆਂ ਦੇ ਕੁਝ ਹਿੱਸੇ ਨੂੰ ਕੁੜੀ ਆਪਣੇ ਸਹੁਰੇ ਘਰ ਲੈਕੇ ਜਾਂਦੀ ਹੈ। ਹੁਣ ਸਮਾਂ ਬਦਲ ਗਿਆ ਹੈ।ਹੁਣ ਬਣੇ -ਬਣਾਏ ਕਲੀਰੇ ਬਾਜ਼ਾਰ ਵਿੱਚੋਂ ਖਰੀਦੇ ਜਾ ਸਕਦੇ ਹਨ।ਉਨ੍ਹਾਂ ਬਣੇ -ਬਣਾਏ ਸੁੰਦਰ ਕਲੀਰਿਆਂ ਵਿੱਚੋਂ ਬੇਸ਼ੱਕ ਆਪਣੇਪਨ ਦਾ ਅਹਿਸਾਸ ਗ਼ੈਰਹਾਜ਼ਰ ਹੁੰਦਾ ਹੈ ਪਰ ਬਦਲਦੇ ਸਮੇਂ ਨੇ ਚੀਜ਼ਾਂ ਦੇ ਵਿਕਲਪ ਦੀ ਤਲਾਸ਼ ਵੀ ਕਰਨੀ ਹੁੰਦੀ ਹੈ।ਕਲੀਰੇ




ਬੰਨ੍ਹਣ ਤੇ ਵੰਡਣ ਦੀ ਰਸਮ ਹੁਣ ਬੇਸ਼ੱਕ ਘਟਦੀ ਜਾ ਰਹੀ ਹੈ ਪਰ ਉਸਦਾ ਮਹੱਤਵ ਅਜੇ ਤੱਕ ਵੀ ਬਣਿਆ ਹੋਇਆ ਹੈ।ਪਹਿਲਾਂ ਜਿਹੜੇ ਸ਼ਗਨ -ਵਿਹਾਰ ਗਲੀ ਮੁਹੱਲਾ ਰਲ ਮਿਲ ਕੇ ਕਰਦਾ ਸੀ ,ਹੁਣ ਕੇਵਲ ਘਰ ਵਾਲਿਆਂ ਜਾਂ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਤੱਕ ਸਿਮਟ ਕੇ ਰਹਿ ਗਏ ਹਨ।ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ ਦੇ ਮਹੱਤਵ ਨੂੰ ਵਿਸਾਰਿਆ ਨਹੀਂ ਜਾ ਸਕਦਾ।ਕਲੀਰਿਆਂ ਨਾਲ ਕਈ ਲੋਕ ਵਿਸ਼ਵਾਸ ਤੇ ਰਿਵਾਇਤਾਂ ਵੀ ਜੁੜੀਆਂ ਹੋਈਆਂ ਹਨ। ਕੁਝ ਵੀ ਹੋਵੇ ਪੰਜਾਬੀ ਸਭਿਆਚਾਰ ਵਿੱਚ ਕਲੀਰਿਆਂ ਦੇ ਮਹੱਤਵ ਨੇ ਆਪਣਾ ਸਥਾਨ ਬਣਾਈ ਰੱਖਣਾ ਹੈ।

**ਸੰਪਰਕ** :91- 98885 - 10185

# ਮਿੰਨੀ ਕਹਾਣੀ ਕੱਚੀ ਗੱਲ

ਰਾਜਧਾਨੀ ਨੂੰ ਚਾਰਸੁਫੇਰੇ ਘੇਰੇ ਕਿਸਾਨ ਉਨਾਂ ਪਰਤੀ ਬਣਾਏ ਕਾਨੂੰਨ ਜਿੰਨਾ ਨੂੰ ਕਾਲੇ ਕਾਨੂੰਨ ਕਿਹਾ ਜਾਦਾਂ ਹੈ ਸਰਕਾਰ ਕਿਸਾਨਾ ਦੀ ਆਮਦਨ ਦੁਗਣੀ ਕਰਨ ਬਾਰੇ ਭੰਬਲਭੂਸੇ ਪਾ ਰਹੇ ਹਨ ਸਿੰਘੂ ਬਾਡਰ ਤੇ ਸੰਘਰਸ ਕਰ ਰਹੇ ਬੱਚੇ ਤੋ ਲੈ ਕੇ ਬਜੁਰਗਾ ਤਕ ਆਪਣੇ ਵੈਰ ਵਿਰੋਧ ਛਡ ਕੇ ਮੁਕੇ ਦੀ ਤਰਾਂ ਇਕਠੇ ਬੈਠੇ ਹਨ ਹਰ ਵਰਗ ਦੇ ਲੋਕ ਸਾਥ ਦੇ ਰਹੇ ਹਨ ਕਿਉਕਿ ਇਸ ਦਾ ਅਸਰ ਸਭ ਤੇ ਪੈਣਾ ਲਡੂ ਜਲੇਬੀਆ ਪਿੰਨੀਆ ਪੀਜੇ ਵੰਨ ਸੁਵਨੇ ਭੋਜਨ ਪਰ ਇਸ ਤਰਾਂ ਦੇ ਮੌਸਮ ਵਿੱਚ ਉਹਨਾ ਦਾ ਦਰਦ ਸੁਣਨ ਦੀ ਬਜਾਏ ਲਾਰੇ ਲੁਏ ਜਾ ਰਹੇ ਨੇ ।ਲਾਭ ਸਿੰਘ ਨੇ ਆਪਣੀ ਜਿੰਦਗੀ ਵਿਚ ਕਈ ਉਤਰਾਹ ਚੜਾਹ ਦੇਖੇ ਸਨ ਰਾਤ ਨੂੰ ਸਾਰੇ ਨੋਜੁਆਨ ਗਲਾੱ ਸੁਣਨ ਲਈ ਉਸ ਦੇ ਲਾਗੇ ਬੈਠ ਗਏ ਤੇ ਬੋਲੇ ਬਾਪੂ ਜੀ ਅਜੱ ਸਾਨੂੰ ਕੋਈ ਆਪਣੇ ਪਿੰਡ ਦੀ ਗੱਲ ਸੁਣਾਉ ਲਾਭ ਸਿੰਘ ਬੋਲਿਆ ਅਜੱ ਮੈ ਤੁਹਾਨੂੰ ਬਾਬੇ ਗੇਰੂ ਬਾਰੇ ਦਸਦਾ ਉਸ ਦੇ ਵਿਆਹ ਦੀ ਗੱਲ ਚਲੀ ਰਿਸਤਾ ਵੀ ਹੋ ਗਿਆ ਪਰ ਵਿਆਹ ਦੋ ਸਾਲ ਬਾਅਦ ਫਿਰ ਪਤਾ ਲਗਾ ਉਨਾਂ ਕੁੜੀ ਦਾ ਵਿਆਹ ਕਿਸੇ ਹੋਰ ਨਾਲ ਕਰ ਦਿਤਾ ਪਰ ਗੁਰਮੇਲ ਸਿੰਘ ਨੇ ਸਾਰੀ ਉਮਰ ਵਿਆਹ ਨਹੀ ਕਰਾਇਆ ਮੈਨੂੰ ਲਗਦਾ ਸਾਡੇ ਨਾਲ ਸਰਕਾਰ ਵੀ ਇਹੋ ਖੇਡ ਖੇਡਣਾ ਚਹੁੰਦੀ ਹੈ ਪਰ ਅਸੀ ਗੇਰੂ ਵਾਂਗ ਕੱਚੀ ਗੱਲ ਨਹੀ ਕਰਨੀ ਪੱਕੀ ਕਰਕੇ ਹੀ ਵਾਪਿਸ ਜਾਂਵਾਗੇ ਇਕੱ ਮੁੰਡੇ ਨੇ ਪੁਛਿਆ ਜੇ ਸਰਕਾਰ ਨਾ ਮੰਨੀ ਲਾਭ ਸਿੰਘ ਬੋਲਿਆ ਤਾ ਫਿਰ ਸਾਡਾ ਹਾਲ ਵੀ ਬਾਬੇ ਗੇਰੂ ਵਰਗਾ ਹੋਵੇਗਾ । ਸਾਰੇ ਨੋਜੁਆਨ ਇਕ ਸੁਰ ਵਿਚੱ ਬੋਲੇ ਅਸੀ ਸਾਰੇ ਇਕਠੇ ਹਾ ਤੇ ਇਕਠੇ ਰਹਾਗੇ ਤੇ ਜਿੱਤ ਕੇ ਜਾਂਵਾਗੇ ।

(**ਪਰਵਿੰਦਰ ਸਿੰਘ ਢਿਲੋਂ**
516 -234-8545)

# ਮਿੰਨੀ ਕਹਾਣੀ ਚੀਕਾਂ

‘ਗੁਰਮੇਲ ਸਿਹਾਂ, ਮੈਂ ਸੁਣਿਐ ਰਾਂਤੀ ਤੇਰੇ ਗੁਆਂਢੀ ਨੇ ਦਾਰੂ ਪੀ ਕੇ ਬੜੇ ਲਲਕਾਰੇ ਮਾਰੇ ਨੇ’ ਸੱਥ ’ਚ ਬੈਠਾ ਕਰਨੈਲ ਨੇ ਗੁਰਮੇਲ ਨੂੰ ਕਿਹਾ।‘ ਹਾਂ ਕਰਨੈਲ ਸਿਹਾਂ, ਵੋਟਾਂ ਵਾਲੇ ਬੋਤਲ ਦੇ ਜਾਂਦੇ ਨੇ, ਜਦੋਂ ਤੱਕ ਵੋਟਾਂ ਨ੍ਹੀ ਮੁੱਕ ਦੀਆਂ ਇਹਦਾ ਆਹੀ ਰੌਲਾ ਰਹਿਣੈ’ ਗੁਰਮੇਲ ਬੋਲਿਆ।ਉਹਨਾਂ ਦੋਵਾਂ ਦੀਆਂ ਗੱਲਾਂ ਸੁਣ ਕੇ, ਉਹਨਾਂ ਦੇ ਕੋਲ ਬੈਠੇ ਮਾਸਟਰ ਸ਼ਮਸ਼ੇਰ ਸਿੰਘ ਨੇ ਕਿਹਾ, ‘ ਵੀਰੋ, ਵੋਟਾਂ ਬਦਲੇ ਪੀਤੀ ਸ਼ਰਾਬ ਨਾਲ ਮਾਰੇ ਲਲਕਾਰੇ, ਦੇਖਿਓ ਇਕ ਦਿਨ ਆਉਣ ਵਾਲੀ ਪੀੜ੍ਹੀ ਦੀਆਂ ਚੀਕਾਂ ਬਣ ਕੇ ਨਿਕਲਣਗੇ।’

**-ਤਸਵਿੰਦਰ ਸਿੰਘ ਬੜੈਚ ਪਿੰਡ ਦੀਵਾਲਾ,ਤਹਿਸੀਲ ਸਮਰਾਲਾ, ਜਿਲ੍ਹਾ ਲੁਧਿਆਣਾ।ਮੋਬਾ**-7527931887

**ਜੇਕਰ ਤੁਸੀਂ ਵੀ ਆਪਣੀ ਕੋਈ ਕਾਵਿ ਰਚਨਾ ਇਸ ਪੰਨੇ ’ਤੇ ਪ੍ਰਕਾਸ਼ਿਤ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਹੇਠ ਲਿਖੇ ਈ-ਮੇਲ ਪਤੇ ’ਤੇ ਈਮੇਲ ਕਰੋ ਜੀ**

**preetnamausa@gmail.com**
**preetmatt477@gmail.com**

# ਸੁਪਨੇ

ਜਵਾਨੀ ਵਿੱਚ ਕਦਮ ਰੱਖਦਿਆਂ ਹੀ ਜਵਾਨ ਮਨ ਤਰ੍ਹਾਂ ਤਰ੍ਹਾਂ ਦੇ ਸੁਪਨੇ ਦੇਖਣ ਲੱਗਦਾ ਹੈ।ਕੋਈ ਡਾਕਟਰ ਬਣਨਾ ਲੋਚਦੈ ਤੇ ਕੋਈ ਅਧਿਆਪਕ ਬਣਨ ਬਾਰੇ ਸੋਚਦਾ ਪਰ ਕੀ ਸੁਪਨੇ ਵੇਖਣ ਨਾਲ ਮੰਜਲਿ ਮਿਲ ਜਾਂਦੀ ਹੈ ?ਨਹੀਂ!

ਇਸ ਦੇ ਲਈ ਕਰਨੀ ਪੈਂਦੀ ਆ ਸਾਨੂੰ ਸਖਤ ਮਿਹਨਤ।ਕਾਮਯਾਬ ਤਾਂ ਹਰ ਕੋਈ ਹੋਣਾ ਚਾਹੁੰਦਾ ਹੈ ਪਰ ਕਾਮਯਾਬੀ ਐਵੇਂ ਕਿਤੇ ਡਿੱਗੀ ਪਈ ਨਹੀਂ ਮਿਲਦੀ।ਸੁਪਨੇ ਦੇਖਣਾ ਅਲੱਗ ਗੱਲ ਆ ਪਰ ਇਨ੍ਹਾਂ ਨੂੰ ਹਕੀਕਤ ਦਾ ਰੂਪ ਦੇਣਾ ਵੱਖਰੀ ਗੱਲ ਆਖੀ ਫਿਰ ਭਾਵੇਂ ਉਹ ਅਧਿਆਪਕ, ਪ੍ਰਿੰਸੀਪਲ ਜਾਂ ਫਿਰ ਪ੍ਰੋਫੈਸਰ ਇਹ ਲੋਕ ਐਵੇਂ ਹੀ ਐਨੀ ਉੱਚੀ ਪਦਵੀ ਤੇ ਪਹੁੰਚੇ ਉਨ੍ਹਾਂ ਨੂੰ ਇਹ ਮੰਜਲਿ ਹਾਸਲ ਕਰਨ ਲਈ ਖੂਨ ਪਸੀਨਾ ਇੱਕ ਕਰਨਾ ਪਿਆ।ਅਸੀਂ ਸੋਚਦੇ ਤਾਂ ਬਹੁਤ ਕੁਝ ਹਾਂ ਪਰ ਜਦੋਂ ਕਰਨ ਦਾ ਵੇਲਾ ਆਉਂਦਾ ਤਾਂ ਘਰ ਦੇ ਹਾਲਾਤਾਂ ਦਾ ਰੋਣਾ ਲੈ ਕੇ ਬੈਠ ਜਾਂਦੇ ਹਾਂ ਦੇ ਇਨ੍ਹਾਂ ਹੁੰਦਾ ਤਾਂ ਅਸੀਂ ਉਹ ਬਣ ਜਾਂਦੇ ਪਰ ਕੀ ਕਰੀਏ ਸਾਡੀ ਕਿਸਮਤ ਵਿੱਚ ਇਹ ਸਭ ਲਿਖਿਆ ਹੀ ਨਹੀਂ ਸੀ ਹਿੰਮਤ ਹਾਰ ਕੇ ਲੋਕ ਕਿਸਮਤ ਨੂੰ ਦੋਸ ਦਿੰਦੇ ਹਨ। ਸਫਲਤਾ ਉਨ੍ਹਾਂ ਨੂੰ ਹੀ ਮਿਲਦੀ ਆ ਜੋ ਹਰ ਹਾਲਤ ਵਿੱਚ ਮੁਸੀਬਤ, ਮੁਸਕਲਾਂ ਦਾ ਮੁਕਾਬਲਾ ਕਰਦੇ ਹੋਏ ਆਪਣੇ ਮਿੱਥੇ ਹੋਏ ਉਦੇਸ ਦੀ ਪ੍ਰਾਪਤੀ ਲਈ ਦਿਨ ਰਾਤ ਕੋਸਸਿ ਕਰਦੇ ਰਹਿੰਦੇ ਹਨ। ਨਿੱਕੀਆਂ ਮੋਟੀਆਂ ਰੁਕਾਵਟਾਂ ਤੋਂ ਖਿੱਝਣਾ ਨਹੀਂ,ਨਾ ਅੱਕਣਾ ਤੇ ਬੇਕਾਰ ਦੇ ਕੰਮਾਂ ਵਿੱਚ ਟਾਈਮ ਬਰਬਾਦ ਨਹੀਂ ਕਰਨਾ ਚਾਹੀਦਾ ਇਸ ਉਮਰ ਵਿੱਚ ਹਰ ਕੋਈ ਖਾਬ ਵੇਖਦਾ ਹੈ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਦੇ ਅਸੀਂ ਮਿਹਨਤ ਨਾਲ ਕਰੀਏ ਤਾਂ ਕੁਝ ਹਾਸਲ ਨਹੀਂ ਹੁੰਦਾ।

ਲੋਕੀ ਆਪਾਂ ਨੂੰ ਕਿਤਾਬੀਂ ਕੀੜਾ ਤਾਂ ਜਰੂਰ ਕਹਿਣਗੇ ਪਰ ਸਫਲ ਹੋਣ ਲਈ ਦਿਨ ਰਾਤ ਇੱਕ ਕਰਨਾ ਪੈਣਾ ਹੈ। ਇਸ ਲਈ ਅਧਿਆਪਕ ਇੱਕ ਅਧਿਆਪਕ ਹੀ ਨਹੀਂ ਸਗੋਂ ਬੱਚਿਆਂ ਦਾ ਦੋਸਤ ਵੀ ਹੋਣਾ ਚਾਹੀਦੈ ਅਧਿਆਪਕ ਨੂੰ ਇਹ ਪਤਾ ਹੋਣਾ ਚਾਹੀਦੈ ਕਿ ਕਿਵੇਂ ਉਨ੍ਹਾਂ ਵੱਲੋਂ ਦਿੱਤੀ ਹੋਈ ਛੋਟੀ ਜਿਹੀ ਦਿੱਤੀ ਸਲਾਹ, ਅਗਵਾਈ ਅਤੇ ਹੌਂਸਲਾ ਅਫਜਾਈ ਵੀ ਬੱਚਿਆਂ ਦੀ ਜੰਦਿਗੀ ਵਿੱਚ ਅੱਗੇ ਵੱਧਣ ਵਿੱਚ ਮਦਦ ਕਰਦੇ ਹਨ।

**ਰਾਜਿੰਦਰ ਰਾਣੀ**
**ਪਿੰਡ ਗੰਢੂਆਂ**
(**ਸੰਗਰੂਰ**)

# ਅਗਰ ਚੀਨ ਫੌਜ ਨੂੰ ਪਿੱਛੇ ਹਟਾ ਸਕਦਾ ਹੈ ਤੇ ਫਿਰ ਮੋਦੀ ਨੂੰ ਕਨੂੰਨ ਹਟਾਉਣ ਵਿੱਚ ਕੀ ਤਕਲੀਫ ਹੈ ?

ਭਾਰਤ ਤੇ ਚੀਨ ਵਲੋਂ ਪੂਰਬੀ ਲੱਦਾਖ ‘ਚ ਸਥਿਤ ਸਰਹੱਦ ‘ਤੇ ਪੈਗੋਂਗ ਤਸੋ ਝੀਲ ਦੇ ਦੱਖਣੀ ਤੇ ਉੱਤਰੀ ਕੰਢਿਆਂ ਤੋਂ ਮੋਹਰਲੀ ਕਤਾਰ ਦੇ ਫੌਜੀਆਂ ਦੀ ਗਿਣਤੀ 10 ਫਰਵਰੀ ਤੋਂ ਘਟਾਉਣੀ ਸੁਰੂ ਕਰ ਦਿੱਤੀ ਗਈ ਹੈ . ਹਾਲਾਂਕਿ, ਭਾਰਤ ਦੇ ਰੱਖਿਆ ਮੰਤਰਾਲੇ ਤੇ ਭਾਰਤੀ ਫੌਜ ਵਲੋਂ ਚੀਨੀ ਰੱਖਿਆ ਮੰਤਰਾਲੇ ਦੇ ਸੀਨੀਅਰ ਬੁਲਾਰੇ ਕਰਨਲ ਵੂ ਕਿਯਾਨ ਤੇ ਚੀਨੀ ਦੇ ਅਧਿਕਾਰਤ ਮੀਡੀਆ ਵਲੋਂ ਦਿੱਤੇ ਗਏ ਬਿਆਨ ‘ਤੇ ਕਿਸੇ ਕਿਸਮ ਦੀ ਕੋਈ ਟਿੱਪਣੀ ਨਹੀਂ ਕੀਤੀ ਗਈ . ਚੀਨੀ ਰੱਖਿਆ ਮੰਤਰਾਲੇ ਅਨੁਸਾਰ ਉਕਤ ਸਹਿਮਤੀ ਚੀਨ ਤੇ ਭਾਰਤ ਵਿਚਾਲੇ 24 ਜਨਵਰੀ ਨੂੰ ਕੋਰ ਕਮਾਂਡਰ ਪੱਧਰ ਦੀ 9ਵੇਂ ਪੜਾਅ ਦੀ ਚੱਲੀ 16 ਘੰਟੇ ਮੈਰਾਥਨ ਮੀਟਿੰਗ ਉਪਰੰਤ ਬਣੀ ਸੀ . ਦੂਜੇ ਪਾਸੇ ਰੱਖਿਆ ਮੰਤਰਾਲੇ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਹੈ . ਜਕਿਰਯੋਗ ਹੈ ਕਿ ਚੀਨ ਤੇ ਭਾਰਤ ਵਿਚਾਲੇ ਪੂਰਬੀ ਲੱਦਾਖ ‘ਚ ਬੀਤੇ ਸਾਲ ਦੇ ਮਈ ਮਹੀਨੇ ਦੀ ਸੁਰੂਆਤ ਤੋਂ ਹੀ ਤਣਾਅ ਚੱਲ ਰਿਹਾ ਹੈ, ਜਦੋਂਕਿ ਦੋਹਾਂ ਦੇਸਾਂ ਵਲੋਂ ਮਸਲੇ ਨੂੰ ਸੁਲਝਾਉਣ ਲਈ ਕਈ ਦੌਰ ਦੀ ਫੌਜੀ ਤੇ ਕੂਟਨੀਤਿਕ ਪੱਧਰ ਦੀ ਗੱਲਬਾਤ ਵੀ ਕੀਤੀ ਜਾ ਚੁੱਕੀ ਹੈ .ਜਿਸ ਖਿੱਚੋ ਤਾਣੀ ਵਿਚ ਸਾਡੇ ਭਾਰਤ ਦੇ 22 ਜਾਂਬਾਜ ਸ਼ਹੀਦ ਹੋ ਚੁਕੇ ਹਨ .ਇਸ ਤੋਂ ਇਲਾਵਾ ਬਹੁਤ ਸਾਰੇ ਸੈਨਿਕ ਜਖਮੀ ਵੀ ਹੋ ਚੁਕੇ ਹਨ .ਹਰ ਫੈਸਲੇ ਦਾ ਹਲ ਲੜਾਈ ਤਾਂ ਨਹੀਂ ਹੁੰਦੀ , ਗਲਬਾਤ ਵੀ ਇਕ ਤਰੀਕਾ ਹੈ .ਜਿਸ ਦਾ ਨਤੀਜਾ ਅੱਜ ਦੁਨੀਆਂ ਦੇ ਸਾਹਮਣੇ ਆਇਆ ਹੈ .ਪਰ ਫਿਰ ਅੱਜ ਮੋਦੀ ਕਿਉਂ ਜ਼ਿੱਦ ਕਰਕੇ ਦੇਸ਼ ਨੂੰ ਤਬਾਹੀ ਵਲ ਲੈ ਕੇ ਜਾ ਰਿਹਾ ਹੈ . ਕਿਉਂ ਨਹੀਂ ਕਿਸਾਨ ਵਿਰੋਧੀ ਕਨੂੰਨ ਖਤਮ ਕਰਕੇ ਕਿਸਾਨਾਂ ਨੂੰ ਘਰ ਵਲ ਤੋਰਦਾ .ਲੋਕਤੰਤਰ ਦਾ ਖਿਲਵਾੜ ਕਰ ਰਿਹਾ ਹੈ .ਕੀ ਹੋਇਆ ਜੇ ਸਤਾ ਇਸ ਦੇ ਹੱਥ ਵਿੱਚ ਆ ਗਈ ਏ .ਇਸ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ “ਸਦਾ ਨਾ ਬਾਗੀ ਬੁਲਬੁਲ ਬੋਲੇ ਸਦਾ ਨਾ ਮੌਜ਼ ਬਹਾਰਾਂ“ .ਕਿਸਾਨਾਂ ਨਾਲ ਇਹ ਕੋਈ ਪੁਰਾਣੀ ਦੁਸਮਣੀ ਕੱਢ ਰਿਹਾ ਹੈ ਹੋਰ ਕੁਝ ਨਹੀਂ . ਜੇ ਕਿਸਾਨ ਇਹ ਕਨੂੰਨ ਨਹੀਂ ਚਹੁੰਦੇ ਫਿਰ ਧੱਕਾ ਕਿਉਂ .ਅਜੇ ਵੀ ਕਿਸਾਨਾਂ ਦੀ ਗੱਲ ਮੰਨ ਕਿ ਕਨੂੰਨ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰੇ .ਇਹ ਤਾਂ ਚੀਨ ਨਾਲੋਂ ਮਾੜਾ ਨਿਕਲਿਆ ਏ .ਚੀਨ ਤਾਂ ਫਿਰ ਵੀ ਮੰਨ ਗਿਆ ਹੈ ਪਰ ਮੋਦੀ ਕਿਉਂ ਨਹੀਂ ਮੰਨਦਾ . ਜੋ ਕਿ ਫੈਸਲਾ ਦੇਸ਼ ਦੇ ਹਿੱਤ ਵਿੱਚ ਨਹੀਂ ਹੈ .ਮੋਦੀ ਦੀ ਜਿੱਦ ਨੇ ਦੇਸ਼ ਦਾ ਚਲਦਾ ਪਹੀਆ ਹੀ ਰੋਕ ਕੇ ਰੱਖ ਦਿੱਤਾ ਹੈ .



**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
[**ਫਿਰੋਜ਼ਪੁਰ** ]7589155501

PREETNAMA ਪ੍ਰੀਤਨਾਮਾ ਖਰਾ ਸੱਚ Online and Print Media



# ਮੂੰਹ ਵਿੱਚ ਭਾਬੋ ਦੇ ਨਣਦ ਬੁਰਕੀਆਂ ਪਾਵੇ....

ਨਣਦ ਭਰਜ਼ਾਈ ਦਾ ਰਿਸ਼ਤਾ ਬਹੁਤ ਹੀ ਪਿਆਰ ਵਾਲਾ ਹੁੰਦਾ ਹੈ .ਭਰਾ ਦੀ ਜੋ ਭੈਣ ਹੁੰਦੀ ਹੈ ਉਹ ਭਰਾ ਦੀ ਪਤਨੀ ਦੀ ਨਣਦ ਲਗਦੀ ਹੈ . ਬੇਸ਼ਕ ਅੱਜਕਲ ਇਕ ਹੀ ਬੱਚਾ ਰੱਖਣ ਦਾ ਰਿਵਾਜ਼ ਚਲ ਪਿਆ ਹੈ .ਪਰ ਫਿਰ ਵੀ ਜੋ ਭੈਣ ਭਰਾ ਹੁੰਦੇ ਹਨ .ਉਹਨਾਂ ਘਰਾਂ ਵਿੱਚ ਇਸ ਰਿਸਤੇ ਦੇ ਪਿਆਰ ਨੂੰ ਵੇਖਣ ਵਾਲਾ ਹੁੰਦਾ ਹੈ . ਜਿਹਨਾਂ ਘਰਾਂ ਵਿੱਚ ਮੁੰਡੇ ਨਾਲੋਂ ਕੁੜੀ ਵੱਡੀ ਹੁੰਦੀ ਹੈ ਉਸ ਦਾ ਅਕਸਰ ਵਿਆਹ ਪਹਿਲਾਂ ਹੀ ਹੋ ਜਾਂਦਾ ਹੈ .ਪਰ ਜਿਹੜੀ ਭੈਣ ਛੋਟੀ ਹੁੰਦੀ ਹੈ ਉਸ ਦਾ ਪਿਆਰ ਭਰਾ ਨਾਲ ਬਹੁਤ ਜਿਆਦਾ ਹੁੰਦਾ ਹੈ .ਕਿਉਂਕਿ ਉਹ ਭਰਾ ਦੀ ਲਾਡਲੀ ਭੈਣ ਹੁੰਦੀ ਹੈ .ਭਰਜਾਈ ਦੇ ਆਉਣ ਤੋਂ ਪਹਿਲਾਂ ਘਰ ਦੀ ਸਾਰੀ ਮੁਖਤਿਆਰੀ ਨਣਦ ਦੇ ਕੋਲ ਹੁੰਦੀ ਹੈ .ਭਰਾ ਦੇ ਵਿਆਹ ਦਾ ਸਭ ਤੋਂ ਜਿਆਦਾ ਚਾਅ ਭੈਣ ਨੂੰ ਹੀ ਹੁੰਦਾ ਹੈ .ਭੈਣ ਵਿਆਹ ਦੇ ਸਾਰੇ ਸ਼ਗਨ ਕਰਦੀ ਹੈ .ਗੀਤ ਗਾਉਂਦੀ ਥਕਦੀ ਨਹੀਂ ,ਸਿਹਰਾ ਬੰਨਦੀ ਏ ,ਕਲਗੀ ਸਜਾਉਂਦੀ ਵੀਰ ਦਾ ਮੁੱਖੜਾ ਸਵਾਰਦੀ ਹੈ .ਜਿਹੜੇ ਰਾਹਾਂ ਵਿੱਚ ਦੀ ਵੀਰ ਦੀ ਬਰਾਤ ਜਾਂਦੀ ਹੈ .ਉਹ ਰਾਹ ਵੀ ਭੈਣ ਨੂੰ ਪਿਆਰੇ ਲਗਦੇ ਹਨ .ਉਹਨਾਂ ਰਾਹਾਂ ਦੀ ਰੇਤਾਂ ਵੀ ਭੈਣ ਨੂੰ ਖੰਡ ਬਰੋਬਰ ਲਗਦੀ ਹੈ .ਵੀਰ ਜਦੋ ਭਰਜਾਈ ਨੂੰ ਵਿਆਹ ਕੇ ਲਿਆਉਂਦਾ ਹੈ .ਉਸ ਵਕਤ ਸਭ ਤੋਂ ਪਹਿਲਾਂ ਭਰਜਾਈ ਨੂੰ ਡੋਲਿਓ ਨਣਦ ਹੀ ਉਤਾਰਦੀ ਹੈ .ਬੜੀਆਂ ਪਿਆਰੀਆਂ ਪਿਆਰੀਆਂ ਬੋਲੀਆਂ ਵੀ ਪਾਉਂਦੀ ਹੈ .“ ਕਿਉਂ ਖੜ੍ਹੀ ਭਾਬੋ ?ਕਿਉਂ ਖੜ੍ਹੀ ,ਨੀ ਤੂੰ ਕਿਉਂ ਖੜ੍ਹੀ ਦਿਲਗੀਰ .ਲੜ ਫੜ੍ਹ ਪਿਛੇ ਲਗ ਜਾ ,ਅਗੇ ਲਗੇਗਾ ਮੇਰਾ ਵੀਰ .. ਭਰਜਾਈ ਨੂੰ ਭਾਬੋ ਵੀ ਕਹਿੰਦੇ ਹਨ .ਨਣਦ ਭਰਜਾਈ ਦਾ ਪਿਆਰ ਵੇਖਣ ਵਾਲਾ ਹੁੰਦਾ ਹੈ .ਕਿਸੇ ਗਲੋਂ ਭਰਾ ਭਰਜਾਈ ਨਾਲ ਕਿਸੇ ਵੇਲੇ ਨਰਾਜ਼ ਵੀ ਹੋ ਜਾਵੇ ਤਾਂ ਭਰਜਾਈ ਦਾ ਪੱਖ ਨਣਦ ਹੀ ਪੂਰਦੀ ਹੈ .ਨਣਦ ਹਮੇਸ਼ਾ ਹੀ ਆਪਣੀ ਭਰਜਾਈ ਦੇ ਹੁਸਨ ਤੇ ਗਹਿਣਿਆਂ ਦੀ ਤਰੀਫ ਕਰਦੀ ਥਕਦੀ ਨਹੀਂ .“ ਚੰਦ ਵਰਗੀ ਭਰਜਾਈ ਮੇਰੀ ਵੀਰ ਵਿਆਹ ਕੇ ਲਿਆਇਆ ,ਹਥੀ ਉਹਦੇ ਛਾਪਾਂ ਛੱਲੇ ਬਾਹੀਂ ਚੂੜਾ ਪਾਇਆ ,ਉੱਠ ਕੇ ਨੱਚ ਭਾਬੀਏ ਹੜ੍ਹ ਜੋਬਨ ਦਾ ਆਇਆ .ਕਹਿੰਦੇ ਹਨ ਕਿ ਪਿਆਰ ਅਤੇ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ .ਜਦ ਨਣਦ ਤੇ ਭਰਜਾਈ ਆਪਸ ਵਿੱਚ ਘਿਉ ਤੇ ਖਿਚੜੀ ਇਕ ਹੋਈਆਂ ਹੁੰਦੀਆਂ ਹਨ .ਕਈ ਵਾਰ ਨਣਦ ਭਰਜਾਈ ਤੇ ਹੁਕਮ ਵੀ ਚਲਾਉਣ ਲਗ ਜਾਂਦੀ ਹੈ .ਹੁਕਮ ਨਨਾਣਾਂ ਦਾ ਮੰਨ ਵਡੀਏ ਭਜਾਈਏ .ਜਦੋਂ ਘਰ ਕੱਚੇ ਹੁੰਦੇ ਸੀ ਉਸ ਵਕਤ ਵੀ ਘਰਾਂ ਨੂੰ ਲਿੱਪ ਪੋਚ ਕੇ ਰਖਿਆ ਜਾਂਦਾ ਸੀ .ਕੰਧਾਂ ਉਪਰ ਵੇਲ ,ਬੂਟੇ ,ਜਾਨਵਰਾਂ ਦੀ ਸੋਹਣੀਆਂ ਸੋਹਣੀਆਂ ਤਸਵੀਰਾਂ ਬਣਾਈਆਂ ਜਾਂਦੀਆਂ ਸਨ .ਉਸ ਵਕਤ ਵੀ ਨਣਦ ਭਰਜਾਈ ਦੀ ਪ੍ਰਸੰਸਾ ਕਰਨੋ ਪਿਛੇ ਨਹੀਂ ਹਟਦੀ ਤੇ ਕਹਿਣਾ ਕਿ “ਮੇਰੇ ਵੀਰ ਦਾ ਵੇਖ ਦਰਵਾਜ਼ਾ ਭਾਬੋ ਨੇ ਪਾਈਆਂ ਮੋਰਨੀਆਂ .ਨਣਦ ਭਰਜਾਈ ਦੀ ਸਾਰੀਆਂ ਰੀਝਾਂ ਬੜੇ ਹੀ ਪਿਆਰ ਨਾਲ ਲਾਹੁੰਦੀਆਂ ਥੱਕਦੀਆਂ ਨਹੀਂ .ਫਿਰ ਜਦੋ ਵੇਲਾ ਭਰਜਾਈ ਦਾ ਆਉਂਦਾ ਹੈ ਉਹ ਵੀ ਨਣਦ ਦੀਆਂ ਰੀਝਾਂ ਪੂਰੀਆਂ ਕਰਦੀ ਹੈ .ਜਦੋ ਭਰਜਾਈ ਆਪਣੀ ਨਣਦ ਨੂੰ ਮੁਕਲਾਵੇ ਤੋਰਦੀ ਹੈ .ਉਹ ਵੀ ਸਿਫਤਾਂ ਦੇ ਪੁਲ ਬੰਨਦੀ ਨਹੀਂ ਥੱਕਦੀ .ਮੇਰੀ ਨਣਦ ਚਲੀ ਮੁਕਲਾਵੇ ,ਪਿੱਪਲੀ ਦੇ ਪੱਤ ਵਰਗੀ .ਕਦੇ ਆਖਦੀ ਏ ਕਿ ਮੇਰੀ ਨਣਦ ਚਲੀ ਮੁਕਲਾਵੇ ,ਅਲਸੀ ਦੇ ਫੁੱਲ ਵਰਗੀ .ਬੇਸ਼ਕ ਇਹ ਪਿਆਰ ਅੱਜਕਲ ਬਹੁਤਾ ਵੇਖਣ ਨਹੀਂ ਮਿਲ ਰਿਹਾ .ਕਿਉਂਕਿ ਦਾਜ ਦਹੇਜ਼ ਦੀ ਚੰਦਰੀ ਲਾਹਨਤ ਨੇ ਇਸ ਰਿਸ਼ਤੇ ਨੂੰ ਤੋੜਨ ਵਿੱਚ ਬਹੁਤ ਯੋਗਦਾਨ ਪਾਇਆ ਹੈ .ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਕਦੇ ਕਦਾਈਂ ਵੀਰ ਜਦੋ ਆਪਣੀਆਂ ਭੈਣਾਂ ਦੀ ਰੀਝਾਂ ਪੂਰੀਆਂ ਨਹੀ ਕਰ ਸਕਦਾ . ਤਾਂ ਨਣਾਨਾਂ ਦਾ ਗੁੱਸਾ ਭਰਜਾਈਆਂ ਉਤੇ ਨਿੱਕਲ ਜਾਂਦਾ ਹੈ . ਕੁੜੀਆਂ ਨੂੰ ਆਪਣੇ ਘਰ ਦੀ ਕਿਹੜੀ ਭੁੱਲ ਹੁੰਦੀ ਹੈ .ਪਰ ਫਿਰ ਵੀ ਪਤਾ ਨਹੀਂ ਇੰਝ ਕਿਉਂ ਕਰਦੀਆਂ ਨੇ . ਰਿਸਤੇ ਨਾਤੇ ਤੇ ਆਪਸੀ ਪਿਆਰ ਨੂੰ ਪੈਸਿਆਂ ਨਾਲ ਨਹੀਂ ਤੋਲਣਾ ਚਾਹੀਦਾ .ਸਾਰੇ ਲੋਕ ਵਿਖਾਵਿਆਂ ਨੂੰ ਪਰੇ ਕਰਕੇਇਹਨਾਂ ਰਿਸਤੇ ਨਾਤਿਆਂ ਨੂੰ ਪਿਆਰ ਨਾਲ ਨਿਭਾਉਣਾ ਚਾਹੀਦਾ ਹੈ . ਮੈਨੂੰ ਉਹ ਬੋਲ ਵਾਰ ਵਾਰ ਯਾਦ ਆਉਂਦੇ ਹਨ “ਮੂੰਹ ਵਿੱਚ ਭਾਬੋ ਦੇ ਨਣਦ ਬੁਰਕੀਆਂ ਪਾਵੇ “ .



**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
[ **ਫਿਰੋਜ਼ਪੁਰ** ]7589155501

# ਕਿਸਾਨੀ ਸੰਘਰਸ਼ ਨੂੰ ਸਮਰਪਿਤ ਗੀਤ ਟਰੈਕਟਰ ਰਿਲੀਜ

ਜਦੋਂ ਦਾ ਖੇਤੀ ਦੇ ਗਲਤ ਕਾਨੂੰਨਾਂ ਸਬੰਧੀ ਕਿਸਾਨ ਸੰਘਰਸ਼ ਮੋਰਚਾ ਸ਼ੁਰੂ ਹੋਇਆ ਹੈ ਉਸ ਵੇਲੇ ਤੋਂ ਹੀ ਪੰਜਾਬੀ ਸੰਗੀਤ ਜਗਤ ਅੰਦਰ ਕਿਸਾਨੀ ਸੰਘਰਸ਼ ਮੋਰਚੇ ਨੂੰ ਹੁਲਾਰਾ ਤੇ ਜੋਸ਼ ਭਰਨ ਵਾਲੇ ਪੰਜਾਬੀ ਗੀਤ ਲਗਾਤਾਰ ਆ ਰਹੇ ਹਨ ਇਨ੍ਹਾਂ ਗੀਤਾਂ ਨੂੰ ਅੱਜ ਵੱਡੀ ਪੱਧਰ ਉੱਤੇ ਸੁਣਿਆ ਜਾ ਰਿਹਾ ਹੈ ਤੇ ਪਸੰਦ ਕੀਤਾ ਜਾ ਰਿਹਾ ਹੈ।



ਇਸੇ ਕੜੀ ਨੂੰ ਅੱਗੇ ਤੋਰਦਿਆਂ ਅਮਰੀਕਾ ਵਿੱਚ ਰਹਿੰਦੇ ਪੰਜਾਬੀ ਲੇਖਕ ਸ਼ਿੰਦਰ ਮੀਰਪੁਰੀ ਦੀ ਕਲਮ ਨੇ ਬਹੁਤ ਹੀ ਖ਼ੂਬਸੂਰਤ ਗੀਤ ਟਰੈਕਟਰ ਦੀ ਰਚਨਾ ਕੀਤੀ ਹੈ ।ਇਸ ਗੀਤ ਨੂੰ ਗਾਇਆ ਹੈ ਦਮਦਾਰ ਆਵਾਜ਼ ਦੇ ਮਾਲਕ ਬਿਲ ਸਿੰਘ ਤੇ ਜਸਵਿੰਦਰ ਜੱਸ ਜਿਹੇ ਵਧੀਆ ਗਾਇਕਾ ਨੇ ,ਇਸ ਗੀਤ ਨੂੰ ਤਿਆਰ ਕਰਨ ਪਿੱਛੇ ਵਿਦੇਸ਼ਾਂ ਵਿਚ ਵਸੇ ਪੰਜਾਬੀ ਕਲਾਕਾਰਾਂ ਦੀ ਟੀਮ ਵਿੱਚ ਕੀਰਤ ਆਸਟ੍ਰੇਲੀਆ ਲੱਕੀ ਦੋਸਾਂਝ ਤੇ ਰਾਸ਼ਿਦ ਖਾਨ ਜਿਹੇ ਨਾਮੀ ਕਲਾਕਾਰਾਂ ਦੀ ਟੀਮ ਦਾ ਹੱਥ ਹੈ ।ਇਸ ਗੀਤ ਦੀ ਵੀਡੀਓ ਬਹੁਤ ਹੀ ਸ਼ਾਨਦਾਰ ਹੈ ਜਿਸ ਵਿੱਚ ਕਿਸਾਨੀ ਸੰਘਰਸ਼ ਮੋਰਚੇ ਦੇ ਹਿੱਸੇ ਤੋਂ ਇਲਾਵਾ ਪੰਜਾਬ ਦੇ ਪੇਂਡੂ ਹਾਲਾਤਾਂ ਨੂੰ ਦਿਖਾਇਆ ਗਿਆ ਹੈ ।ਇਹ ਗੀਤ ਕਲੱਬ ਬੀਟਸ ਦੇ ਬੈਨਰ ਹੇਠ ਮਾਰਕੀਟ ਵਿੱਚ ਉਤਾਰਿਆ ਗਿਆ ਹੈ ।ਅੱਜਕੱਲ੍ਹ ਇਹ ਗੀਤ ਹਰ ਪਾਸੇ ਸੁਣਾਈ ਦਿੰਦਾ ਹੈ ।ਸੰਗੀਤ ਪ੍ਰੇਮੀਆਂ ਲਈ ਇਹ ਗੀਤ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਪੰਜਾਬੀ ਗੀਤ ਸੰਗੀਤ ਅੰਦਰ ਵਧੀਆ ਗੀਤ ਦੇਣ ਲਈ ਗੀਤਕਾਰ ਸੁੰਦਰ ਮੀਰਪੁਰੀ ਨੂੰ ਸਭ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ ।ਅਮਰੀਕਾ ਤੋਂ ਸਮਾਜਸੇਵੀ ਬਿੰਦਰ ਬਲ ਜੋਗਿੰਦਰ ਬਲ ਗੀਤਕਾਰ ਪਾਪੀ ਚੱਤੋ ਵਾਲੀਆ ਕਨੇਡਾ ਬਲਰਾਜ ਬੱਲੀ ਕੈਨੇਡਾ ਗੀਤਕਾਰ ਗਾਇਕ ਕਰਨੈਲ ਸਿਵੀਆ ਬਰੈਂਪਟਨ ਨੌਜਵਾਨ ਨਵਾਂ ਗਾਇਕ ਉਦੈਜੀਤ ਸੋਨੂੰ ਕਨੇਡਾ ਪੱਤਰਕਾਰ ਮਨਜਿੰਦਰ ਸਿੰਘ ਕਾਲਾ ਲੇਖਕ ਬਲਬੀਰ ਸਿੰਘ ਬੱਬੀ ਪੱਤਰਕਾਰ ਜਗਰੂਪ ਸਿੰਘ ਮਾਨ ਇੰਦਰਜੀਤ ਸਿੰਘ ਜਲੰਧਰ ਮਲਕੀਤ ਸਿੰਘ ਉੱਭਾਵਾਲ ਸੰਗੀਤਕ ਪੱਤਰਕਾਰ ਗੁਰਬਾਜ ਗਿੱਲ ਬਠਿੰਡਾ ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਗੀਤਕਾਰ ਬੂਟਾ ਗੁਲਾਮੀਵਾਲਾ ਤੋਂ ਇਲਾਵਾ ਹੋਰ ਸਾਹਿਤ ਤੇ ਸੰਗੀਤ ਪ੍ਰੇਮੀਆਂ ਨੇ ਸ਼ਿੰਦਰ ਮੀਰਪੁਰੀ ਦੇ ਵਧੀਆ ਗੀਤ ਰਚਣ ਤੇ ਜੀ ਆਇਆਂ ਕਿਹਾ।

**ਬਲਬੀਰ ਸਿੰਘ ਬੱਬੀ**
7009107300

# ਪੰਜਾਬ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਯਤਨਸ਼ੀਲ “ਸੁਖਦੀਪ ਸਿੰਘ ਮੁਧੱੜ”

ਅਜੋਕੇ ਤੇਜ-ਤਰਾਰ ਯੁੱਗ ’ਚ ਕਿਸੇ ਕੋਲ ਵੀ ਵਿਹਲ ਨਹੀਂ ਹੈ। ਹਰ ਇਨਸਾਨ ਆਪਣਾ ਤੋਰੀ-ਫੁਲਕਾ ਤੋਰਨ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ, ਪਰ ਫਿਰ ਵੀ ਕਈ ਇਨਸਾਨਾਂ ਨੇ ਆਪਣੇ ਸ਼ੌਕ ਦੀ ਫੁਲਵਾੜੀ ਵਿਚ ਅਨੇਕਾਂ ਤਰ੍ਹਾਂ ਦੇ ਫੁੱਲ ਲਾਏ ਹੋਏ ਹਨ, ਜਿਨ੍ਹਾਂ ਦੀ ਖੁਸਬੂ ਉਹ ਆਪ ਵੀ ਮਾਣ ਰਹੇ ਹਨ ਤੇ ਹੋਰਾਂ ਨੂੰ ਵੀ ਵੰਡ ਰਹੇ ਹਨ। ਮੈਂ ਅਜਿਹੇ ਹੀ ਇਕ ਆਪਣੇ ਆਲੇ-ਦੁਆਲੇ ਨੂੰ ਮਹਿਕਾਂ ਵੰਡਣ ਵਾਲੇ ਤੇ ਆਪ ਮਹਿਕਾਂ ਮਾਣਨ ਵਾਲੇ ਵਿਸ਼ੇਸ ਚਿਹਰੇ ਨਾਲ ਤੁਹਾਡਾ ਤੁਆਰਫ ਕਰਵਾ ਰਿਹਾ ਹਾਂ, ਜੋ ਸੁਖਦੀਪ ਸਿੰਘ ਮੁਧੱੜ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਜਿਸ ਕੋਲ ਭਾਰਤੀ ਤੇ ਖਾਸ ਕਰਕੇ ਪੰਜਾਬੀ ਵਿਰਾਸਤ ਨਾਲ ਸੰਬੰਧਿਤ ਪੁਰਾਤਨ ਵਸਤਾਂ ਦਾ ਅਨਮੋਲ ਖਜ਼ਾਨਾ ਸਾਂਭਿਆ ਪਿਆ ਹੈ। ਇਸ ਸ਼ਖ਼ਸ ਕੋਲ ਕੁੱਝ ਅਜਿਹੀਆਂ ਪੁਰਾਤਨ ਵਸਤਾਂ ਨੇ ਜਿਨ੍ਹਾਂ ਬਾਰੇ ਤੁਸੀਂ ਸ਼ਾਇਦ ਹੀ ਜਾਣਦੇ ਹੋਵੋ। ਜਿਲ੍ਹਾ ਜਲੰਧਰ ਦੇ ਪਿੰਡ ਧੰਨੋਵਾਲੀ ਦੇ ਬਸ਼ਿੰਦੇ ਤੇ ਪੰਜਾਬੀ ਸੱਭਿਆਚਾਰ ਦੇ ਇਸ ਸੈਦਾਈ ਕੋਲ ਸੁਰਮੇਦਾਨੀਆਂ, ਜ਼ਿੰਦਰੇ, ਪੁਰਾਤਨ ਬਰਤਨ, ਕੰਗਣੀ ਵਾਲੇ ਗਲਾਸ, ਛੰਨੇ, ਸਿਆਹੀ ਦੀਆਂ ਦਵਾਤਾਂ, ਵੱਟੇ ਅੱਧੀ ਛਟਾਂਕ ਤੋਂ ਲੈ ਕੇ ਪੰਜ ਸੇਰ ਤੱਕ, ਸੁਰਮਚੂ, ਪੁਰਾਣੇ ਟਾਇਮ ਪੀਸ, ਲੈਂਪ, ਗ੍ਰਾਮੋਫੋਨ ਮਸ਼ੀਨਾਂ, ਰਿਕਾਰਡ (ਜਿਨ੍ਹਾਂ ਦੀ ਬਾਹਰੀ ਚਮਕ ਜਿਉਂ ਦੀ ਤਿਉਂ ਕਾਇਮ ਹੈ),ਰੋਪੜੀ ਜਿੰਦੇ, ਪੂਣੀਆਂ, ਬੋਹੀਏ, ਟਿਊਬਾਂ ਵਾਲੇ ਰੇਡੀਓ, ਛੱਤ ਵਾਲੇ ਲੱਕੜ ਤੇ ਲੋਹੇ ਦੇ ਪੱਖੇ, ਪਿੱਤਲ ਦੀ ਬਾਲਟੀ, ਪਿੱਤਲ ਦਾ ਸਟੋਪ, ਜੱਗ, ਗੜਬੇ-ਗੜਬੀਆਂ, ਮੁੜ੍ਹੇ, ਲਾਲਟੈਣਾਂ, ਟੇਪਰਿਕਾਰਡਾਂ, ਬਲੈਕ ਐਂਡ ਵਾਈਟ ਟੀਵੀ,ਟੇਬਲ ਫੈਨ ਪੱਖੇ, ਹੱਥ ਕਢਾਈ ਵਾਲੀਆਂ ਫੋਟੋਆਂ, ਸੰਧਾਰੇ ਵਾਲਾ ਪੀਪਾ, ਟੈਲੀਫੋਨ, ਡੋਲੀ, ਰੋਟੀ ਰੱਖਣ ਵਾਲੇ ਪਿੱਤਲ ਦੇ ਡੱਬੇ, ਗਹਿਣੇ ਰੱਖਣ ਵਾਲੇ ਪਿੱਤਲ ਦੇ ਡੱਬੇ, ਛੱਜ, ਪੱਖਾ ਪੱਖੀ, ਜੂੜਾ, ਪਿੱਤਲ ਦੀ ਪਤੀਲੀ, ਐਨਟੀਨਾਂ,ਪਿੱਤਲ ਦੀਆਂ ਪਰਾਤਾਂ, ਥਾਲ, ਕੋਲੀਆਂ, ਆਰਾਮ ਕੁ ਰਸੀਆਂ, ਪੀੜ੍ਹਾ, ਕੱਦੂਕਸ, ਮੱਟ, ਝੱਕਰਾ, ਘਿਉ ਵਾਲੇ ਪੁਰਾਣੇ ਡੱਬੇ, ਚੱਕਲਾ-ਵੇਲਣਾ, ਪੁਰਾਣੇ ਚੀਨੀ ਤੇ ਕੱਚ ਦੇ ਮਰਤਬਾਨ, ਕੇਤਲੀਆਂ, ਕੱਪੀਆਂ, ਲੋਹੇ ਦੀ ਝਰਨੀ, ਮਧਾਣੀ, ਛਾਲਣੇ, ਬੇਬੇ ਦਾ ਸੰਦੂਕ, ਪੁਰਾਣਾ ਹਰਮੋਨੀਅਮ, ਨਮਾਰੀ ਪਲੰਘ, ਕੱਪੜੇ ਰੱਖਣ ਵਾਲੀ ਟੋਕਰੀ, ਪਣਖਾਂ, ਪੰਜੇ, ਨਾਲੇ ਬੁਣਨ ਵਾਲਾ ਅੱਡਾ, ਅਟੇਰਨਾ ਤੇ ਹੋਰ ਬਹੁਤ ਸਾਰੀਆਂ ਪੰਜਾਬ ਦੇ ਸੱਭਿਆਚਾਰ ਵਿਰਸੇ ਨਾਲ ਸੰਬੰਧਿਤ ਵਸਤਾਂ ਸਾਂਭੀਆਂ ਹੋਈਆਂ ਹਨ। ਜੋ ਉਸ ਨੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਇਕੱਠੀਆਂ ਕੀਤੀਆਂ ਹਨ। ਜੋ ਸਭ ਦੇ ਮਨ ਟੁੰਬ ਦਿੰਦੀਆਂ ਹਨ। ਉਸ ਦੀ ਮਿਹਨਤ ਦਾ ਨਤੀਜਾ ਹੈ ਕਿ ਅੱਜ ਜਦੋਂ ਵਧੇਰੇ ਤੋਂ ਜਿਆਦਾ ਨੋਜਵਾਨ ਪੀੜ੍ਹੀ ਨੂੰ ਇਨ੍ਹਾਂ ਪੁਰਾਤਨ ਚੀਜ਼ਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ, ਉਥੇ ਸੁਖਦੀਪ ਸਿੰਘ ਕੋਲ ਇਸ ਅਣਮੋਲ ਖ਼ਜਾਨੇ ਦਾ ਵੱਡਾ ਭੰਡਾਰ ਮੌਜੂਦ ਹੈ। ਸੁਖਦੀਪ ਸਿੰਘ ਮੁਧੱੜ ਨੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀਆਂ ਅਲੋਪ ਹੋ ਰਹੀਆਂ ਤੇ ਅਲੋਪ ਹੋ ਚੁੱਕੀਆਂ ਚੀਜ਼ਾਂ ਨੂੰ ਜਿਊਂਦਾ ਜਾਗਦਾ ਰੱਖਣ ਲਈ ਆਪਣੇ ਪੁਰਖਿਆਂ ਦੀ ਪੁਰਤਨ ਹਵੇਲੀ ਵਿਚ ਇਕ ਨਿੱਜੀ ਅਜਾਇਬ ਘਰ ਬਣਾਇਆ ਹੋਇਆ ਹੈ। ਜਿਸ ’ਚ ਉਸ ਨੇ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਇਨ੍ਹਾਂ ਵਸਤਾਂ ਨੂੰ ਖ਼ੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਸੁਖਦੀਪ ਸਿੰਘ ਦਾ ਕਹਿਣਾ ਹੈ ਕਿ ਇਸ ਸ਼ੌਕ ਵਿਚ ਉਸ ਦੇ ਪਰਿਵਾਰ ਦਾ ਉਸ ਨੂੰ ਪੂਰਾ ਸਹਿਯੋਗ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਉਹਨਾਂ ਨੂੰ ਆਪਣੇ ਪਰਿਵਾਰ ਵੱਲੋਂ ਇੰਝ ਹੀ ਪੂਰਾ ਸਹਿਯੋਗ ਮਿਲਦਾ ਰਹੇ ਤਾਂ ਉਹ ਆਉਣ ਵਾਲੇ ਸਮੇਂ ਵਿਚ ਇਸ ਅਨਮੋਲ ਖਜ਼ਾਨੇ ਨੂੰ ਹੋਰ ਵਧਾਉਣਗੇ। ਉਸ ਦੇ ਇਸ ਸ਼ੌਕ ਬਾਰੇ ਕਈ ਟੀ ਵੀ ਚੈਨਲਾਂ ਵੱਲੋਂ ਉਸ ਉੱਪਰ ਇਕ ਫਿਲਮਾਂ ਵੀ ਬਣਾਈਆਂ ਜਾ ਚੁੱਕੀਆਂ ਹਨ। ਸੁਖਦੀਪ ਸਿੰਘ ਦੀ ਇਨ੍ਹਾਂ ਸੈਂਕੜੇ ਸਾਲਾਂ ਤੋਂ ਵੱਧ ਪੁਰਾਣੀਆਂ ਤੇ ਇਤਿਹਾਸਕ ਚੀਜ਼ਾਂ ਨਾਲ ਤਾਂ ਉਹਨਾਂ ਦੀ ਲਗਨ ਹੈ ਕਿ ਉਸ ਨੂੰ ਖ਼ੀਦਣ ਲਈ ਉਹ ਕੋਈ ਵੀ ਕੀਮਤ ਲਾਉਣ ਤੋਂ ਪਰਹੇਜ਼ ਨਹੀਂ ਕਰਦੇ। ਸੁਖਦੀਪ ਦਾ ਇਹ ਸ਼ੌਂਕ ਕਾਬਿਲ-ਏ-ਤਾਰੀਫ ਹੈ। ਜਿਨ੍ਹਾਂ ਨੇ ਪੁਰਾਤਨ ਤੇ ਇਤਿਹਾਸਕ ਵਿਰਸੇ ਨਾਲ ਸੰਬੰਧਿਤ ਵਸਤਾਂ ਨੂੰ ਇਨੀ ਸ਼ਿੱਦਤ ਦੇ ਨਾਲ ਸਾਂਭ ਕੇ ਰੱਖਿਆ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਅਨਮੋਲ ਖਜ਼ਾਨਾ ਹੈ। ਪੰਜਾਬ ਦੇ ਅਮੀਰ ਵਿਰਸੇ ਨਾਲ ਸਬੰਧਤ ਪੁਰਾਤਨ ਵਸਤਾਂ ਦੀ ਭਾਂਵੇ ਆਮ ਜੀਵਨ ਵਿੱਚ ਤਾਂ ਵਰਤੋਂ ਹੌਲੀ ਹੌਲੀ ਖਤਮ ਹੋ ਗਈ ਹੈ ਪਰ ਨਵੀਂ ਪੀੜ੍ਹੀ ਨੂੰ ਇਨ੍ਹਾਂ ਵਸਤਾਂ ਤੋਂ ਜਾਣੂ ਕਰਵਾਉਣ ਵਿੱਚ ਸੁਖਦੀਪ ਸਿੰਘ ਦਾ ਮਿੰਨੀ ਅਜਾਇਬ ਘਰ ਅਹਿਮ ਭੂਮਿਕਾ ਨਿਭਾਅ ਰਿਹਾ ਹੈ।



**-ਤਸਵਿੰਦਰ ਸਿੰਘ ਬੜੈਚ ਮੋਬਾ÷** 7527931887

# ਔਰਤਾਂ ਪ੍ਰਤੀ ਨਜ਼ਰੀਆ



5 ,6 ਵਰਿਆਂ ਦੀ ਗੱਲ ਆ ਗਰਮੀ ਦੇ ਦਿਨਾਂ ਵਿਚ ਵਿਹੜੇ ਵਾਲੇ ਆਪਣੀਆਂ ਮੱਝਾਂ ਨੂੰ ਲੈਕੇ ਪਿੰਡ ਤੋ 500 ਮੀਟਰ ਤੇ ਬਣੀ ਢਾਬ ਉੱਤੇ ਮੱਝਾਂ ਲੈਕੇ ਜਾਦੇ ਹੁੰਦੇ ਸਨ, ਉਥੇ ਇੱਕ ਟੋਭਾ ਬਣਿਆ ਹੋਇਆ ਸੀ, ਬਾਬਾ ਘੁੱਕਰ ਵੀ ਆਪਣੀਆ 2 ਮੱਝਾਂ ਨੂੰ ਢਾਬ ਉੱਤੇ ਲੈਕੇ ਜਾਦਾ ਹੁੰਦਾ ਸੀ, ਪਿੱਪਲ ਦੀ ਛਾਵੇਂ ਬੈਠ ਬਾਬੇ ਘੁੱਕਰ ਦੀਆਂ ਗੱਲਾਂ ਜਿੰਦਗੀ ਦੇ ਨਵੇ ਤਜਰਬੇ ਸਿੱਖਦੇ, ਇੱਕ ਦਿਨ ਬਿੰਦਰ ਮੋਟਰਸਾਈਕਲ ਉੱਤੇ ਇੱਕ ਸੋਹਣੀ ਕੁੜੀ ਨੂੰ ਲੈ ਕੇ ਲੰਘ ਰਿਹਾ ਸੀ, ਭੋਲਾ ਕਹਿੰਦਾ ਬਿੰਦਰ ਨੇ ਕਿਹੜੇ ਚਿੱਟੇ ਚੌਲ ਪੁੰਨ ਕੀਤੇ ਨੇ, ਜਿਹੜੇ ਅਸੀ ਨਹੀਂ ਕੀਤੇ, ਬੜੀ ਸੋਹਣੀ ਕੁੜੀ ਲਇਈ ਜਾ ਰਿਹਾ ,ਪੁਰਜਾ ਨਵਾ ਪੱਟਿਆ ਲੱਗਦਾ, ਭੋਲੇ ਦੀ ਇਹ ਗੱਲ ਸੁਣਕੇ ਬਾਬਾ ਘੁੱਕਰ ਬੜਾ ਹੈਰਾਨ ਹੋਇਆ, ਥੋੜੇ ਟਾਈਮ ਬਿੰਦਰ ਫੇਰ ਢਾਬ ਉੱਤੇ ਆਇਆ ਬਾਬੇ ਘੁੱਕਰਨੂੰ ਕਹਿੰਦਾ ਅੱਜ ਬਾਬੇ ਮੇਰੀਆ ਮੱਝਾ ਪਿੰਡ ਲੈ ਆਈ ,ਘਰ ਵਿੱਚ ਰਿਸਤੇਦਾਰ ਆਏ ਨੇ, ਮਾਮੇ ਦੀ ਕੁੜੀ ਨੇ ਕਨੇਡਾ ਜਾਣਾ ਉਸੇ ਕਰਕੇ ਮਿਲਣ ਆਏ ਨੇ, ਘੁੱਕਰ ਬਾਬਾ ਕਹਿੰਦਾ ਕੋਈ ਨਾ ਪੋਤਿਆ, ਬਿੰਦਰ ਐਨੀ ਗੱਲ ਕਹਿਕੇ ਚਲਾ ਗਿਆ, ਬਾਬੇ ਘੁੱਕਰ ਨੇ ਗੱਲ ਸੁਣਾਈ ਕਹਿੰਦਾ ਬੰਦਾ ਦਾ ਹਰਇੱਕ ਔਰਤ ਨੂੰ ਦੇਖਣ ਦਾ ਨਜਰੀਆ ਜੇਕਰ ਸਹੀ ਹੋਵੇ ਤਾਂ ਜਿਹੜੀ ਔਰਤ ਵੱਲ ਉਹ ਦੇਖਦਾ ਹੈ ਉਸ ਵਿੱਚੋਂ ਉਸ ਨੂੰ ਆਪਣੀ ਭੈਣ, ਧੀ, ਨਜਰ ਆਉਦੀ ਆ ਜੇਕਰ ਬੰਦੇ ਦਾ ਔਰਤ ਨੂੰ ਦੇਖਣ ਦਾ ਨਜਰੀਆ ਗਲਤ ਹੋਵੇ ਤਾਂ ਉਸਨੂੰ ਹਰਇੱਕ ਔਰਤ ਗਲਤ ਨਜਰ ਆਵੇਗੀ,ਜਿਸ ਔਰਤ ਵੱਲ ਉਹ ਹਵਸ ਭਰੀਆ ਨਜਰਾਂ ਨਾਲ ਦੇਖਦਾ ਹੈ ਉਹ ਔਰਤਕਦੇ ਮਾੜੀ ਨਹੀਂ ਹੋ ਸਕਦੀ ਜਿਹੜੀ ਰਾਜਿਆ ਮਹਾਰਾਜਿਆ ਨੂੰ ਜਨਮ ਦਿੰਦੀ ਹੈ, ਇਹ ਗੁਰਬਾਣੀ ਵਿੱਚ ਦੱਸਿਆ ਗਿਆ ਹੈ ਸੋ ਕਿਉ ਮੰਦਾ ਆਖਿਐ ਨਿੱਤ ਜੰਮੇ ਰਾਜਾਨ ਭੋਲਾ ਨੇ ਇਹ ਗੱਲ ਸੁਣਕੇ ਨੀਵੀ ਪਾ ਲਈ ਤੇ ਆਪਣੀਆ ਨਜਰਾ ਚੁਰਾਉਦਾ ਉਥੋ ਨਿਕਲ ਗਿਆ, ਬਾਬੇ ਘੁੱਕਰ ਕਹਿੰਦਾ ਹਰਇੱਕ ਇਨਸਾਨ ਨੂੰ ਹਰ ਗੱਲ ਸੋਚ ਸਮਝਕੇ ਕਹਿਣੀ ਚਾਹੀਦੀ ਹੈ, ਪਹਿਲਾਂ ਤੋਲੋ ,ਫਿਰ ਬੋਲੋ

**ਪਿਰਤੀ ਸ਼ੇਰੋ ਪਿੰਡ ਤੇ ਡਾਕ ਸ਼ੇਰੋਂ ਜਿਲਾ ਸੰਗਰੂਰ**
**ਮੋ:** 98144 07342

# ਸ਼ਰੀਕੇ ਕਬੀਲੇ ਦੀ ਭਾਈਚਾਰਕ ਸਾਂਝ ਦੀ ਪ੍ਰਤੀਕ ਸੀ "ਆਟੇ ਪਾਣੀ" ਪਾਉਣ ਦੀ ਰੀਤ

ਜਦੋਂ ਵੀ ਕਿਸੇ ਦੇ ਘਰ ਧੀ ਦਾ ਜਾਂ ਪੁੱਤਰ ਦਾ ਵਿਆਹ ਹੁੰਦਾ ਹੈ ਓਦੋਂ ਹੀ ਸਮੇਂ ਮੁਤਾਬਿਕ ਬਹੁਤ ਸਾਰੇ ਵਿਹਾਰ ਰਸਮ ਰਿਵਾਜ ਕੀਤੇ ਜਾਂਦੇ ਹਨ। ਇਨ੍ਹਾਂ ਰਸਮਾਂ ਰੀਤਾਂ ਦਾ ਇਕ ਅਹਿਮ ਲੇਖ ਦਾਸ ਵਲੋਂ ਲਿਖਿਆ ਪਿਛਲੇ ਦਿਨੀਂ ਕਈ ਅਖਬਾਰਾਂ ਵਿਚ ਛਪਿਆ ਸੀ,ਜਿਸ ਵਿੱਚ ਸਾਰੇ ਹੀ ਰਸਮਾਂ ਰੀਤਾਂ ਬਾਬਤ ਖੁੱਲ ਕੇ ਲਿਖਿਆ ਗਿਆ ਸੀ। ਅੱਜ ਸਿਰਫ ਆਪਾਂ ਆਟੇ ਪਾਣੀ ਰਸਮ ਦੀ ਗੱਲ ਬਾਤ ਕਰਾਂਗੇ।

ਆਟੇ ਪਾਣੀ ਪਾਉਣ ਦਾ ਵਿਹਾਰ ਹਰ ਵਿਆਹ ਵਾਲੇ ਘਰ ਦੂਸਰੇ ਵਿਹਾਰਾਂ ਤੋਂ ਪਹਿਲਾਂ ਕੀਤਾ ਜਾਂਦਾ ਹੈ।ਇਹ ਵਿਹਾਰ ਬੇਸੱਕ ਅੱਜ ਦੇ ਸਮੇਂ ਵਿੱਚ ਵੀ ਹੋ ਰਿਹਾ ਹੈ,ਪਰ ਪੁਰਾਤਨ ਸਮਿਆਂ ਵਿੱਚ ਤੇ ਅਜੋਕੇ ਸਮੇਂ ਦੇ ਇਸ ਵਿਹਾਰ ਵਿਚ ਜਮੀਨ ਅਸਮਾਨ ਦਾ ਫਰਕ ਪੈ ਚੁੱਕਾ ਹੈ।ਪਹਿਲੇ ਸਮਿਆਂ ਵਿੱਚ ਇਹੀ ਵਿਹਾਰ ਤੋਂ ਸਰੀਕੇ ਕਬੀਲੇ ਦੇ ਭਾਈਚਾਰਕ ਸਾਂਝਾਂ ਦੀ ਪ੍ਰਪੱਕਤਾ ਦੀ ਪਹਿਚਾਣ ਹੋ ਜਾਇਆ ਕਰਦੀ ਸੀ, ਤੇ ਪਤਾ ਲੱਗ ਜਾਂਦਾ ਸੀ ਕਿ ਇਸ ਵਿਆਹ ਵਾਲੇ ਘਰ ਦੀ ਆਪਣੇ ਆਂਢ ਗੁਆਂਢ ਵਿੱਚ ਕਿੰਨੀ ਕੁ ਬਣੀ ਜਾਂ ਕਿੰਨਾਂ ਕੁ ਪਿਆਰ ਹੈ। ਸਿਆਣੇ ਬੰਦੇ ਇਸ ਦਾ ਨਿਰੀਖਣ ਕਰ ਲੈਂਦੇ ਸਨ।



ਵਿਆਹ ਸਾਦੀ ਵਾਲੇ ਘਰ ਵਿੱਚ ਜੋ ਵਿਆਹ ਵੇਲੇ ਵਰਤਣ ਲਈ ਆਟਾ ਪਿਸਾਇਆ ਜਾਂਦਾ ਸੀ ਓਸੇ ਵਿਚੋਂ ਹੀ ਆਂਢ ਗੁਆਂਢ ਵਿਚੋਂ ਮਾਤਾਵਾਂ ਭੈਣਾਂ/ਮਾਈਆਂ ਆਟੇ ਪਾਣੀ ਪਾਉਣ ਦੀ ਰਸਮ ਕਰਿਆ ਕਰਦੀਆਂ ਸਨ (ਫੋਟੋ ਅਨੁਸਾਰ) ਇਸ ਵਿਹਾਰ ਲਈ ਲਾਗੀ ਘਰ ਘਰ ਸੁਨੇਹਾ ਦੇ ਕੇ ਆਉਂਦਾ ਸੀ ਕਿ ਅੱਜ ਐਨੇ ਵਜੇ ਫਲਾਣਾ ਸਿਉਂ ਦੇ ਘਰ ਆਟੇ ਪਾਣੀ ਪਾਉਣ ਦਾ ਵਿਹਾਰ ਹੈ ਭਾਈ ਸਮੇਂ ਮੁਤਾਬਿਕ ਤੁਹਾਨੂੰ ਸੱਦਾ ਹੈ।ਪਰ ਇਹ ਵਿਹਾਰ ਕਰਿਆ ਓਹੋ ਹੀ ਜਨਾਨੀਆਂ ਕਰਦੀਆਂ ਸਨ ਜੋ ਸੁਹਾਗਣਾਂ ਹੁੰਦੀਆਂ ਸਨ।ਆਟਾ ਪਰਾਂਤ ਵਿੱਚ ਪਾਕੇ ਲੋੜ ਅਨੁਸਾਰ ਉਸ ਵਿਚ ਪਾਣੀ ਪਾ ਕੇ ਹਰ ਇੱਕ ਆਈ ਹੋਈ ਬੀਬੀ ਆਪੋ ਆਪਣਾ ਇਕ ਇਕ ਹੱਥ ਉਸ ਪਰਾਂਤ ਵਿੱਚ ਪਾਕੇ ਆਟਾ ਗੁੰਨਦੀਆਂ ਸਨ ਤੇ ਸਮੇਂ ਮੁਤਾਬਿਕ ਇਸ ਵਿਹਾਰ ਨਾਲ ਜਚਦੇ ਗੀਤ ਵੀ ਗਾਏ ਜਾਂਦੇ ਸਨ "ਆਟੇ ਪਾਣੀ ਦੁੱਧ ਮਧਾਣੀ ਕਿਹੜੀ ਸੁਹਾਗਣ ਨੇ ਪਾਇਆ,ਵਿਆਂਦੜ ਮਾਤਾ ਸਦਾ ਸੁਹਾਗਣ ਉਸ ਨੇ ਪਾਣੀ ਪਾਇਆ ਜਾਂ ਚਾਚੀ ਤਾਈ ਜਾਂ ਮਾਸੀ ਭਾਬੀ ਆਦਿ ਸਾਰੀਆਂ ਨੂੰ ਸੰਬੋਧਨ ਕਰਦਿਆਂ ਗਾਏ ਜਾਂਦੇ ਸਨ" ਸਾਰੀਆਂ ਆਈਆਂ ਹੋਈਆਂ ਬੀਬੀਆਂ ਭੈਣਾਂ ਲਈ ਚਾਹ ਪਾਣੀ ਦਾ ਵੀ ਇੰਤਜਾਮ ਹੁੰਦਾ ਸੀ। ਓਨਾਂ ਸਮਿਆਂ ਵਿੱਚ ਸਭਨਾਂ ਕੋਲ ਖੁੱਲੇ ਟਾਈਮ ਹੁੰਦੇ ਸਨ ਤੇ ਕਾਫੀ ਸਮਾਂ ਆਟੇ ਪਾਣੀ ਦੀ ਰਸਮ ਦੇ ਨਾਲ ਨਾਲ ਗੀਤਾਂ ਦੀ ਛਹਿਬਰ ਲੱਗੀ ਰਹਿੰਦੀ ਸੀ।ਬਾਕੀ ਸਾਰੇ ਵਿਹਾਰ ਇਸ ਵਿਹਾਰ/ਗੀਤਾਂ ਤੋਂ ਬਾਅਦ ਵਿੱਚ ਸਮੇਂ ਸਮੇਂ ਤੇ ਗੀਤਾਂ ਅਤੇ ਸਿੱਠਣੀਆਂ ਦੀਆਂ ਮਨਮੋਹਕ ਆਵਾਜਾਂ ਨਾਲ ਕੀਤੇ ਜਾਂਦੇ ਰਹੇ ਹਨ।

ਬੇਸੱਕ ਇਹੀ ਵਿਹਾਰ ਅੱਜਕਲ੍ਹ ਵੀ ਹਰ ਉਸ ਘਰ ਜਿਥੇ ਕਿਸੇ ਵੀ ਧੀ ਜਾਂ ਪੁੱਤਰ ਦਾ ਵਿਆਹ ਬੱਝਾ ਹੋਵੇ ਹੁੰਦਾ ਹੈ,ਪਰ ਹੱਦੋਂ ਵੱਧ ਅੰਤਰ ਆ ਚੁੱਕਾ ਹੈ। ਕਿਉਂਕਿ ਅੱਜ ਦੇ ਅਗਾਂਹਵਧੂ ਸਮੇਂ ਵਿੱਚ ਕਿਸੇ ਕੋਲ ਨਾਂ ਤਾਂ ਸਮਾਂ ਹੀ ਰਿਹਾ ਹੈ ਤੇ ਨਾ ਹੀ ਓਹ ਪਿਆਰ ਸਤਿਕਾਰ ਅਪਣੱਤ ਰਹਿ ਗਿਆ ਹੈ, ਅੱਜ ਦੇ ਸਵਾਰਥੀ ਤੇ ਪੈਸੇ ਦੇ ਯੁੱਗ ਵਿੱਚ ਕੋਈ ਕਿਸੇ ਨਾਲ ਆਂਢ ਗੁਆਂਢ ਵੀ ਕਿੰਨਾ ਕੁ ਵਰਤ ਕੇ ਰਾਜੀ ਹੈ ਇਹ ਵੀ ਕਿਸੇ ਤੋਂ ਲੁਕੀ ਛਿਪੀ ਗੱਲ ਨਹੀਂ ਹੈ। ਜੇਕਰ ਵਾਰ ਵਾਰ ਸੱਦਾ ਭੇਜਣ ਤੇ ਕੋਈ ਆਂਢ ਗੁਆਂਢ ਚੋਂ ਮਾਤਾ ਭੈਣ ਆਉਂਦੀ ਵੀ ਹੈ ਤਾਂ ਬਿਲਕੁਲ ਸਮੇਂ ਤੇ ਹੀ ਪਹੁੰਚਦੀਆਂ ਹਨ। ਤੇ ਓਹ ਵੀ ਖੜੇ ਖੜ੍ਹੇ ਜਾ ਫਿਰ ਮੂੜਿਆਂ ਕੁਰਸੀਆਂ ਤੇ ਬੈਠ ਕੇ ਹੀ ਇਹ ਵਿਹਾਰ ਕੀਤਾ ਜਾਂਦਾ ਹੈ ਕਿਉਂਕਿ ਸਾਡੀਆਂ ਖੁਰਾਕਾਂ ਹੀ ਐਸੀਆਂ ਹੋ ਚੁੱਕੀਆਂ ਹਨ ਕਿ ਗੋਡੇ ਗਿੱਟੇ ਹੀ ਕੰਮ ਨਹੀਂ ਕਰਦੇ ਤੇ ਨਾਲ ਹੀ ਸਾਡਾ ਪਿਆਰ ਸਤਿਕਾਰ ਸੁਭਾਅ ਅਪਣੱਤ ਸੱਭ ਕੁੱਝ ਹੀ ਬਦਲ ਗਿਆ ਹੈ ਹਰ ਇੱਕ ਇਨਸਾਨ ਗੁੱਸੇ ਖੋਰ ਹੋ ਚੁੱਕਾ ਹੈ, ਬਰਦਾਸਤ ਮਾਦਾ ਖਤਮ ਹੋ ਗਿਆ ਹੈ।ਪਹਿਲੀ ਗੱਲ ਤਾਂ ਲਾਗੀ ਹੀ ਖਤਮ ਹੋ ਚੁੱਕੇ ਹਨ ਤੇ ਜੇਕਰ ਕਿਸੇ ਰਾਹੀਂ ਸੁਨੇਹਾ ਭੇਜਿਆ ਵੀ ਜਾਵੇ ਤਾਂ ਵੀ ਸਾਡਾ ਗੁੱਸਾ ਸੱਤਵੇਂ ਅਸਮਾਨ ਤੇ ਚੜ ਜਾਂਦਾ ਹੈ ਕਿ ਓਹ ਵਿਆਹ ਵਾਲਿਆਂ ਨੇ ਸਾਨੂੰ ਖੁਦ ਕਿਉਂ ਨਹੀਂ ਕਿਹਾ ? ਇਸੇ ਲਈ ਓਹ ਪੁਰਾਤਨ ਸਮਿਆਂ ਨੂੰ ਕਦੇ ਕਦੇ ਯਾਦ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਓਨਾਂ ਸਮਿਆਂ ਵਿੱਚ ਪਿਆਰ ਸਤਿਕਾਰ ਅਪਣੱਤ ਜਰੂਰ ਸੀ,ਜੋ ਅੱਜਕਲ੍ਹ ਕਿਧਰੇ ਨਜਰੀਂ ਨਹੀਂ ਪੈਂਦਾ ।

**ਜਸਵੀਰ ਸਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

# ਕੀ ਕਿਸਾਨ ਤੇ ਮਜ਼ਦੂਰ ਪੀਜ਼ਾ ਬਰਗਰ ਨਹੀਂ ਖਾ ਸਕਦੇ ?



ਕਿਸਾਨ ਅੰਦੋਲਨ ਦੌਰਾਨ ਪੀਜ਼ਾ, ਬਰਗਰ, ਨੂਡਲਜ਼ ਅਤੇ ਹੋਰ ਛੱਤੀ ਪ੍ਰਕਾਰ ਦੇ ਭੋਜਨਾਂ ਦੇ ਲੱਗੇ ਲੰਗਰਾਂ ਨੂੰ ਵੇਖ ਕੇ ਕਈ ਰਾਜਨੀਤਕ ਲੋਕਾਂ ਅਤੇ ਇਲੈੱਕਟਰੋਨਿਕ ਮੀਡੀਆ ਦੇ ਇੱਕ ਹਿੱਸੇ ਨੂੰ ਬਹੁਤ ਤਕਲੀਫ ਹੋ ਰਹੀ ਹੈ। ਬਹੁਤੇ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਸਦੀਆਂ ਤੋਂ ਬੈਠੀ ਹੋਈ ਹੈ ਕਿ ਕਿਸਾਨਾਂ ਅਤੇ ਮਜ਼ਦੂਰਾਂ ਦਾ ਖਾਣਾ ਗੁੜ, ਗੰਢਾ, ਅਚਾਰ ਅਤੇ ਮਿਰਚ ਦੀ ਚਟਨੀ ਨਾਲ ਸੁੱਕੀਆਂ ਰੋਟੀਆਂ ਜਾਂ ਮੋਟੇ ਚਾਵਲਾਂ ਤੋਂ ਵੱਧ ਹੋਰ ਕੁਝ ਨਹੀਂ ਹੋਣਾ ਚਾਹੀਦਾ। ਕਈ ਰਾਜਨੀਤਕ ਪਾਰਟੀਆਂ ਬਾਰੇ ਵੀ ਲੋਕਾਂ ਦਾ ਇਹ ਹੀ ਵਿਚਾਰ ਹੈ। ਮੇਰਾ ਇੱਕ ਰਿਸ਼ਤੇਦਾਰ ਜਗਤਾਰ ਸਿੰਘ ਪਿੰਡ ਬਗਿਆੜੀ, ਝਬਾਲ ਇਲਾਕੇ ਦਾ ਸਰਗਰਮ ਕਾਮਰੇਡ ਸੀ। ਇੱਕ ਵਾਰ ਕਿਸੇ ਮਸਲੇ ਨੂੰ ਲੈ ਕੇ ਕਾਮਰੇਡਾਂ ਨੇ ਥਾਣੇ ਝਬਾਲ ਦਾ ਘਿਰਾਉ ਕੀਤਾ ਤਾਂ ਗੱਲ ਵਧ ਗਈ ਤੇ ਪੁਲਿਸ ਵੱਲੋਂ ਲਾਠੀ ਚਾਰਜ ਕਰ ਦਿੱਤਾ ਗਿਆ। ਜਦੋਂ ਰੌਲਾ ਗੌਲਾ ਖਤਮ ਹੋਇਆ ਤਾਂ ਜਗਤਾਰ ਸਿੰਘ ਤਿੰਨ ਚਾਰ ਕਾਮਰੇਡਾਂ ਨਾਲ ਬਜ਼ਾਰ ਵਿੱਚ ਸੰਤੋਖ ਸਿੰਘ ਦੀ ਦੁਕਾਨ 'ਤੇ ਜਾ ਬੈਠਾ ਤੇ ਅੱਧਾ ਕਿੱਲੋ ਬਰਫੀ ਤੇ ਚਾਹ ਮੰਗਵਾ ਲਈ। ਜਦੋਂ ਖਾਣ ਲੱਗੇ ਤਾਂ ਪਿੰਡੋ ਭਰਜਾਈ ਲੱਗਦੀ ਇੱਕ ਜਨਾਨੀ ਵੀ ਦੁਕਾਨ 'ਤੇ ਆ ਗਈ। ਕਾਮਰੇਡਾਂ ਨੂੰ ਬਰਫੀ ਖਾਂਦੇ ਵੇਖ ਕੇ ਉਸ ਦੀਆਂ ਅੱਖਾਂ ਪਾਟ ਗਈਆਂ, "ਹਾਅ ਹਾਏ ਵੇ ਜਗਤਾਰ ਸਿੰਆਂ, ਏਹ ਕਾਮਰੇਡ ਵੀ ਬਰਫੀ ਖਾਂਦੇ ਹੁੰਦੇ ਆ ?" ਪੁਲਿਸ ਨਾਲ ਹੋਏ ਜੱਫ ਗੜੱਫੇ ਤੋਂ ਜਗਤਾਰ ਸਿੰਘ ਪਹਿਲਾਂ ਹੀ ਸੜਿਆ ਬਲਿਆ ਬੈਠਾ ਸੀ, "ਨਈਂ ਭਾਬੀ, ਕਾਮਰੇਡ ਪੱਠੇ (ਚਾਰਾ) ਖਾਂਦੇ ਹੁੰਦੇ ਆ। ਤੂੰ ਐਂ ਕਰ ਸਾਡੇ ਅੱਗੋਂ ਬਰਫੀ ਚੁੱਕ ਲਾ ਤੇ ਤੂੜੀ ਦਾ ਰੁੱਗ ਪਾ ਦੇ।"

ਪੰਜਾਬ ਸਦੀਆਂ ਤੋਂ ਹਮਲਾਵਰਾਂ ਤੇ ਲੁਟੇਰਿਆਂ ਦੀ ਮਾਰ ਹੇਠ ਰਿਹਾ ਹੈ। ਪੂਰਬੀ ਅਤੇ ਦੱਖਣੀ ਭਾਰਤ ਵੱਲ ਤਾਂ ਦੋ ਚਾਰ ਹਮਲਾਵਰ ਹੀ ਗਏ ਹੋਣਗੇ। ਇਸ ਲਈ ਪੰਜਾਬੀਆਂ ਦਾ ਵਿਹਾਰ "ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ" ਵਾਲਾ ਬਣ ਗਿਆ ਹੈ। ਪੰਜਾਬ ਤੋਂ ਬਾਹਰਲੇ ਪੱਤਰਕਾਰ ਤੇ ਨੇਤਾ, ਜਿਨ੍ਹਾਂ ਨੇ ਕਦੇ ਆਪਣੇ ਕਿਸਾਨਾਂ ਨੂੰ ਖਿਚੜੀ ਤੇ ਦਾਲ ਚੌਲ ਤੋਂ ਵੱਧ ਕਦੇ ਕੁਝ ਖਾਂਦੇ ਹੋਏ ਨਹੀਂ ਵੇਖਿਆ, ਦੀਆਂ ਅਜਿਹੇ ਸ਼ਾਹੀ ਪਦਾਰਥ ਵੇਖ ਕੇ ਅੱਖਾਂ ਪਾਟ ਗਈਆਂ ਹਨ ਜੋ ਸ਼ਾਇਦ ਕਦੇ ਉਨ੍ਹਾਂ ਨੇ ਵੀ ਨਹੀਂ ਖਾਧੇ ਹੋਣੇ। ਅਸਲ ਵਿੱਚ ਪੰਜਾਬ ਦੇ ਸੱਭਿਆਚਾਰ ਵਿੱਚ ਲੰਗਰ ਪ੍ਰਥਾ ਦਾ ਅਹਿਮ ਯੋਗਦਾਨ ਹੈ। ਕਿਸੇ ਗਰੀਬ ਤੋਂ ਗਰੀਬ ਪੰਜਾਬੀ ਦੇ ਘਰ ਵੀ ਚਲੇ ਜਾਉ, ਤੁਹਾਨੂੰ ਚਾਹ ਪਾਣੀ ਦੀ ਸੁਲ੍ਹਾ ਜ਼ਰੂਰ ਮਾਰੇਗਾ। ਪੰਜਾਬ ਵਿੱਚ ਤਾਂ ਮਰਗ ਵੇਲੇ ਵੀ ਲੰਗਰ ਲੱਗਦੇ ਹਨ। ਲਾਸ਼ ਅਜੇ ਘਰ ਪਈ ਹੁੰਦੀ ਹੈ ਤੇ ਅਫਸੋਸ ਕਰਨ ਵਾਲਿਆਂ ਨੂੰ ਚਾਹ ਵਰਤਾਈ ਜਾ ਰਹੀ ਹੁੰਦੀ ਹੈ। ਕੁਝ ਸਾਲ ਪਹਿਲਾਂ ਅਸੀਂ ਕੁਝ ਦੋਸਤ ਡਲਹੌਜ਼ੀ ਘੁੰਮਣ ਲਈ ਗਏ ਤਾਂ ਉਥੇ ਸਾਨੂੰ ਤਿੰਨ ਚਾਰ ਘੁਮੱਕੜ ਯੁਰਪੀਨ ਮਿਲ ਗਏ ਜੋ ਸ਼ਾਇਦ ਪੋਲੈਂਡ ਦੇ ਸਨ। ਉਹ ਸਾਡੇ ਨਾਲ ਕਾਫੀ ਘੁਲ ਮਿਲ ਗਏ ਕਿਉਂਕਿ ਉਨ੍ਹਾਂ ਦੀ ਸਾਡੇ ਨਾਲ ਜ਼ੁਬਾਨ ਦੀ ਸਾਂਝ ਪੈ ਗਈ, ਉਹ ਵੀ ਟੁੱਟੀ ਫੁੱਟੀ ਇੰਗਲਿਸ਼ ਬੋਲਦੇ ਸਨ ਤੇ ਅਸੀਂ ਵੀ। ਜਦੋਂ ਸ਼ਾਮ ਨੂੰ ਵਿਛੜਨ ਲੱਗੇ ਤਾਂ ਅਸੀਂ ਉਨ੍ਹਾਂ ਨੂੰ ਆਪਣੇ ਹੋਟਲ ਵਿੱਚ ਆ ਕੇ ਮਦਿਰਾ ਪਾਨ ਅਤੇ ਡਿਨਰ ਕਰਨ ਦਾ ਨਿਉਤਾ ਦੇ ਦਿੱਤਾ। ਉਨ੍ਹਾਂ ਵਿੱਚੋਂ ਇੱਕ ਝੱਟ ਬੋਲਿਆ ਕਿ ਕੀ ਤੁਸੀਂ ਪੰਜਾਬੀ ਹੋ ? ਅਸੀਂ ਪੁੱਛਿਆ ਕਿ ਤੂੰ ਕਿਵੇਂ ਅੰਦਾਜ਼ਾ ਲਗਾਇਆ ? ਉਹ ਬੋਲਿਆ ਕਿ ਅਸੀਂ ਤਕਰੀਬਨ ਤਿੰਨ ਮਹੀਨੇ ਤੋਂ ਭਾਰਤ ਘੁੰਮ ਰਹੇ ਹਾਂ। ਸਾਨੂੰ ਅੱਜ ਤੱਕ ਪੰਜਾਬੀਆਂ ਤੋਂ ਬਗੈਰ ਕਿਸੇ ਨੇ ਪਾਣੀ ਦੀ ਸੁਲ੍ਹਾ ਵੀ ਨਹੀਂ ਮਾਰੀ।

ਵਿਰੋਧੀਆਂ ਨੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਕਈ ਹੱਥਕੰਡੇ ਅਪਣਾਏ ਹਨ। ਕਦੇ ਖਾਲਿਸਤਾਨੀ ਤੇ ਕਦੇ ਦੇਸ਼ ਧ੍ਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਖਾਲਸਾ ਏਡ ਵਰਗੀ ਪਰੋਪਕਾਰੀ ਸੰਸਥਾ, ਜਿਸ ਦੇ ਸੰਸਾਰ ਦੇ ਅਨੇਕਾਂ ਪਿਛੜੇ ਅਤੇ ਗਰੀਬ ਦੇਸ਼ਾਂ ਵਿੱਚ ਸਹਾਇਤਾ ਕੇਂਦਰ ਚੱਲ ਰਹੇ ਹਨ, ਨੂੰ ਵੀ ਨਹੀਂ ਬਖਸ਼ਿਆ ਗਿਆ। ਉਸ ਦੇ ਫੰਡਾਂ ਦੀ ਸਰਕਾਰੀ ਏਜੰਸੀਆਂ ਦੁਆਰਾ ਚੈਕਿੰਗ ਕਰਾਉਣ ਦੀ ਮੰਗ ਉਠਾਈ ਗਈ। ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਦੁਸ਼ਮਣ ਦੇਸ਼ਾਂ ਦੀਆਂ ਏਜੰਸੀਆਂ ਲੰਗਰਾਂ ਨੂੰ ਸਪਾਂਸਰ ਕਰ ਰਹੀਆਂ ਹਨ। ਪਰ ਕਿਸੇ ਨੇ ਵੀ ਇਸ ਬਕਵਾਸ 'ਤੇ ਕੰਨ ਨਾ ਧਰਿਆ। ਇਹ ਲੰਗਰ ਸਿਰਫ ਅੰਦੋਲਨਕਾਰੀ ਕਿਸਾਨਾਂ ਵਾਸਤੇ ਨਹੀਂ ਹਨ, ਜੋ ਆਵੇ ਸੋ ਰਾਜ਼ੀ ਜਾਵੀ ਵਾਲੀ ਪ੍ਰਥਾ ਚੱਲ ਰਹੀ ਹੈ। ਧਰਨਿਆਂ ਨੇੜਲੀਆਂ ਗਰੀਬ ਬਸਤੀਆਂ ਦੇ ਹਜ਼ਾਰਾਂ ਬੱਚੇ, ਬਜ਼ੁਰਗ, ਔਰਤਾਂ ਅਤੇ ਮਰਦ ਤੇ ਪੁਲਿਸ ਵਾਲੇ ਬਿਨਾਂ ਕਿਸੇ ਭੇਦ ਭਾਵ ਦੇ ਰੋਜ਼ਾਨਾਂ ਭੋਜਨ ਛਕ ਰਹੇ ਹਨ। ਅਸਲ ਵਿੱਚ ਨੁਕਤਾਚੀਨੀ ਕਰਨ ਵਾਲਿਆਂ ਨੇ ਅਜਿਹਾ ਅੰਦੋਲਨ ਕਦੇ ਵੇਖਿਆ ਹੀ ਨਹੀਂ ਹੈ। ਉਹ ਤਾਂ ਸੋਚਦੇ ਸਨ ਕਿ ਅੰਨਾ ਹਜ਼ਾਰੇ ਵਾਂਗ ਮਹੀਨਾ ਵੀਹ ਦਿਨ ਭੁੱਖ ਹੜਤਾਲ ਕਰਨੀ ਹੀ ਅੰਦੋਲਨ ਹੁੰਦਾ ਹੈ। ਉਹ ਗੱਲ ਵੱਖਰੀ ਹੈ ਕਿ ਭੁੱਖ ਹੜਤਾਲਾਂ ਤੋਂ ਬਾਅਦ ਵੀ ਅੰਨਾ ਹਜ਼ਾਰੇ ਨੂੰ ਬਹੁਤਾ ਕੁਝ ਹਾਸਲ ਨਹੀਂ ਸੀ ਹੋਇਆ। ਇੱਕ ਵਿਵਾਦਤ ਵਪਾਰੀ ਬਾਬੇ ਨੂੰ ਤਾਂ ਭੁੱਖ ਹੜਤਾਲ ਵਿੱਚੇ ਛੱਡ ਕੇ ਜਨਾਨੀਆਂ ਵਾਲੇ ਕੱਪੜੇ ਪਹਿਨ ਕੇ ਭੱਜਣਾ ਪਿਆ ਸੀ।

ਇਹ ਲੰਗਰ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਸ਼ੁਰੂ ਕੀਤੇ ਸਨ ਤੇ ਰਹਿੰਦੀ ਦੁਨੀਆਂ ਤੱਕ ਚੱਲਦੇ ਰਹਿਣਗੇ। ਲੰਗਰਾਂ ਵਿੱਚ ਪੱਕ ਰਹੇ ਪਦਾਰਥਾਂ ਦੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਪੰਜਾਬ ਦੇ ਮੇਲਿਆਂ ਸਮੇਂ ਲੱਗਦੇ ਲੰਗਰ ਵੇਖਣੇ ਚਾਹੀਦੇ ਹਨ ਜਾਂ ਆਪਣੇ ਕਿਸੇ ਨਜ਼ਦੀਕੀ ਗੁਰਦਵਾਰੇ ਵਿੱਚ ਜਾਣਾ ਚਾਹੀਦਾ ਹੈ। ਪੰਜਾਬੀਆਂ ਦੇ ਖਾਣੇ ਬਾਰੇ ਕੁਝ ਕਹਿਣ ਤੋਂ ਪਹਿਲਾਂ ਪੰਜਾਬੀਆਂ ਦੇ ਖਾਣ ਪੀਣ ਅਤੇ ਰਹਿਣ ਸਹਿਣ ਬਾਰੇ ਪਤਾ ਕਰਨਾ ਬਹੁਤ ਜ਼ਰੂਰੀ ਹੈ। ਪੰਜਾਬ ਵਿੱਚ ਤਾਂ ਗਰੀਬਾਂ ਵਾਸਤੇ ਵੀ ਬਰਗਰ - ਪੀਜ਼ਾ, ਚਾਹੇ ਰੇਹੜੀ ਤੋਂ ਖਰੀਦਿਆ ਹੋਵੇ, ਖਾਣਾ ਕੋਈ ਬਹੁਤੀ ਵੱਡੀ ਗੱਲ ਨਹੀਂ ਹੈ। ਵੈਸੇ ਵੀ ਭੁੱਖੇ ਢਿੱਡ ਸੰਘਰਸ਼ ਨਹੀਂ ਜਿੱਤੇ ਜਾਂਦੇ। ਸੁਰੱਖਿਆ ਦਸਤੇ ਵੀ ਜਦੋਂ ਕਿਸੇ ਡਿਊਟੀ 'ਤੇ ਜਾਂਦੇ ਹਨ ਤਾਂ ਸਭ ਤੋਂ ਪਹਿਲਾਂ ਰਸੋਈ ਦਾ ਸਮਾਨ ਹੀ ਟਰੱਕਾਂ ਵਿੱਚ ਲੱਦਿਆ ਜਾਂਦਾ ਹੈ। ਸਿਆਣੇ ਕਹਿੰਦੇ ਹਨ ਕਿ ਖਾਈਏ ਮਨ ਭਾਉਂਦਾ ਤੇ ਪਹਿਨੀਏਂ ਜੱਗ ਭਾਉਂਦਾ। ਕਿਸੇ ਦੀਆਂ ਖਾਣ ਪੀਣ ਦੀ ਆਦਤਾਂ ਦੀ ਨੁਕਤਾਚੀਨੀ ਕਰਨੀ ਠੀਕ ਨਹੀਂ ਹੈ। ਕਿਸੇ ਨੂੰ ਗਊ ਮੂਤਰ ਪਸੰਦ ਹੈ, ਕਿਸੇ ਨੂੰ ਸ਼ਾਕਾਹਾਰੀ, ਕਿਸੇ ਨੂੰ ਮਾਸਹਾਰੀ ਹੈ ਤੇ ਕਈਆਂ ਨੂੰ ਪੀਜ਼ਾ ਬਰਗਰ ਆਦਿ ਪਸੰਦ ਹਨ। ਹਰ ਕੋਈ ਆਪਣੀ ਮਨਪਸੰਦ ਖੁਰਾਕ ਖਾ ਪੀ ਸਕਦਾ ਹੈ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿਧਵਾਂ 9501100062**

# ਸਿੱਖਿਆ ਬਨਾਮ ਸਿੱਖਿਅਕ (ਕਹਾਣੀ)

ਸਤਿ ਸ੍ਰੀ ਆਕਾਲ ਭੈਣ ਜੀ, ਉਹਨੇ ਫੋਨ ਚੁੱਕਿਆ ਤਾਂ ਕਿਸੇ ਪ੍ਰਸੰਸਕ ਦਾ ਫੋਨ ਸੀ।

ਸਤਿ ਸ੍ਰੀ ਆਕਾਲ ਜੀ, ਉਹਨੇ ਵੀ ਅੱਗੋਂ ਹਲੀਮੀ ਨਾਲ ਜਵਾਬ ਦਿੱਤਾ।

ਤੁਹਾਡੀ ਰਚਨਾ ਪੜ੍ਹੀ ਸੀ, ਅਖਬਾਰ ਵਿੱਚ, ਬਹੁਤ ਵਧੀਆ ਲੱਗੀ, ਬਹੁਤ-ਬਹੁਤ ਮੁਬਾਰਕਾਂ ਤੁਹਾਨੂੰ ਕਿ ਤੁਸੀਂ ਇੰਨਾ ਸੋਹਣਾ ਲਿਖਦੇ ਹੋ। ਅਗਲੇ ਨੇ ਗੱਲ ਅੱਗੇ ਤੋਰੀ।

ਬਹੁਤ ਬਹੁਤ ਧੰਨਵਾਦ ਵੀਰ ਜੀ, ਓਹਨੇ ਰਸਮੀਂ ਜਿਹੀ ਖੁਸੀ ਜਾਹਿਰ ਕੀਤੀ।

ਵੈਸੇ ਤੁਸੀਂ ਕੀ ਕੰਮ ਕਰਦੇ ਹੋ ਜੀ, ਅਗਲੇ ਨੇ ਫੇਰ ਪੁੱਛਿਆ।

ਜੀ, ਮੈਂ ਇੱਕ ਅਧਿਆਪਕਾ ਹਾਂ, ਓਹਨੇ ਸਹਿਜ ਹੀ ਜਵਾਬ ਦਿੱਤਾ।

ਓ....ਹੋ... ਇਹ ਤਾਂ ਬਹੁਤ ਖੁਸੀ ਦੀ ਗੱਲ ਹੈ। ਤੁਸੀਂ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਲਿਖਦੇ ਹੋ ਤੇ ਬੱਚਿਆ ਨੂੰ ਵੀ ਪੜਾਉਂਦੇ ਹੋ। ਤੁਸੀਂ ਸਮਾਜ ਅਤੇ ਦੇਸ ਦੋਵਾਂ ਦੇ ਵਿਕਾਸ ਵਿੱਚ ਯੋਗਦਾਨ ਪਾ ਰਹੇ ਹੋ।

ਅਗਲੇ ਨੇ ਹੋਰ ਖੁਸੀ ਜਾਹਿਰ ਕੀਤੀ।

ਜੀ, ਵੀਰ ਜੀ,ਇਹ ਤਾਂ ਮੇਰਾ ਫਰਜ ਹੈ, ਉਹ ਸਹਿਜ ਹੀ ਜਵਾਬ ਦਈ ਜਾ ਰਹੀ ਸੀ।

ਕੀ ਗੱਲ ਭੈਣ ਜੀ, ਤੁਸੀਂ ਐਡੀ ਵੱਡੀ ਸੇਵਾ ਨਿਭਾ ਰਹੇ ਹੋ,ਪਰ ਖੁਸ ਨਹੀਂ ਲੱਗ ਰਹੇ, ਅਗਲੇ ਨੂੰ ਹੈਰਾਨੀ ਜਿਹੀ ਹੋਈ।

ਹਾਂਜੀ ਵੀਰ ਜੀ, ਸਹੀ ਕਿਹਾ ਤੁਸੀਂ,ਸੇਵਾ ਹੀ ਹੈ ਇਹ।ਇਸ ਦੇਸ ਵਿੱਚ ਸਿੱਖਿਆ ਤਾਂ ਬਹੁਤ ਮਹਿੰਗੀ ਹੈ ਪਰ ਸਿੱਖਿਅਕ ਬਹੁਤ ਸਸਤੇ ਹਨ।ਆਪਣੇ ਇੱਕ ਹੱਥ ਵਿਚ
ਆਪਣੇ ਬੱਚੇ ਦੀ ਸਕੂਲ ਫੀਸ ਦੀ ਭਾਰੀ ਰਕਮ ਤੇ ਦੂਜੇ ਹੱਥ ਵਿੱਚ ਨਿਗੂਣੀ ਜਿਹੀ ਤਨਖਾਹ ਵੱਲ ਵੇਖਦਿਆਂ ਓਹਨੇ ਜਵਾਬ ਦਿੱਤਾ ਤੇ ਫੋਨ ਰੱਖ ਕੇ ਜਮਾਤ ਵੱਲ ਚੱਲ ਪਈ।

**ਮਨਜੀਤ ਕੌਰ ਧੀਮਾਨ,**
**ਸੇਰਪੁਰ, ਲੁਧਿਆਣਾ।**
**ਸੰ,:9464633059.**

# ਜਿਨਾ ਚੀਜਾਂ ਨੂੰ ਅਸੀ ਬਦਲ ਨਹੀਂ ਸਕਦੇ ਉਹਨਾਂ ਬਾਰੇ ਸੋਚਣਾ ਛੱਡੋ

ਅਸੀਂ ਸਾਰੇ ਅਫਸੋਸ ਕਿ ਮੈਂ ਵੀ ਉਹਨਾਂ ਲੋਕਾਂ ਵਿੱਚ ਸ਼ਾਮਿਲ ਹਾਂ ਜੋ ਉਹਨਾਂ ਹਾਲਾਤਾਂ ਘਟਨਾਵਾਂ ਜਾਂ ਚੀਜਾਂ ਬਾਰੇ ਸੋਚ ਕੇ ਪ੍ਰੇਸ਼ਾਨ ਹੁੰਦੇ ਰਹਿੰਦੇ ਹਾਂ, ਜਿੰਨਾ ਉੱਪਰ ਸਾਡਾ ਕੋਈ ਕੰਟਰੋਲ ਨਹੀ ਹੁੰਦਾ। ਜਿੱਥੋਂ ਤੱਕ ਮੈਨੂੰ ਲੱਗਦਾ ਹੈ ਉਹਨਾਂ ਵਿਚੋਂ 54 % ਸੋਚਾਂ ਉਹ ਹੁੰਦੀਆਂ ਹਨ ਜਿੰਨਾ ਨੇ ਜਿੰਦਗੀ ਵਿੱਚ ਕਦੇ ਵਾਪਰਨਾ ਹੀ ਨਹੀਂ ਹੁੰਦਾ, ਉਹ ਕੇਵਲ ਸਾਡੇ ਦਿਮਾਗ ਦੀ ਹੀ ਉਪਜ ਹੁੰਦੀਆਂ ਹਨ, ਉਹਨਾਂ ਵਿੱਚ ਡਰ, ਸ਼ੰਕੇ , ਸਹਿਮ, ਗੁੱਸਾ ਆਦਿ ਸਭ ਸ਼ਾਮਿਲ ਹੋ ਸਕਦਾ ਹੈ, 26 % ਚਿੰਤਾਵਾਂ ਸਾਡੇ ਬੀਤ ਚੁੱਕੇ ਸਮੇਂ ਨਾਲ ਸੰਬੰਧਿਤ ਹੁੰਦੀਆਂ ਹਨ, ਜਿੰਨਾ ਨੂੰ ਚਾਅ ਕੇ ਵੀ ਅਸੀ ਬਦਲ ਨਹੀਂ ਸਕਦੇ , 8% ਅਸੀਂ ਲੋਕਾਂ ਦੀਆਂ ਗੱਲਾਂ ਸੋਚਦੇ ਵਿਚਾਰਦੇ ਤੇ ਝੁਕਦੇ ਰਹਿੰਦੇ ਹਾਂ 4 % ਸੋਚਾਂ ਸ਼ਰੀਰਕ ਬਿਮਾਰੀ ਨਾਲ ਜੁੜੀਆਂ ਹੋ ਸਕਦੀਆਂ ਹਨ ਅਤੇ ਕੇਵਲ 6 % ਸੋਚਾਂ ਸਾਡੇ ਕੰਮ ਦੀਆਂ ਹੁੰਦੀਆਂ ਹਨ। ਮਨੁੱਖੀ ਮਨ ਦੀ ਘਾੜਤ ਹੀ ਅਜਿਹੀ ਹੈ ਕਿ ਅਸੀਂ ਬੇਲੋੜੀਆਂ ਚਿੰਤਾਵਾਂ ਕਰ ਕਰ ਕੇ ਦੁੱਖੀ ਹੁੰਦੇ ਰਹਿੰਦੇ ਹਾਂ। ਕੁਦਰਤ ਦਾ ਨਿਯਮ ਹੈ ਕਿ ਇਹ ਸਾਡੀ ਸੋਚ ਦੇ ਮੁਤਾਬਿਕ ਕੰਮ ਕਰਦੀ ਹੈ। ਜਿਵੇਂ ਦੀ ਸਾਡੇ ਦਿਮਾਗ ਦੀ ਸੋਚ ਹੋਵੇਗੀ ਉਸੇ ਤਰ੍ਹਾਂ ਦੀਆਂ ਘਟਨਾਵਾਂ ਸਾਡੇ ਨਾਲ ਵਾਪਰਦੀਆਂ ਹਨ। ਅਸੀਂ ਆਪਣੇ ਸਰੀਰ ਦੀ ਬਹੁਤਾਂਤ ਊਰਜਾ ਉਹਨਾਂ ਗੱਲਾਂ ਜਾਂ ਸੋਚਾਂ ਵਿੱਚ ਅਜਾਈ ਗਵਾ ਦਿੰਦੇ ਹਾਂ ਜਿੰਨਾ ਨੇ ਕਦੇ ਵਾਪਰਨਾ ਹੀ ਨਹੀਂ ਹੁੰਦਾ। ਮਨੁੱਖੀ ਸ਼ਰੀਰ ਬਹੁਤ ਵੱਡੀ ਊਰਜਾ/ਸ਼ਕਤੀ ਦਾ ਸੋਮਾਂ ਹੈ, ਜੇ ਮਨੁੱਖੀ ਮਨ ਨੂੰ ਸਹੀ ਸੇਧ ਦਿੱਤੀ ਜਾਵੇ ਤਾਂ ਇਹ ਬਹੁਤ ਹੀ ਸਕਾਰਾਤਮਕ ਮਾਹੌਲ ਅਤੇ ਜੀਵਨ ਨੂੰ ਸਿਰਜ ਸਕਦਾ ਹੈ। ਜਿਸ ਚੀਜ ਦਾ ਹੱਲ ਅਸੀ ਕੱਢ ਹੀ ਨਹੀਂ ਸਕਦੇ ਜਾਂ ਸਾਡੇ ਹੱਥ ਵਿੱਚ ਹੀ ਨਹੀਂ ਉਸ ਬਾਰੇ ਸੋਚਣਾ ਅਤੇ ਸੋਚ ਕੇ ਦੁਖੀ ਹੋਣ ਦਾ ਕੋਈ ਫਾਇਦਾ ਨਹੀਂ ਹੈ। ਸਾਨੂੰ ਹਮੇਸਾ ਉਹਨਾਂ ਚੀਜਾਂ ਬਾਰੇ ਸੋਚਣਾ ਚਾਹੀਦਾ ਹੈ ਜੋ ਸਾਡੇ ਹੱਥ ਵੱਸ ਹਨ, ਉਦਾਹਰਣ ਦੇ ਤੌਰ ਤੇ ਬੀਤ ਚੁੱਕੇ ਸਮੇਂ ਬਾਰੇ ਸੋਚ ਸੋਚ ਕੇ ਪਰੇਸਾਨ ਹੋਣਾ ਕੋਈ ਸਾਰਥਕ ਨਤੀਜਾ ਨਹੀ ਦਵੇਗਾ । ਸੋ ਸਾਨੂੰ ਆਪਣੀਆਂ ਬੇਲੋੜੀਆਂ ਸੋਚਾਂ ਨੂੰ ਖਤਮ ਕਰਕੇ ਆਪਣੇ ਅੱਜ ਉੱਪਰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਕਿਉਂਕਿ ਬੀਤ ਚੁੱਕੇ ਬਾਰੇ ਸੋਚ ਕੇ ਅਸੀਂ ਆਪਣਾ ਅੱਜ ਤਾਂ ਖਰਾਬ ਕਰਦੇ ਹੀ ਹਾਂ ਨਾਲ ਦੀ ਨਾਲ ਆਉਣ ਵਾਲੇ ਕੱਲ ਨੂੰ ਨਿਰਾਸ਼ਾ ਭਰਿਆ ਕਰ ਲੈਂਦੇ ਹਾਂ, ਸੋ ਹਮੇਸਾ ਉਹਨਾਂ ਬੇਲੋੜੀਆਂ ਸੋਚਾਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਜਿੰਨਾ ਨੂੰ ਬਦਲਣਾ ਸਾਡੇ ਵਸ ਵਿੱਚ ਨਹੀਂ ਹੈ।

**ਹਰਕੀਰਤ ਕੌਰ**
**9779118066**

# ਇਹ ਮੁੱਹਬਤ ਕੀ ਹੈ

ਸੱਚ -ਮੁੱਚ ਇਹ ਸਾਬਤ ਕਰਨਾ ਬਹੁਤ ਮੁਸਕਲ ਹੈ ਕਿ ਮੁੱਹਬਤ ਕੀ ਹੁੰਦੀ ਹੈ ? ਇਕ ਲੜਕੇ ਲੜਕੀ ਦੇ ਆਪਸੀ ਪਿਆਰ ਨੂੰ ਅਸੀਂ ਮੁੱਹਬਤ ਕਹਿ ਦਿੰਦੇ ਹਾਂ । ਜਦ ਕਿ ਮੁੱਹਬਤ ਦੇ ਬਹੁਤ ਰਿਸਤੇ ਹੁੰਦੇ ਨੇ ਮਾਂ ਪਿਉ ,ਭੈਣ-ਭਰਾ ,ਪਤੀ ਪਤਨੀ ,ਗੁਰੂ - ਚੇਲਾ , ਸਹੇਲੀਆਂ , ਦੋਸਤ , ਅਧਿਆਪਕ ਤੇ ਵਿਦਿਆਰਥੀ । ਇਸਦੇ ਇਲਾਵਾ ਹੋਰ ਵੀ ਬਹੁਤ ਰਿਸਤੇ ਨੇ ਮੁੱਹਬਤ ਦੇ । ਜਾਨਵਰਾਂ ਤੇ ਪਸੂ ਪੰਛੀਆਂ ਵਿੱਚ ਵੀ ਮੁੱਹਬਤ ਹੁੰਦੀ ਹੈ ।

ਜੂਡਿਥ ਵਿਉਰਸਟ ਦੇ ਅਨੁਸਾਰ ਮੁੱਹਬਤ ਜੀਂਦਗੀ ਦਾ ਇਕ ਸੰਘਰਸ ਹੈ , ਪਰ ਇਹ ਲੜਾਈ ਹੋਰ ਲੜਾਈਆਂ ਨਾਲੋਂ ਵਧੀਆ ਅਤੇ ਉਸਾਰੂ ਹੈ ।

ਮੁੱਹਬਤ ਇਕ ਸਕਤੀ ਦਾ ਸੋਮਾ ਹੈ । ਕਹਿੰਦੇ ਨੇ ਮੁੱਹਬਤ ਇਕ ਉਹ ਭਾਸਾ ਹੈ ਜਿਸ ਨੂੰ ਗੂੰਗੇ ਤੇ ਬੋਲੇ ਵੀ ਬਾਖੂਬੀ ਪੜ੍ਹ ਤੇ ਸਮਝ ਜਾਂਦੇ ਹਨ । ਪਸੂ ਪੰਛੀ ਤੇ ਜਾਨਵਰ ਵੀ ਮੁੱਹਬਤ ਦੀ ਭਾਸਾ ਨੂੰ ਬਾਖੂਬੀ ਸਮਝਦੇ ਹਨ । ਮੁੱਹਬਤ ਤਾਂ ਜਾਤ -ਪਾਤ , ਰੰਗ -ਰੂਪ , ਉਮਰ , ਮਜ੍ਹਬ , ਜਿਸਮਾਨੀ ਹਵਸ ਤੋਂ ਕੋਹਾਂ ਦੂਰ ਹੁੰਦੀ ਹੈ । ਅੱਟਲ , ਅਥਾਹ , ਅਡੋਲ ਤੇ ਸਾਂਤ ਸਾਗਰ ਵਾਂਗ ਖਾਮੋਸ ਹੁੰਦੀ ਹੈ । ਮੁੱਹਬਤ ਤੇ ਰੂਹ ਦਾ ਰਿਸਤਾ ਹੁੰਦਾ ਹੈ । ਜੋ ਸੁੰਨੀਆਂ ਅੱਖਾਂ ਪਿੱਛੇ ਦੀ ਉਦਾਸੀ ਤੇ ਹਾਸਿਆਂ ਪਿੱਛੇ ਛੁੱਪੀ ਖਾਮੋਸੀ ਤੇ ਦਰਦ ਨੂੰ ਪਹਿਚਾਣ ਸਕੇ । ਮੁੱਹਬਤ ਵਿੱਚ ਇਕ ਦੂਸਰੇ ਤੋਂ ਕੋਈ ਪਰਦੇਦਾਰੀ ਨਹੀਂ ਹੁੰਦੀ ।

ਇਹ ਮੁੱਹਬਤ ਹੀ ਹੈ ਜੋ ਚੋਰਾਂ ਨੂੰ ਸਾਧ ਬਣਾ ਦਿੰਦੀ ਹੈ । ਇਹ ਮੁੱਹਬਤ ਸੀ ਜਿਸ ਦੀ ਖਾਤਿਰ ਰਾਂਝੇ ਨੂੰ ਮਹੀਂਵਾਲ ਬਨਣਾ ਪਿਆ , ਸੱਸੀ ਪੁੰਨੂੰ ਨੂੰ ਪੁਕਾਰਦੀ ਹੋਈ ਥੱਲਾਂ ਵਿਚ ਉਸ ਪਿੱਛੇ ਗਈ , ਸੋਹਣੀ ਕੱਚੇ ਘੜ੍ਹੇ ਤੇ ਤੈਰ ਕੇ ਅੱਧੀ ਰਾਤ ਨੂੰ ਮਹੀਂਵਾਲ ਨੂੰ ਮਿਲਣ ਲਈ ਜਾਂਦੀ ਹੈ , ਸੀਰੀ ਦੀ ਖਾਤਿਰ ਫਰਿਆਦ ਨੂੰ ਨਹਿਰ ਪੁੱਟਣੀ ਪਈ , ਤੇ ਹੀਰ ਨੂੰ ਵੀ ਆਖਿਰ ਜਹਿਰ ਪੀਣਾ ਪਿਆ ।

ਕਹਿੰਦੇ ਨੇ ਭਗਤ ਤੁਲਸੀ ਦਾਸ ਦਾ ਆਪਣੀ ਪਤਨੀ ਨਾਲ ਕਾਫੀ ਪਿਆਰ ਸੀ । ਇਕ ਵਾਰ ਉਹ ਆਪਣੇ ਪੇਕੇ ਜਾਂਦੀ ਹੈ ਤੇ ਬਾਦ ਵਿੱਚ ਉਦਾਸ ਹੋ ਕੇ ਪਤਨੀ ਦੇ ਪਿਆਰ ਵਿੱਚ , ਉਸ ਦੀ ਯਾਦ ਵਿੱਚ , ਉਹ ਅੱਧੀ ਰਾਤ ਨੂੰ ਚੋਰੀ ਉਸ ਨੂੰ ਮਿਲਣ ਪਹੁੰਚ ਜਾਂਦਾ ਹੈ । ਅੱਗੋਂ ਉਸ ਦੀ ਪਤਨੀ ਬਹੁਤ ਫਿਟਕਾਰ ਲਾਉਂਦੀ ਹੈ ਤੇ ਕਹਿੰਦੀ ਹੈ ਕਿ ਅਗਰ ਤੂੰ ਐਨਾ ਪਿਆਰ ਪਰਮਾਤਮਾ ਨੂੰ ਕਰਦਾ ਤੇ ਤੈਨੂੰ ਉਸਦੀ ਪ੍ਰਾਪਤੀ ਹੋ ਜਾਣੀ ਸੀ । ਸਚਮੁਚ ਫਿਰ ਉਹ ਵੈਰਾਗ ਵਿੱਚ ਆ ਜਾਂਦਾ ਹੈ ਤੇ ਰੱਬ ਦੀ ਭਗਤੀ ਵਿੱਚ ਲੱਗ ਜਾਂਦਾ ਹੈ ਤੇ ਫਿਰ ਭਗਤ ਤੁਲਸੀ ਦਾਸ ਬਣ ਜਾਂਦਾ ਹੈ ।

ਅੱਜ ਕਲ ਸੱਚੀ ਮੁੱਹਬਤ ਨਹੀਂ ਰਹਿ ਗਈ , ਬਹੁਤ ਘੱਟ ਹੀ ਦੇਖਣ ਨੂੰ ਮਿੱਲਦੀ ਹੈ ,ਹੁਣ ਇਹ ਸਿਰਫ ਕਿਤਾਬਾਂ , ਕਿੱਸੇ -ਕਹਾਣੀਆਂ ਤੇ ਫਿਲਮਾਂ ਵਿੱਚ ਹੀ ਰਹਿ ਗਈ ਹੈ ਰੂਹਾਂ ਦੀ ਮੁੱਹਬਤ ਨਹੀਂ ਸਿਰਫ ਜਿਸਮਾਂ ਦੀ ਮੁੱਹਬਤ ਰਹਿ ਗਈ ਹੈ ਅੱਜ-ਕੱਲ੍ਹ ਕਾਫੀ ਲੜਕੇ ਆਪਣੀ ਝੂਠੀ ਮੁੱਹਬਤ ਵਿੱਚ ਲੜਕੀਆਂ ਨੂੰ ਫਸਾ ਲੈਂਦੇ ਹਨ ਤੇ ਇਸਤੇਮਾਲ ਕਰਕੇ ਛੱਡ ਦਿੰਦੇ ਨੇ ਤੇ ਬਹੁਤ ਲੜਕੀਆਂ ਸਦਮੇ ਤੇ ਬਦਨਾਮੀ ਦੇ ਡਰ ਤੋਂ ਜਾਣ ਵੀ ਦੇ ਦਿੰਦੀਆਂ ਹਨ । ਕੀ ਇਹ ਮੁੱਹਬਤ ਹੈ ?

ਸਰਦਾਰ ਗੁਰਬਖਸ ਸਿੰਘ ਜੀ ਪ੍ਰੀਤਲੜੀ ਜੀ ਨੇ ਇਕ ਜਗ੍ਹਾ ਲਿਖਿਆ ਹੈ ਕਿ ਪਿਆਰ ਕਬਜਾ ਨਹੀਂ ਪਹਿਚਾਣ ਹੈ ।

ਕਈ ਕਹਿੰਦੇ ਨੇ ਕਿ ਮੁੱਹਬਤ ਪਹਿਲੀ ਨਜਰ ਵਿੱਚ ਹੋ ਜਾਂਦੀ ਹੈ । ਪਰ ਨਹੀਂ ਇਹ ਜਰੂਰੀ ਨਹੀਂ ਹੁੰਦਾ । ਅੱਜ ਕਲ ਤੇ ਬਿਨਾ ਦੇਖੇ ਬਿਨਾ ਮਿਲੇ ਵੀ ਮੁੱਹਬਤ ਹੋ ਜਾਂਦੀ ਹੈ । ਕਿਸੇ ਨੂੰ ਆਪਣੀਆਂ ਯਾਦਾਂ ਵਿੱਚ ਮਹਿਸੂਸ ਕਰਨਾ , ਹਰ ਸਾਹ ਵਿੱਚ ਮਹਿਸੂਸ ਕਰਨਾ , ਮਿਲਣਾ ਚਾਅ ਕੇ ਵੀ ਮਿਲ ਨਹੀਂ ਸਕਣਾ । ਜਿਹਨਾਂ ਅੰਦਰ ਸੱਚੇ ਪਿਆਰ ਦੀ ਇਕ ਲਗਨ , ਇਕ ਦਰਦ , ਇਕ ਤੜਪ ਹੋਵੇ , ਉਹ ਰੂਹ ਦੇ ਰਿਸਤੇ ਹੁੰਦੇ ਹਨ । ਬਹੁਤ ਪਾਕਿ ਤੇ ਪਵਿੱਤਰ ਰਿਸਤਾ ਜੋ ਸੱਚੀ ਤੇ ਰੂਹਾਨੀ ਮੁੱਹਬਤ ਵਿੱਚ ਹੁੰਦਾ ਹੈ । ਮੁੱਹਬਤ ਤੇ ਦੇਣ ਦਾ ਨਾਮ ਹੈ , ਇਕ ਕੁਰਬਾਨੀ ਦਾ ਨਾਮ ਹੈ । ਜਿਸ ਵਿੱਚ ਇਨਸਾਨ ਰੋਜ ਹੀ ਤਿਲ ਤਿਲ ਕਰਕੇ ਮਰਦਾ ਹੈ ।

ਮੁੱਹਬਤ ਤੇ ਕਦੀ ਵੀ , ਕਿਸੇ ਨਾਲ , ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ । ਚਾਹੈ ਸਾਦੀ ਤੋਂ ਪਹਿਲਾਂ ਜਾਂ ਬਾਅਦ । ਇਸ ਵਿੱਚ ਉਮਰ ਦਾ ਕੋਈ ਬੰਧਨ ਨਹੀਂ ਹੁੰਦਾ । ਹਾਂ ਕਈ ਵਾਰ ਬੇਬਸੀ ਜਰੂਰ ਹੁੰਦੀ ਹੈ ਜੱਦ ਇਨਸਾਨ ਕਿਸੇ ਨੂੰ ਮਿਲਣਾ ਚਾਅ ਕੇ ਵੀ ਮਿਲ ਨਾ ਸਕੇ । ਫਿਰ ਸਾਨੂੰ ਇਕਾਂਤ ਅੱਛਾ ਲੱਗਦਾ ਹੈ । ਫਿਰ ਸੰਗੀਤ ਤੇ ਕੀਰਤਨ ਸੁਨਣ ਨੂੰ ਮਨ ਕਰਦਾ ਹੈ । ਇਨਸਾਨ ਉਸ ਸੰਗੀਤ ਵਿੱਚ ਐਨਾ ਲੀਨ ਹੋ ਜਾਂਦਾ ਹੈ ਕਿ ਮਨ ਵੈਰਾਗ ਵਿੱਚ ਆ ਜਾਂਦਾ ਹੈ ਤੇ ਫਿਰ ਰੋਣ ਤੇ ਦਿਲ ਕਰਦਾ ਹੈ । ਸਾਨੂੰ ਸਿਲੇਬਸ ਵਿੱਚ ਹੀਰ - ਰਾਂਝਾ , ਸੋਹਣੀ - ਮਹੀਂਵਾਲ ਜਿਹੇ ਕਿੱਸੇ ਕਹਾਣੀਆਂ ਪੜ੍ਹਾਏ ਜਾਂਦੇ ਸੀ । ਕੀ ਅੱਜ ਕਲ ਕੋਈ ਲੜਕਾ ਲੜਕੀ ਸਾਦੀ ਦੇ ਬਾਦ ਇਸ ਤਰਾਂ ਮੁੱਹਬਤ ਕਰ ਸਕਦਾ ਹੈ ? ਅਗਰ ਕੋਈ ਐਸੀ ਹਰਕਤ ਕਰੇ ਜਾਂ ਕਿਸੇ ਨਾਲ ਗੱਲ ਵੀ ਕਰੇ ਤੇ ਬਦਚਲਣ ਅਵਾਰਾ ਕਹਿ ਕੇ ਘਰ ਤੋਂ ਬਾਹਰ ਨਿਕਾਲ ਦਿੱਤਾ ਜਾਂਦਾ ਹੈ । ਕਹਿੰਦੇ ਨੇ ਇਹ ਮੁੱਹਬਤ ਹੀ ਸੀ ਜਿਸ ਦੀ ਖਾਤਿਰ ਸਾਹ ਜਹਾਂ ਨੇ ਤਾਜ ਮੱਹਲ ਬਣਾਇਆ ਵਰਨਾ ਇਕ ਲਾਸ ਦੀ ਖਾਤਿਰ ਕੋਈ ਇਸ ਤਰ੍ਹਾ ਨਹੀਂ ਕਰਦਾ । ਇਕ ਵਾਰ ਕ੍ਰਿਸਨ ਜੀ ਨੂੰ ਰਾਧਾ ਜੀ ਨੇ ਪੁੱਛਿਆ ਸੀ ਕਿ ਅਗਰ ਤੁਹਾਨੂੰ ਮੇਰੇ ਨਾਲ ਮੁੱਹਬਤ ਸੀ ਤੇ ਤੁਸੀਂ ਮੇਰੇ ਨਾਲ ਸਾਦੀ ਕਿਉਂ ਨਹੀਂ ਕੀਤੀ ? ਕ੍ਰਿਸਨ ਜੀ ਨੇ ਹੱਸ ਕੇ ਕਿਹਾ ਸੀ ਕਿ ਅਸੀਂ ਦੋ ਨਹੀਂ ਹਾਂ ਮੇਰਾ ਵਾਸ ਤੇਰੀ ਆਤਮਾ ਵਿੱਚ ਤੇ ਤੇਰਾ ਵਾਸ ਮੇਰੀ ਆਤਮਾ ਵਿੱਚ ਹੈ । ਅਸੀਂ ਇਕ ਦੂਸਰੇ ਤੋਂ ਅਲੱਗ ਨਹੀਂ ਹਾਂ ਇਕ ਹਾਂ । ਇਹ ਮੁੱਹਬਤ ਹੈ ।

ਕਈ ਲੋਕ ਸਵਾਲ ਕਰਦੇ ਨੇ ਕਿ ਮੁੱਹਬਤ ਤੇ ਪਸੰਦ ਵਿੱਚ ਕੀ ਫਰਕ ਹੁੰਦਾ ਹੈ । ਇਸ ਵਿੱਚ ਕੋਈ ਖਾਸ ਫਰਕ ਨਹੀਂ ਹੈ । ਪਸੰਦ ਵਿੱਚ ਸੰਬੰਧ ਰਸਮੀ ਹੁੰਦੇ ਨੇ ਤੇ ਮੁੱਹਬਤ ਵਿੱਚ ਗੈਰ ਰਸਮੀ ।

ਕਿਸੇ ਇਨਸਾਨ ਨਾਲ ਅਗਰ ਮੁੱਹਬਤ ਕਰਦੇ ਹਾਂ ਤਾਂ ਉਹ ਸਾਡੀ ਕਮਜੋਰੀ ਬਣ ਜਾਂਦੀ ਹੈ ਪਰ ਅਗਰ ਅਸੀਂ ਵਾਹਿਗੁਰੂ ਨਾਲ ਮੁੱਹਬਤ ਕਰਾਂਗੇ ਤੇ ਉਹ ਸਾਡੀ ਤਾਕਤ ਬਣ ਜਾਏਗੀ ਤੇ ਅਸੀਂ ਟੁੱਟਣ ਤੇ ਬਿਖਰਣ ਤੋਂ ਵੀ ਬੱਚ ਜਾਵਾਂਗੇ ।

ਅਸਲੀ ਮੁੱਹਬਤ ਰੂਹ ਦਾ ਰਿਸਤਾ ਹੈ ਜੋ ਇਨਸਾਨ ਨੂੰ ਇਬਾਬਤ ਤੱਕ ਲੈ ਜਾਂਦਾ ਹੈ । ਮੁੱਹਬਤ ਤੇ ਰੋਮ ਰੋਮ ਵਿੱਚ , ਹਰ ਸਾਹ ਵਿੱਚ ਮਹਿਸੂਸ ਕੀਤੀ ਜਾਂਦੀ ਹੈ । ਇਸ ਵਿੱਚ ਪਾਕੀਜਦੀ ਹੈ , ਸਮਝਣ ਵਾਲੀ ਪਾਰਖੂ ਨਜਰ ਹੋਣੀ ਚਾਹੀਦੀ ਹੈ । ਮੁੱਹਬਤ ਕਰਨੀ ਕੋਈ ਪਾਪ ਜਾਂ ਗੁਨਾਹ ਨਹੀਂ ਹੈ , ਬਸਰਤੇ ਕਿ ਇਹ ਰੂਹ ਤੋਂ ਹੋਣੀ ਚਾਹੀਦੀ ਹੈ ।

( ਜਿਨ ਪ੍ਰੇਮ ਕੀਓ ਤਿਨਿ ਹੀ ਪ੍ਰਭਿ ਪਾਇਓ )

ਮੁੱਹਬਤ ਤੇ ਰੱਬ ਨਾਲ ਵੀ ਇਨਸਾਨ ਦੀ ਅਥਾਹ ਹੁੰਦੀ ਹੈ । ਮੁੱਹਬਤ ਦੀ ਇੰਤਹਾ ਕੋਈ ਨਹੀਂ ਪਾ ਸਕਦਾ , ਗੁਰਬਾਣੀ ਵਿੱਚ ਵੀ ਸਬਦ ਹੈ ।

( ਜਿਸ ਪਿਆਰੇ ਸਿਉ ਨੇਹੁ
ਤਿਸ ਆਗੈ ਮਰਿ ਚਲੀਐ ।
ਧ੍ਰਿਗੁ ਜੀਵਣੁ ਸੰਸਾਰਿ
ਤਾ ਕੈ ਪਾਛੈ ਜੀਵਣਾ )

( ਰਮਿੰਦਰ ਰਮੀ )

# "ਰਣ ਕੋ ਜਾਇ ਨ ਕਬਹੂੰ ਭਾਗੇ"

ਯੋਧੇ ਅੱਜ ਵੀ ਲੋੜ ਪੈਣ 'ਤੇ ਜਦੋਂ ਰਣ ਖੇਤਰ ਵਿਚ ਜਾਂਦੇ ਹਨ ਤਾਂ ਮੋਰਚਾ ਫ਼ਤਿਹ ਕਰਦੇ ਆ ਜਾਂ ਫਿਰ ਸ਼ਹੀਦੀ ਦੇਂਦੇ ਹਨ । ਅੱਜ ਵੀ ਪੰਜਾਬ ਦੀ ਧਰਤੀ 'ਤੇ ਅਜਿਹੀਆਂ ਸੂਰਮਤਾਈ ਰੂਹਾਂ ਜਿਉਂਦੀਆਂ ਵਸਦੀਆਂ ਨੇ, ਬੇਸ਼ਕ ਸਮੇਂ ਦੀ ਸਿਆਸਤ ਨੇ ਨੌਜਵਾਨੀ ਨੂੰ ਖ਼ਤਮ ਕਰਨ ਲਈ ਆਪਣਾ ਪੂਰ ਜ਼ੋਰ ਲਾਇਆ ਹੋਇਆ ਹੈ, ਪਰ ਰਹਿਮਤ ਸਾਡੇ ਸ਼ਬਦ ਗੁਰੂ ਤੇ ਪੈਗ਼ਬਰਾਂ ਦੀ ਜਿਨ੍ਹਾਂ ਦੀ ਕ੍ਰਿਪਾ ਨਾਲ ਜਗਸੀਰ ਸਿੰਘ ਜੱਗੀ ਜਿਹੀਆਂ ਨੇਕ ਰੂਹਾਂ ਅੱਜ ਵੀ ਤਸ਼ੱਦਦ ਵਿਚ ਚੜ੍ਹਦੀ ਕਲਾ ਦਾ ਸੰਦੇਸ਼ ਆਪਣੀ ਸਿੱਖ ਕੌਮ ਨੂੰ ਦੇ ਰਹੀਆਂ ਹਨ ਤੇ ਇਸ ਸੰਦੇਸ਼ ਦਾ ਅਸਰ ਸਾਡੀ ਨੌਜਵਾਨੀ ਪੀੜ੍ਹੀ ਦੇ ਮਨ ਵਿਚ ਅਜਿਹੀ ਭਾਵਨਾ ਨੂੰ ਪ੍ਰਗਟਾ ਰਿਹਾ ਹੈ ਜੋ ਅਜੋਕੇ ਸਮੇਂ ਵਿਚ ਵੀ ਆਪਣੀ ਕੌਮ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਾ ਵਾਰਨ ਤੋਂ ਪਿੱਛੇ ਨਹੀਂ ਹੁੰਦੇ । ਜਗਸੀਰ ਸਿੰਘ ਦੀ ਗੁਰੂ ਪ੍ਰਤੀ ਲਗਨ, ਅਣ-ਟੁੱਟ ਵਿਸ਼ਵਾਸ ਤੇ ਸਵੈ-ਭਰੋਸਾ ਨੇ ਉਸ ਤੋਂ ਅਜਿਹਾ ਕਾਰਜ ਕਰਵਾ ਦਿੱਤਾ ਜੋ ਇਤਿਹਾਸ ਦੀ ਮਾਲਾ ਵਿਚ ਇਕ ਹੋਰ ਹੀਰੇ ਦਾ ਕੰਮ ਕਰ ਗਿਆ । ਗੁਰੂ ਦੇ ਲੜ ਲੱਗੀਆਂ ਅਜਿਹੀਆ ਨੇਕ ਰੂਹਾਂ ਨੂੰ ਬਾਦਸ਼ਾਹੀ ਕਦੋਂ ਮਿਲ ਜਾਵੇ ਉਹ ਅਕਾਲ ਪੁਰਖ ਹੀ ਤੈਅ ਕਰਦਾ ਹੈ । ਜਗਸੀਰ ਸਿੰਘ ਨੂੰ ਇਹ ਬਾਦਸ਼ਾਹੀ ਕਿਸਾਨੀ ਮੋਰਚੇ ਵਿਚ ਕੀਤੀ ਲੋਕਾਈ ਦੀ ਸੇਵਾ ਤੇ 26 ਜਨਵਰੀ ਦੀ ਅਣਹੋਣੀ ਘਟਨਾ ਵਿਚ ਮਿਲੀ । ਜਿਸ ਵਿਚ ਉਸ ਦੀ ਜ਼ਮੀਰ ਨੇ ਗੁਰੂ ਵੱਲੋਂ ਬਕਸ਼ੀ ਦਸਤਾਰ ਦੀ ਰੱਖਿਆ ਲਈ ਸਰਕਾਰੀ ਨੌਕਰਾਂ ਦੀਆਂ ਡਾਗਾਂ ਸਹਿਣ ਕੀਤੀਆਂ ਪਰ ਜਦੋਂ ਸਿੱਖ ਕੌਮ ਦੇ ਸਿਰ ਦਾ ਤਾਜ, ਖ਼ੁਦਾ ਦਾਦ ਦਸਤਾਰ ਲਾਹੀ ਗਈ ਉਸ ਵਕਤ ਅੰਦਰਲੀ ਸੂਰਮਤਾਈ ਬਾਹਰ ਆਉਂਦੀ ਹੈ ਜਿਸ ਦੇ ਇਕ ਜੈਕਾਰੇ ਨੇ 60 ਦੀ ਗਿਣਤੀ ਤੋਂ ਉਪਰ ਉਨ੍ਹਾਂ ਸਰਕਾਰੀ ਹੈਵਾਨੀਯਤ ਬਦਰੂਹਾਂ ਨੂੰ ਤਿੱਤਰ-ਬਿੱਤਰ ਕਰ ਦਿੱਤਾ, ਤੇ ਜਿਵੇਂ ਦਸਤਾਰ ਲਾਹੀ ਉਵੇਂ ਹੀ ਉਨ੍ਹਾਂ ਨੂੰ ਚੁੱਕ ਕੇ ਦੇਣੀ ਪਈ । ਇਹ ਉਹ ਸੂਰਮਤਾਈ ਏ ਜੋ ਸਮਾਂ ਆਉਣ ਤੇ ਆਪ ਮੁਹਾਰੇ ਸਾਹਮਣੇ ਆਉਂਦੀ ਹੈ ਤੇ ਜਿਸ 'ਤੇ ਪਹਿਲਾ ਕਿਸੀ ਵੀ ਤਰ੍ਹਾਂ ਦੀ ਸਲਾਹ ਨਹੀਂ ਕੀਤੀ ਹੁੰਦੀ । ਬਾਜ਼ਾਂ ਵਾਲਾ ਆਪਣੇ ਅਜਿਹੇ ਸੂਰਮੀਆਂ ਨਾਲ ਸਦੈਵ ਅੰਗ ਸੰਗ ਸਹਾਈ ਹੋ ਕੇ ਉਨ੍ਹਾਂ ਨੂੰ ਭੀੜ ਤੋਂ ਵੱਖਰਾ ਕਰ ਕੇ ਨਾਇਕ ਦੀ ਉਪਾਧੀ ਬਕਸ਼ ਦਿੰਦਾ ਹੈ । ਨੌਜਵਾਨੀ ਖ਼ੂਨ ਜ਼ੁਲਮ ਨੂੰ ਦੇਖ ਕੇ ਉਬਾਲੇ ਜ਼ਰੂਰ ਖਾਂਦਾ ਏ ਪਰ ਸਾਡੇ ਆਪਣੇ ਹੀ ਕਈ ਵਾਰ ਉਨ੍ਹਾਂ ਦੇ ਇਸ ਜ਼ਜਬਾਤ ਨੂੰ ਨਾ-ਸਮਝਦੇ ਹੋਏ ਵਿਚਾਰਾਂ ਦੀ ਟਕਰਾਰ ਬਿਆਨ ਕਰ ਦੇਂਦੇ ਹਨ । ਜਿਸ ਨਾਲ ਕੌਮ ਦੋ ਧੜਿਆ ਵਿਚ ਵੰਡੀ ਜਾਂਦੀ ਹੈ, ਅਜਿਹੇ ਹਲਾਤਾਂ ਵਿਚ ਬਹੁਤ ਸਬਰ ਤੇ ਸਹਿਜਤਾ ਦੀ ਸੋਚ ਤੋਂ ਕੰਮ ਲੈਣਾ ਬਣਦਾ ਹੈ, ਜਿਸ ਨਾਲ ਸਾਡੇ ਨੌਜਵਾਨ ਬਾਗੀ ਵੀ ਨਾ ਹੋਣ ਤੇ ਸਰਕਾਰਾ ਨੂੰ ਕੋਈ ਅਜਿਹੇ ਮੌਕੇ ਵੀ ਨ ਮਿਲਣ ਜਿਸ ਨਾਲ ਉਹ ਆਪਸੀ ਫੁੱਟ ਪੈਦਾ ਕਰੇ ਕਿਉਂਕਿ ਇਹ ਨੌਜਵਾਨ ਹੀ ਸਾਡੇ ਇਤਿਹਾਸ ਦਾ ਸ਼ਿੰਗਾਰ ਤੇ ਆਉਣ ਵਾਲੀ ਪੀੜ੍ਹੀ ਦੀ ਰਾਹਨੁਮਾਈ ਕਰਦੇ ਹਨ ।

ਸਰਬਜੀਤ ਕੌਰ 'ਸਰਬ'

# ....ਕਿਧਰੇ ਮੇਰੇ ਪਤੰਗ ਨਾ ਕੱਟੇ ਜਾਣ

ਮੈਨੂੰ ਅੱਜ ਵੀ ਯਾਦ ਆਉਂਦੀ ਹੈ ਉਹ ਸਵੇਰ ਜਦੋਂ ਮੈਂ ਮੰਡੀ (ਹਿਮਾਚਲ ਪ੍ਰਦੇਸ਼) ਜਾਣ ਲਈ ਸੰਗਰੂਰ ਤੋਂ ਚੱਲਿਆ ਸਾਂ ਤਾਂ ਨਾਭਾ ਗੇਟ ਲੰਘ ਕੇ ਬੱਸ ਦੇ ਖੱਬੇ ਪਾਸੇ ਦੀ ਖਿੜਕੀ ਵਿੱਚੋਂ ਵੇਖਿਆ ਕਿ ਕਈ ਲੋਕ ਇਕੱਠੇ ਹੋਏ, ਘੇਰਾ ਬਣਈ ਖੜੇ ਸਨ, ਇਕ ਪਾਸੇ ਇਕ ਮੋਟਰ-ਸਾਇਕਲ ਡਿੱਗਿਆ ਪਿਆ ਸੀ ਤੇ ਸੜਕ ਦੇ ਕੰਢੇ ਚਿੱਟੀ ਚਾਦਰ ਵਿਚ ਇਕ ਲਾਸ਼ ਲਿਪਟੀ ਪਈ ਸੀ। ਡਰਾਈਵਰ ਨੇਂ ਸਪੀਡ ਹੋਲੀ ਕਰਕੇ ਉੱਥੋਂ ਸਾਡੀ ਬੱਸ ਲੰਘਾਈ। ਬੱਸ ਵਿਚਲੀਆਂ ਸਾਰੀਆਂ ਸਵਾਰੀਆਂ ਨੂੰ ਪਹਿਲੀ ਨਜ਼ਰੀਂ ਇੰਝ ਲੱਗਿਆ ਕਿ ਜਿਵੇਂ ਕੋਈ ਸੜਕ ਹਾਦਸਾ ਵਾਪਰਿਆ ਹੋਵੇ। ਅੱਗੇ ਸ੍ਰੀ ਨਾਨਕਿਆਣਾ ਸਾਹਿਬ ਚੌਂਕ ਤੋਂ ਕੁਝ ਸਵਾਰੀਆਂ ਸਾਡੀ ਬੱਸ ਵਿਚ ਚੜ੍ਹੀਆਂ ਤਾਂ ਉਨ੍ਹਾ ਦੱਸਿਆ ਕਿ ਇਹ ਕੋਈ ਸੜਕ ਹਾਦਸਾ ਨਹੀਂ ਸੀ ਬਲਕਿ ਮੋਟਰ ਸਾਇਕਲ 'ਤੇ ਜਾਂਦੇ ਇਕ ਮੁੰਡੇ ਦੇ ਗਲੇ ਵਿਚ ਪਤੰਗਾਂ ਉਡਾਉਣ ਲਈ ਵਰਤੀ ਜਾਣ ਵਾਲੀ ਚਾਈਨਾ ਡੋਰ ਫੱਸ ਗਈ ਸੀ ਜਿਸਨੇ ਉਸਦਾ ਗਲਾ ਚੀਰ ਦਿੱਤਾ ਤੇ ਉਸਦੀ ਮੌਕੇ ਤੇ ਹੀ ਮੌਤ ਹੋ ਗਈ।

ਪਤੰਗ : ਇਹ ਕਾ.ਗਜ਼ ਅਤੇ ਤੀਲੀਆਂ ਦੇ ਸੁਮੇਲ ਨਾਲ ਬਣੀ ਮਨੋਰੰਜਨ ਦੀ ਇਕ ਅਜਿਹੀ ਵਸਤੂ ਹੈ ਕਿ ਜਿਸਨੂੰ ਡੋਰ ਦੀਆਂ ਹੀ ਤੜਾਵਾਂ ਪਾ ਕੇ ਤੇ ਡੋਰ ਨਾਲ ਹੀ ਹਵਾ ਦੇ ਰੁੱਖ ਵੱਲ ਉਡਾਇਆ ਜਾਂਦਾ ਹੈ। ਇਹ ਛੋਟੇ, ਵੱਡੇ, ਵਰਗਾਕਾਰ, ਆਇਤਾਕਾਰ, ਬਰਫੀ ਨੁਮਾਂ ਅਤੇ ਵੱਖ ਵੱਖ ਆਕਰਿਤੀਆਂ ਦੇ ਆਕਾਰਾਂ ਦੀ ਬਣਦੀ ਹੈ। ਕਈ ਪਤੰਗਾਂ ਕੇਵਲ ਇਕ ਹੀ ਰੰਗ ਦੇ ਕਾ.ਗਜ਼ ਦੀਆਂ ਅਤੇ ਕਈ ਅਨੇਕਾਂ ਰੰਗਾਂ ਦੇ ਕਾ.ਗਜ਼ਾਂ ਦੀਆਂ ਬਣਾਈਆਂ ਜਾਂਦੀਆਂ ਹਨ ਜੋ ਮੱਲੋ ਮੱਲੀ ਧਿਆਨ ਆਪਣੇ ਵੱਲ ਖਿੱਚਦੀਆਂ ਹਨ। ਪਤੰਗ ਨੂੰ ਗੁੱਡੀ ਵੀ ਕਿਹਾ ਜਾਂਦਾ ਹੈ। ਕਈ ਗੀਤਾਂ ਵਿਚ ਵੀ ਪਤੰਗ ਦਾ ਜ਼ਿਕਰ ਆਉਂਦਾ ਹੈ; ਹਰਸ਼ ਦੇ ਪ੍ਰਤੀਕ ਵੱਜੋਂ ਉੱਚੀ ਉਡਦੀ ਪਤੰਗ ਅਤੇ ਸੌਗ ਵਜੋਂ ਕੱਟੀ ਪਤੰਗ।

ਸਧਾਰਣ ਡੋਰ : ਇਹ ਪਾਣੀ ਵਿਚ ਉਬਾਲ ਕੇ ਪਿਘਲਾਏ ਗਏ ਸਰੇਸ਼ ਅਤੇ ਪੀਸੇ ਹੋਏ ਕੰਚ ਦੇ ਪਾਉਡਰ ਦੇ ਘੋਲ ਵਿਚ ਸੂਤ ਦੀਆਂ ਕਈ ਪਰਤਾਂ ਵਾਲੇ ਧਾਗੇ ਦੀ ਗੀਲ ਨੂੰ ਡੁਬੋ ਕੇ, ਉਸ ਧਾਗੇ ਦਾ ਤੇਜ਼ ਧੁੱਪ ਵਿੱਚ ਦੋ ਦਰਖ਼ਤਾਂ ਆਦਿ ਦੇ ਆਲੇ ਦੁਆਲੇ ਤਾਣਾ ਤਣ ਕੇ ਅਤੇ ਸੁਕਾ ਕੇ ਤਿਆਰ ਕੀਤੀ ਜਾਂਦੀ ਹੈ। ਇਸ ਤਰ੍ਹਾਂ ਤਿਆਰ ਡੋਰ ਨੂੰ ਵਰਤੋਂ ਵਿਚ ਲਿਆਉਣ ਲਈ ਜਾਂ ਤਾਂ ਉਸਦਾ ਗੋਲਾ (ਪਿੰਨਾ) ਬਣਾ ਲਿਆ ਜਾਂਦਾ ਹੈ ਤੇ ਜਾਂ ਫੇਰ ਉਸਨੂੰ ਚਰਖੜੀ ਤੇ ਲਪੇਟ ਕੇ ਸਾਂਭਿਆ ਜਾਂਦਾ ਹੈ।

ਚਾਈਨਾ ਡੋਰ : ਇਹ ਇਕ ਨਕਲੀ ਤੌਰ ਤੇ ਬਣਾਏ, ਪਲਾਸਟਿਕ ਵਾਂਗ ਲਿਫਣ ਵਾਲੇ ਪਦਾਰਥ ਦਾ ਧਾਗਾ ਹੈ ਜਿਸਨੂੰ ਜੇਕਰ ਤੋੜਨ ਲਈ ਖਿੱਚਣ ਦੀ ਕੋਸ਼ਿਸ਼ ਕਰੋ ਤਾਂ ਇਹ ਟੁੱਟਣ ਦੀ ਬਜਾਇ ਲਿਫਦਾ ਹੀ ਜਾਂਦਾ ਹੈ। ਇਸਦੇ ਅਜਿਹੇ ਪਦਾਰਥੀ ਗੁਣ ਕਾਰਣ ਇਸਨੂੰ ਪਤਗਾਂ ਉਡਾਉਣ ਲਈ ਡੋਰ ਦੇ ਰੂਪ ਵਿਚ ਵਰਤਿਆ ਜਾਣ ਲੱਗ ਪਿਆ ਹੈ ਕਿਉਂਕਿ ਇਸਦੀ ਵਰਤੋਂ ਕਰਨ ਵਾਲੇ ਦਾ ਪਤੰਗ ਜਲਦੀ ਜਲਦੀ ਨਹੀਂ ਕੱਟਿਆ ਜਾ ਸਕਦਾ ਜਦੋਂ ਕਿ ਚਾਈਨਾ ਡੋਰ ਨਾਲ ਉਡਾਈ ਜਾਣ ਵਾਲੀ ਪਤੰਗ ਨਾਲ ਸਧਾਰਣ ਡੋਰ ਨਾਲ ਉੱਡਦੇ ਪਤੰਗਾਂ ਨੂੰ ਬੜੀ ਆਸਾਨੀ ਨਾਲ ਕੱਟਿਆ ਜਾ ਸਕਦਾ ਹੈ।

ਪਤੰਗਬਾਜ਼ੀ : ਪਤੰਗ ਨੂੰ ਡੋਰ ਦੀ ਸਹਾਇਤਾ ਨਾਲ ਹਵਾ ਦੇ ਰੁੱਖ ਵੱਲ ਉਡਾਉਣਾ ਅਤੇ ਪੇਚਾ ਲੜਾਉਣਾ ਪਤੰਗਬਾਜ਼ੀ ਅਖਵਾਉਂਦਾ ਹੈ। ਪਤੰਗਬਾਜ਼ੀ ਆਪਣੇ ਆਪ ਵਿਚ ਇਕ ਮੁਕਾਬਲੇ ਵਜੋਂ ਹੀ ਜਾਣੀ ਜਾਂਦੀ ਹੈ। ਜ਼ਿਆਦਾ ਉੱਚੀ ਉਡਣ ਵਾਲੀ ਪਤੰਗ, ਜ਼ਿਆਦਾ ਵੱਡੇ ਅਕਾਰ ਦੀ ਪਤੰਗ, ਜ਼ਿਆਦਾ ਦੇਰ ਅਕਾਸ਼ ਵਿਚ ਟਿਕੀ ਰਹਿਣ ਵਾਲੀ ਪਤੰਗ, ਜ਼ਿਆਦਾ ਤੋਂ ਜ਼ਿਆਦਾ ਪਤੰਗਾਂ ਨੂੰ ਕੱਟਣ ਵਾਲੀ ਪਤੰਗ ਆਦਿ ਨੂੰ ਉੱਤਮ ਮੰਨਿਆ ਜਾਂਦਾ ਹੈ ਅਤੇ ਉਸਨੂੰ ਉਡਾਉਣ ਵਾਲੇ ਦੀ ਪਤੰਗਬਾਜ਼ੀ ਦੇ ਇਲਾਕੇ ਵਿਸੇਸ਼ ਵਿਚ ਪੈਠ ਬਣ ਜਾਂਦੀ ਹੈ। ਅਸਲ ਵਿਚ ਪਤੰਗਬਾਜ਼ੀ ਕਿਸੇ ਨਾ ਕਿਸੇ ਰੂਪ ਵਿਚ, ਆਪ ਮੁਹਾਰੀ ਇਕ ਮੁਕਾਬਲਾ ਹੀ ਹੁੰਦੀ ਹੈ। ਜਦੋਂ ਕਿਸੇ ਪਤੰਗਬਾਜ਼ ਦੀ ਪਤੰਗ ਕਿਸੇ ਦੂਸਰੇ ਪਤੰਗਬਾਜ਼ ਦੀ ਪਤੰਗ ਨਾਲ ਪੇਚਾ ਲੜਾ ਕੇ ਉਸਨੂੰ ਕੱਟ ਦਿੰਦੀ ਹੈ ਤਾਂ



ਉਸ ਪਲ਼ ਨੂੰ ਉਤਸ਼ਾਹ ਅਤੇ ਖ਼ੁਸ਼ੀ ਵੱਜੋਂ ਜ਼ਾਹਿਰ ਕਰਨ ਲਈ ਆਈ-ਬੋ, ਬੋ-ਕਾਟਾ, ਚੱਕ ਓਏ, ਉਹ ਗਈ ਓਏ, ਕੱਟ ਦਿੱਤੀ ਓਏ ਆਦਿ ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਕਿਸੇ ਵੇਲੇ ਤਾਂ ਜਿੱਤ ਦਾ ਪ੍ਰਗਟਾਵਾ ਕਰਦੀਆਂ ਇਹ ਆਵਾਜ਼ਾਂ ਸਾਧਾਰਣ ਤਰੀਕੇ ਨਾਲ ਕੱਢੀਆਂ ਜਾਂਦੀਆਂ ਸਨ ਪਰ ਅਜਕਲ ਇਨ੍ਹਾ ਕੰਮਾਂ ਲਈ ਲਾਉਡਸਪੀਕਰਾਂ ਦੀ ਵਰਤੋਂ ਬਹੁਤਾਤ ਵਿਚ ਹੋਣ ਲਗ ਪਈ ਹੈ।

ਜਿੱਤਣ ਦੀ ਲਾਲਸਾ ਹਰ ਜੀਅ ਵਿਚ ਬੜੀ ਤੀਬਰ ਗਤਿ ਨਾਲ ਪਰਿਪੱਕ ਹੁੰਦੀ ਹੈ ਅਤੇ ਕੋਈ ਵੀ ਜੀਅ ਹਾਰਨਾ ਪਸੰਦ ਨਹੀਂ ਕਰਦਾ। ਸ਼ਾਇਦ ਇਹੋ ਕਾਰਣ ਹੈ ਕਿ ਕੋਈ ਵੀ ਪਤੰਗਬਾਜ਼ ਇਹ ਨਹੀਂ ਚਾਹੁੰਦਾ ਕਿ ਕੋਈ ਹੋਰ ਪਤੰਗ ਉਸਦੀ ਪਤੰਗ ਨੂੰ ਕੱਟ ਦਵੇ ਸਗੋਂ ਹਰ ਕੋਈ ਇਹੋ ਚਾਹੁੰਦਾ ਹੈ ਕਿ ਉਸਦੀ ਗੁੱਡੀ ਹਮੇਸ਼ਾਂ ਅਕਾਸ਼ ਤੇ ਚੜ੍ਹੀ ਰਹੇ ਅਤੇ ਕੋਈ ਹੋਰ ਪਤੰਗ ਉਸਦੀ ਪਤੰਗ ਦੇ ਮੁਕਾਬਲੇ ਵਿਚ ਨਾ ਟਿਕ ਸਕੇ। ਸ਼ਾਇਦ ਇਹੋ ਹੀ ਉਹ ਲਾਲਸਾਵਾਂ ਹਨ ਜਿਨ੍ਹਾ ਕਰਕੇ ਚਾਈਨਾ ਡੋਰ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ। ਇਸਦੀ ਵਰਤੋਂ ਦਾ ਬੱਸ ਇਹ ਇਕ ਇਹੋ ਹੀ ਫਾਇਦਾ ਹੈ, ਬਾਕੀ ਸਭ ਤਾਂ ਇਸਦੇ ਨੁਕਸਾਨ ਹੀ ਹਨ। ਇਹ ਸਧਾਰਣ ਡੋਰ ਨਾਲੋਂ ਮਹਿੰਗੀ ਹੈ ਅਤੇ ਬਸੰਤ ਵੇਲੇ ਤਾਂ ਬਲੈਕ ਵਿਚ ਹੀ ਮਿਲਦੀ ਹੈ। ਇਹ ਪਤੰਗ ਉਡਾਉਣ ਵਾਲੇ ਦੀਆਂ ਉਂਗਲਾਂ ਨੂੰ ਬੜੀ ਆਸਾਨੀ ਨਾਲ ਚੀਰ ਦਿੰਦੀ ਹੈ। ਇਹ ਇੰਨੀ ਘਾਤਕ ਹੈ ਕਿ ਪੰਛੀਆਂ ਦੇ ਪੈਰਾਂ, ਗਰਦਨਾਂ ਅਤੇ ਖੰਭਾਂ ਵਿਚ ਫੱਸ ਕੇ ਉਨ੍ਹਾ ਨੂੰ ਲਹੂ ਲੁਹਾਣ ਕਰ ਦਿੰਦੀ ਹੈ। ਗੁੱਛੇ ਵਾਂਗ ਉਲਝੀ ਇਸ ਡੋਰ ਨੂੰ ਜੇਕਰ ਕੋਈ ਜਾਨਵਰ .ਗਲਤੀ ਨਾਲ ਮੂੰਹ ਵਿਚ ਪਾ ਲੈਂਦਾ ਹੈ ਤਾਂ ਉਸਦੀ ਜੀਭ ਜ਼ਖ਼ਮੀ ਹੋ ਜਾਂਦੀ ਹੈ। ਸੜਕਾਂ ਤੇ ਜਾਂਦੇ ਇਨਸਾਨਾਂ ਦੇ ਇਸੇ ਚਾਈਨਾ ਡੋਰ ਨਾਲ ਮੱਥੇ, ਗਰਦਨਾ ਕੱਟਣ ਦੀਆਂ ਅਨੇਕਾਂ ਖ਼ਬਰਾਂ ਹਰ ਬਸੰਤ ਪੰਚਮੀਂ ਦੇ ਦਿਨਾ ਵਿਚ ਆਮ ਸੁਣਨ ਨੂੰ ਮਿਲਦੀਆਂ ਹਨ ਜੋ ਬਸੰਤ ਦੀ ਸੁਹਾਵਣੀ ਰੁੱਤ ਵਿਚ ਰੱਤ ਘੋਲਣ ਅਤੇ ਉਸਨੂੰ ਆਨੰਦ 'ਚੋਂ ਕੱਢ ਕੇ ਸ਼ੋਕ ਵਿਚ ਡੁਬਾਉਣ ਦਾ ਕੰਮ ਕਰਦੀਆਂ ਹਨ। ਇਕ ਸਰਕਾਰੀ ਡਿਸਪੈਂਸਰੀ ਵਿਚ ਤੈਨਾਤ ਡਾਕਟਰ ਮੈਡਮ ਨੇਂ ਦੱਸਿਆ ਕਿ ਇਸ ਵਰ੍ਹੇ ਲੰਘੀ ਬਸੰਤ ਵਾਲੇ ਦਿਨ ਤਕਰੀਬਨ ੩੦ ਕੇਸ ਅਜਿਹੇ ਆਏ ਜੋ ਚਾਈਨਾ ਡੋਰ ਨਾਲ ਫੱਟੜ ਹੋਣ ਵਾਲਿਆਂ ਦੇ ਸਨ। ਇਹ ਗਿਣਤੀ ਜੇਕਰ ਇਕ ਡਿਸਪੈਂਸਰੀ ਦੀ ਹੈ ਤਾਂ ਅੰਦਾਜ਼ਾ ਲਾਓ ਕਿ ਇਕ ਜਿਲ੍ਹੇ, ਇਕ ਰਾਜ ਜਾਂ ਪੂਰੇ ਦੇਸ਼ ਵਿਚ ਅਜਿਹੇ ਹਾਦਸਿਆਂ ਵਾਲੇ ਕਿੰਨੇ ਕੇਸ ਹੋਂਦ ਵਿਚ ਆਏ ਹੋਣਗੇ।

ਚਾਈਨਾ ਦੀ ਕਾਤਿਲ ਡੋਰ
ਢੋਕਲਾਮ ਵਿਖੇ
ਭਾਵੇਂ ਭਾਰਤੀ ਸੈਨਿਕਾਂ ਦੇ
ਆਤਮ-ਸਨਮਾਨ ਕੱਟੇ ਜਾਣ;
ਭਾਵੇਂ ਦੇਸ਼ੀ ਡੋਰ-ਉਤਪਾਦਕਾਂ ਦੇ
ਖੀਸੇ ਕੱਟੇ ਜਾਣ;
ਉਡਾਰੂਆਂ ਦੇ ਭਾਵੇਂ
ਉਂਗਲਾਂ ਜਾਂ ਪੋਟੇ ਕੱਟੇ ਜਾਣ;
ਭਾਵੇਂ ਘੱਟਦੇ ਦਰਖ਼ਤਾਂ ਦੇ
ਪੱਤੇ ਕੱਟੇ ਜਾਣ;
ਪੰਛੀਆ ਦੇ ਭਾਵੇਂ
ਖੰਭ ਜਾਂ ਪੈਰ ਕੱਟੇ ਜਾਣ;
ਇੱਥੋਂ ਤੱਕ ਕਿ ਭਾਵੇਂ
ਸੜਕਾਂ ਤੋਂ ਲੰਘਦਿਆਂ ਦੇ ਮੱਥੇ
ਜਾਂ ਗਲੇ ਕੱਟੇ ਜਾਣ;
ਪਰ ਮੈਂ ਤਾਂ ਚਾਈਨਾ-ਡੋਰ ਹੀ ਵਰਤਾਂਗਾ
ਤਾਂ ਕਿ ਕਿਧਰੇ
ਮੇਰੇ ਪਤੰਗ ਨਾ ਕੱਟੇ ਜਾਣ।

ਵਿਉਪਾਰ ਦਾ ਇਹ ਅਸੂਲ ਹੈ ਕਿ ਉਸ ਵਸਤੂ ਦਾ ਉਤਪਾਦਨ ਅਤੇ ਵਿਉਪਾਰ ਵੱਧ ਜਾਂਦਾ ਹੈ ਜਿਸਦੀ ਬਜ਼ਾਰ ਵਿਚ ਜ਼ਿਆਦਾ ਮੰਗ ਹੋ ਜਾਂਦੀ ਹੈ। ਲੋਕ ਆਪਣੇ ਇਕ ਦੋ ਦਿਨਾ ਜਾਂ ਕੁਝ ਘੰਟਿਆਂ ਦੇ ਆਨੰਦ ਖ਼ਾਤਿਰ ਦੂਜਿਆਂ ਲਈ ਘਾਤਕ ਸਾਬਿਤ ਹੋਣ ਵਾਲੀਆਂ ਵਸਤਾਂ ਦੇ ਇਸਤੇਮਾਲ ਕਰਨੋਂ ਵੀ .ਗੁਰੇਜ਼ ਨਹੀਂ ਕਰਦੇ। ਚਾਈਨਾ ਡੋਰ ਬਾਜ਼ਾਰ ਵਿਚ ਆਉਂਦੀ ਅਤੇ ਵਿਕਦੀ ਤਾਹੀਓਂ ਹੈ ਕਿਉਂਕਿ ਅਸੀਂ ਉਸਦੀ ਮੰਗ ਵੀ ਕਰਦੇ ਹਾਂ ਅਤੇ ਵਰਤੋਂ ਵੀ। ਪਤੰਗਬਾਜ਼ੀ ਦੇ ਸ਼ੌਕੀਨ ਚਾਈਨਾ ਡੋਰ ਦੀ ਮੰਗ ਕਰਦੇ ਹਨ ਅਤੇ ਉਸ ਤੋਂ ਬਿਨਾ ਪਤੰਗਬਾਜ਼ੀ ਨੂੰ ਫਿੱਕਾ ਮੰਨਦੇ ਹਨ। ਨਿਯਮ ਜੋ ਮਰਜ਼ੀ ਬਣਾਏ ਜਾਣ ਪਰ ਇਨ੍ਹਾ ਨਿਯਮਾਂ ਨੂੰ ਤੋੜ ਮਰੋੜ ਕੇ ਅਜਿਹੀਆਂ ਘਾਤਕ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ ਧੜੱਲੇ ਨਾਲ ਚਲਦੀ ਰਹਿੰਦੀ ਹੈ। ਕਿਸੇ ਨਾਗਰਿਕ ਲਈ ਕੋਈ ਨਿਯਮ, ਕੋਈ ਕਾਇਦਾ ਉਦੋਂ ਤੀਕ ਇਕ ਬੰਦਿਸ਼, ਇਕ ਬੋਝ ਹੀ ਜਾਪਦਾ ਹੈ ਜਦੋਂ ਤੀਕ ਉਸ ਕਾਨੂੰਨ ਦੇ ਪ੍ਰਤੀ ਉਸ ਨਾਗਰਿਕ ਦੀ ਸੰਵੇਦਨਸ਼ੀਲਤਾ, ਸਨਮਾਨ ਦੀ ਭਾਵਨਾ ਜਾਂ ਅੰਦਰੂਨੀ ਸਹੀ ਇੱਛਾਸ਼ਕਤੀ ਜਾਗਰਿਤ ਨਹੀਂ ਹੁੰਦੀ। ਚੰਚਲ ਮਨ ਤਾਂ ਵਹਿੰਦੇ ਪਾਣੀ ਵਰਗਾ ਹੁੰਦਾ ਹੈ ਜੋ ਰੁਕੇ ਤਾਂ ਮਿੱਟੀ ਦੇ ਨੱਕਿਆਂ ਨਾਲ ਹੀ ਰੁਕ ਜਾਵੇ ਤੇ ਜੇਕਰ ਨਾ ਰੁਕੇ ਤਾਂ ਕੰਕਰੀਟ ਦੇ ਮਜ਼ਬੂਤ ਬੰਨ੍ਹਾਂ ਨੂੰ ਵੀ ਤੋੜ ਕੇ ਅਗਾਂਹ ਵੱਧ ਜਾਵੇ। ਪਰ ਸਾਡੇ ਮਨ ਤਾਂ ਲਗਦਾ ਹੈ ਕਿ ਸਾਰੇ ਹੱਦਾਂ ਬੰਨ੍ਹੇਂ ਤੋੜਨ ਲਈ ਹਮੇਸ਼ਾਂ ਹੀ ਤਿਆਰ ਬਰ ਤਿਆਰ ਰਹਿੰਦੇ ਹਨ ਭਾਵੇਂ ਇਸ ਦੇ ਹਰਜ਼ਾਨੇ ਵਜੋਂ ਕਈਆਂ ਦੀਆਂ ਜਾਨਾਂ ਹੀ ਕਿਉਂ ਨਾ ਚਲੀਆਂ ਜਾਣ। ਹੋਰ ਜੋ ਮਰਜ਼ੀ ਮਾੜਾ ਹੋ ਜਾਵੇ ਪਰ ਕਿਧਰੇ ਮੇਰੇ ਪਤੰਗ ਨਾ ਕੱਟੇ ਜਾਣ।

ਸੁਨੀਲ ਕੁਮਾਰ ਨੀਲ
94184-70707
NannuNeel77@gmail.com
ਸੰਗਰੂਰ




# ਦਇਆ ਤੇ ਦ੍ਰਿੜ੍ਹਤਾ ਦੀ ਸਾਕਾਰ ਮੂਰਤ

# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

## 1630 - 1661

ਗੁਰਮਤਿ ਵਿਚਾਰਧਾਰਾ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਹੈ। ਸਾਰੇ ਗੁਰੂ ਸਾਹਿਬਾਨ ਜੀ ਦੇ ਜੀਵਨ ਸਾਰੀ ਲੋਕਾਈ ਲਈ ਪ੍ਰੇਰਨਾ-ਸਰੋਤ ਹਨ। ਸਿੱਖੀ ਦਾ ਮੁੱਖ ਉਦੇਸ਼ ਹੀ ਸਮਾਜ ਦੀਆਂ ਸਮੱਸਿਆਵਾਂ ਨੂੰ ਸਾਵਾਂ-ਪੱਧਰਾ ਬਣਾ ਕੇ ਇਕ ਨਿਵੇਕਲੀ ਜੀਵਨ-ਜਾਚ ਸਿਖਾਉਣਾ ਹੈ। ਗੁਰੂ ਸਾਹਿਬਾਨ ਜੀ ਨੇ ਇਸ ਧਰਤੀ 'ਤੇ ਫੈਲੇ ਅਵਿੱਦਿਆ ਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਸਾਰੇ ਸੰਭਵ ਯਤਨ ਕੀਤੇ। ਸਤਵੇਂ ਪਾਤਸ਼ਾਹ ਸਤਿਗੁਰੂ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਜੀਵਨ, ਸੰਸਾਰ ਨੂੰ ਦਇਆ ਤੇ ਦ੍ਰਿੜ੍ਹਤਾ ਵਿੱਚੋਂ ਜੀਵਨ-ਮੰਤਵ ਨੂੰ ਸਮਝਣ ਲਈ ਪ੍ਰੇਰਨਾ ਦਿੰਦਾ ਹੈ। ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ ਗੰਜਨਾਮਾ ਅੰਦਰ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਬਾਬਤ ਲਿਖਿਆ ਹੈ ਕਿ ਗੁਰੂ ਹਰਿ ਰਾਇ ਸੱਚ ਦੇ ਪਾਲਣਹਾਰੇ ਵੀ ਹਨ ਤੇ ਸੱਚ ਦੇ ਧਾਰਨੀ ਵੀ। ਗੁਰੂ ਕਰਤਾ ਹਰਿ ਰਾਇ ਸੁਲਤਾਨ ਵੀ ਹੈ ਤੇ ਦਰਵੇਸ਼ ਵੀ। ਗੁਰੂ ਕਰਤਾ ਹਰਿ ਰਾਇ ਦੋਹਾਂ ਜਹਾਨਾਂ ਦੀ ਬਖਸ਼ਿਸ਼ ਕਰਨ ਵਾਲਾ ਹੈ। ਗੁਰੂ ਕਰਤਾ ਹਰਿ ਰਾਇ ਲੋਕ-ਪਰਲੋਕ ਦੋਹਾਂ ਜਹਾਨਾਂ ਦਾ ਸਰਦਾਰ ਹੈ:

ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ।
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ ॥੮੭॥
ਫ਼ਯਾਜ਼ੁਲ ਦਾਰੈਨ ਗੁਰੂ ਕਰਤਾ ਹਰਿ ਰਾਇ।
ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ ॥੮੮॥

ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਸਤਵੇਂ ਪਾਤਸ਼ਾਹ ਜੀ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਨਾਮ ਧਿਆਇਆਂ ਪਾਪ ਨੱਸ ਜਾਂਦੇ ਹਨ। ਤਾਂ ਤੇ ਹੇ ਮੇਰੇ ਮਨ! ਉਨ੍ਹਾਂ ਦੇ ਸ੍ਰੇਸ਼ਟ ਚਰਨਾਂ ਨੂੰ ਪ੍ਰਣਾਮ ਕਰ, ਜਿਸ ਤੋਂ ਤੂੰ ਰੂਹਾਨੀ ਭਗਤੀ ਪ੍ਰਾਪਤ ਕਰੇਂ -

ਸ੍ਰੀ ਸਤਿਗੁਰ ਹਰਿਰਾਇ ਕੇ ਨਾਇ ਧ ?ਇਏ ਅਘ ਜਾਂਇ।
ਕਰਿ ਪਦ ਪਰ ਪਰਣਾਮ ਕੋ, ਜਿਹ ਤੇ ਨਿਧਿ ਸਿਧਿ ਆਇ ॥੧੭॥
(ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ ੧, ਪੰਨਾ ੩੮)

ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਦਇਆ, ਦ੍ਰਿੜ੍ਹਤਾ ਤੇ ਸਹਿਜ ਵਰਗੇ ਮਹਾਨ ਤੇ ਸ੍ਰੇਸ਼ਟ ਗੁਣਾਂ ਦੀ ਧਾਰਨੀ ਹੈ। ਅਸੀਂ ਆਪਣੇ ਜੀਵਨ ਵਿਚ ਵੇਖਦੇ ਹਾਂ ਕਿ ਜਿਸ ਮਨੁੱਖ ਵਿਚ ਵਧੇਰੇ ਗੁਣ ਹੁੰਦੇ ਹਨ, ਉਹ ਸੰਸਾਰ ਦੀਆਂ ਸੁੱਚੀਆਂ ਨਜ਼ਰਾਂ ਦਾ ਪਾਤਰ ਬਣਦਾ ਹੈ। ਉਹ ਸ਼ਖ਼ਸੀਅਤ ਕਿੰਨੀ ਲਾਸਾਨੀ ਤੇ ਅਨੂਪਮ ਹੋਵੇਗੀ, ਜਿਸ ਵਿਚ ਦਇਆ ਸੀ, ਸਹਿਜ ਵਿਚ ਵਿਚਰਨਾ ਜਿਸ ਦਾ ਸੁਭਾਅ ਸੀ ਅਤੇ ਦ੍ਰਿੜ੍ਹਤਾ ਵਰਗਾ ਗੁਣ ਜਿਸ ਨੂੰ ਵਿਰਸੇ ਵਿੱਚੋਂ ਪ੍ਰਾਪਤ ਹੋਇਆ ਸੀ!

ਐਸੀ ਮਹਾਨ ਸ਼ਖ਼ਸੀਅਤ ਦਾ ਪਾਵਨ ਪ੍ਰਕਾਸ਼ ੧੯ ਮਾਘ, ਸੰਮਤ ਨਾਨਕਸ਼ਾਹੀ ੧੬੧ ਮੁਤਾਬਿਕ, ੧੬ ਜਨਵਰੀ ੧੬੩੦ ਈ. ਨੂੰ ਬਾਬਾ ਗੁਰਦਿੱਤਾ ਜੀ ਦੇ ਗ੍ਰਿਹਿ ਵਿਖੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਦੇ ਅਸਥਾਨ 'ਤੇ ਹੋਇਆ। ਬਾਬਾ ਗੁਰਦਿੱਤਾ ਜੀ, ਛੇਵੇਂ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ।

(ਗੁਰੂ) ਹਰਿ ਰਾਇ ਸਾਹਿਬ ਜੀ ਦਾ ਬਚਪਨ ਆਪਣੇ ਦਾਦਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਵਿਚ ਬੀਤਿਆ। ਦਾਦਾ ਗੁਰੂ ਜੀ ਦੀ ਸਰਪ੍ਰਸਤੀ ਹੇਠ ਗੁਰਬਾਣੀ ਅਤੇ ਗੁਰ ?ਇਤਿਹਾਸ ਦੀ ਸਿੱਖਿਆ ਪ੍ਰਾਪਤ ਕੀਤੀ। ਬਾਲਕ ਹਰਿ ਰਾਇ ਜੀ ਹਮੇਸ਼ਾ ਸ਼ਾਂਤੀ ਸਰੂਪ ਰਹੇ। ਆਪ ਦੀ ਕੋਮਲਤਾ ਅਤੇ ਸ਼ਾਂਤੀ ਦੀਆਂ ਸਾਖੀਆਂ ਬਹੁਤ ਪ੍ਰਸਿੱਧ ਹਨ ਜਿਨ੍ਹਾਂ 'ਚੋਂ ਇਕ ਦਾ ਬ੍ਰਿਤਾਂਤ ਇਉਂ ਲਿਖਿਆ ਮਿਲਦਾ ਹੈ। ਇਕ ਵਾਰ ਬਾਲਕ (ਗੁਰੂ) ਹਰਿ ਰਾਇ ਜੀ ਬਾਗ਼ ਦੀ ਸੈਰ ਕਰ ਰਹੇ ਸਨ ਕਿ ਅਚਾਨਕ ਇਕ ਖਿੜਿਆ ਹੋਇਆ ਫੁੱਲ ਆਪ ਦੇ ਜਾਮੇ ਨਾਲ ਅੜ ਕੇ ਜ਼ਮੀਨ 'ਤੇ ਡਿੱਗ ਪਿਆ। ਆਪ ਇਸ ਟੁੱਟੇ ਹੋਏ ਫੁੱਲ ਨੂੰ ਦੇਖ ਕੇ ਵੈਰਾਗ ਵਿਚ ਆਏ ਅਤੇ ਉਸ ਫੁੱਲ ਨੂੰ ਚੁੱਕ ਕੇ ਦੁਬਾਰਾ ਟਾਹਣੀ ਉੱਪਰ ਰੱਖਦੇ ਪਏ ਨੇ। ਪਰ ਟਾਹਣੀ ਅਤੇ ਫੁੱਲ ਦਾ ਟੁੱਟ ਚੁਕਾ ਸੰਬੰਧ ਨਾ ਜੁੜਦਾ ਤੱਕ ਕੇ ਬਹੁਤ ਰੋਸ ਪ੍ਰਗਟ ਕੀਤਾ। ਦਾਦਾ ਗੁਰੂ ਜੀ ਨੇ ਆਪ ਨੂੰ ਇਸ ਤਰ੍ਹਾਂ ਚਿੰਤਾਤੁਰ ਦੇਖ ਕੇ ਬਚਨ ਕੀਤਾ ਕਿ ਜਦੋਂ ਵਾਹਿਗੁਰੂ ਇਤਨਾ ਵੱਡਾ ਜਾਮਾ ਬਖਸ਼ੇ ਤਾਂ ਉਸ ਨੂੰ ਸੰਭਾਲ ਕੇ ਚੱਲਣਾ ਚਾਹੀਦਾ ਹੈ। ਇਸ ਗੁੱਝੀ ਰਮਜ਼ ਨੂੰ ਆਪ ਜੀ ਨੇ ਸਮਝ ਲਿਆ ਅਤੇ ਅੰਤ ਤਕ ਨਿਭਾਇਆ।

ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਆਪਣੇ ਪੁੱਤਰਾਂ, ਸਿੱਖਾਂ ਤੇ ਪੋਤਰਿਆਂ ਵਿੱਚੋਂ (ਗੁਰੂ) ਹਰਿਰਾਇ ਜੀ ਨੂੰ ਯੋਗ ਸਮਝਿਆ। ਆਪ ਜੀ ਦੀ ਉਮਰ ੧੪ ਸਾਲ ਦੀ ਸੀ ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸੰਮਤ ਨਾਨਕਸ਼ਾਹੀ ੧੭੬ ਮੁਤਾਬਿਕ, ੧੬੪੪ ਈ. ਨੂੰ ਗੁਰਿਆਈ (ਗੁਰੂ) ਹਰਿਰਾਇ ਜੀ ਨੂੰ ਸੌਂਪ ਗਏ ਸਨ। ਬਾਬਾ ਬੁੱਢਾ ਜੀ ਦੇ ਪੁੱਤਰ ਭਾਈ ਭਾਨਾ ਜੀ ਨੇ ਸਤਵੇਂ ਪਾਤਸ਼ਾਹ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ।

ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਆਪ ਜੀ ਨੇ ਅਨੁਭਵ ਕਰ ਲਿਆ ਕਿ ਗੁਰੂ ਨਾਨਕ ਸਾਹਿਬ ਦਾ ਸਰਬ-ਸਾਂਝੀਵਾਲਤਾ ਦਾ ਸੁਨੇਹਾ ਘਰ-ਘਰ ਪਹੁੰਚਾਉਣਾ ਹੈ। ਉਨ੍ਹਾਂ ਪੰਜਾਬ ਤੋਂ ਬਾਹਰ ਗੁਰਸਿੱਖੀ ਦੇ ਪ੍ਰਚਾਰ ਲਈ ਭਰਪੂਰ ਯਤਨ ਕੀਤੇ। ਸਿੱਖੀ ਦੇ ਪ੍ਰਚਾਰਕਾਂ ਨਾਲ ਆਪਣੇ ਸੰਬੰਧ ਵਧੇਰੇ ਪ੍ਰੇਮਮਈ ਬਣਾ ਕੇ ਦੁਆਬੇ ਤੇ ਮਾਲਵੇ ਵਿਚ ਸਿੱਖੀ ਹੋਰ ਪ੍ਰਫੁੱਲਤ ਕੀਤੀ। ਇਕ ਵੈਰਾਗੀ ਸਾਧੂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਪ੍ਰੇਰਿਆ। ਉਸ ਸਾਧੂ ਦਾ ਨਾਂ 'ਭਗਤ ਭਗਵਾਨ' ਰੱਖਿਆ। ਇਹ ਸਾਧੂ ਸਿੱਖੀ ਦਾ ਬੜਾ ਵੱਡਾ ਪ੍ਰਚਾਰਕ ਬਣ ਕੇ ਵਿਚਰਿਆ। ਕੀਰਤਪੁਰ ਸਾਹਿਬ ਵਿਖੇ ਹੀ ਭਾਈ ਸੰਗਤੀਆ ਗੁਰੂ ਸਾਹਿਬ ਜੀ ਦੇ ਸੰਪਰਕ ਵਿਚ ਆਇਆ, ਜਿਸ ਦਾ ਨਵਾਂ ਨਾਂ ਭਾਈ ਫੇਰੂ ਜੀ ਰੱਖ ਕੇ ਦੁਆਬੇ ਵਿਚ ਪ੍ਰਚਾਰ ਲਈ ਭੇਜਿਆ। ਭਾਈ ਗੋਂਦੇ ਨੂੰ ਕਾਬਲ ਵਿਚ ਪ੍ਰਚਾਰ ਲਈ ਭੇਜਿਆ।

ਆਪ ਜੀ ਨੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਗਰੀਬਾਂ, ਅਨਾਥਾਂ ਤੇ ਲੋੜਵੰਦਾਂ ਲਈ ਲੰਗਰ ਚਲਾਏ ਜਾਣ ਤਾਂ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਆਦੇਸ਼ ਵੰਡ ਛਕਣ ਦੀ ਰੀਤ ਚੱਲਦੀ ਰਹੇ। ਆਪ ਜੀ ਬਚਨ ਕਰਦੇ ਸਨ ਕਿ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ; ਭਾਵ ਜੋ ਸ਼ਰਧਾ ਸਹਿਤ ਲੋੜਵੰਦ ਪ੍ਰਾਣੀ ਦੀ ਸੇਵਾ ਕਰੇਗਾ, ਸੋ ਗੁਰੂ-ਘਰ ਵਿਚ ਪ੍ਰਵਾਨ ਹੋਵੇਗਾ। ਗੁਰੂ ਸਾਹਿਬ ਜੀ ਨੇ ਸਿੱਖੀ ਨੂੰ ਵਿਰਸੇ ਵਿਚ ਮਿਲੀ ਸੰਗਤ ਤੇ ਪੰਗਤ ਨੂੰ ਨਵਾਂ ਰੂਪ ਦਿੱਤਾ।

ਜਿੱਥੇ ਆਪ ਜੀ ਲੋੜਵੰਦਾਂ, ਗਰੀਬਾਂ ਤੇ ਅਨਾਥਾਂ ਨੂੰ ਗੁਰੂ ਕੇ ਲੰਗਰ ਅਤੇ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ, ਉਥੇ ਆਪ ਜੀ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਹਰ ਰੋਗੀ ਨੂੰ ਇਸ ਦਵਾਖਾਨੇ ਵਿੱਚੋਂ ਹਰ ਵੇਲੇ ਦਵਾਈ ਮੁਫ਼ਤ ਮਿਲਦੀ ਸੀ। ਦਿੱਲੀ ਦੇ ਬਾਦਸ਼ਾਹ ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਵਿਰੋਧੀਆਂ ਵੱਲੋਂ ਧੋਖੇ ਨਾਲ ਰਾਜਗੱਦੀ ਦੀ ਲਾਲਸਾ ਅਧੀਨ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਇਕ ਵਾਲ ਖਵਾ ਦਿੱਤਾ ਗਿਆ ਸੀ, ਜਿਸ ਨਾਲ ਉਹ ਬੀਮਾਰ ਹੋ ਗਿਆ। ਵੈਦਾਂ, ਹਕੀਮਾਂ ਨੇ ਇਕ ਖਾਸ ਕਿਸਮ ਤੇ ਖਾਸ ਵਜ਼ਨ ਦੇ ਲੌਂਗ, ਹਰੜਾਂ ਤੇ ਗਜਮੋਤੀ, ਦਵਾਈ ਲਈ ਤਜਵੀਜ਼ ਕੀਤੇ। ਮੁਗ਼ਲ ਬਾਦਸ਼ਾਹ ਨੇ ਸਾਰੇ ਦੇਸ਼ ਵਿੱਚੋਂ ਇਨ੍ਹਾਂ ਵਸਤਾਂ ਦਾ ਪਤਾ ਕਰਵਾਇਆ ਪਰ ਇਹ ਚੀਜ਼ਾਂ ਗੁਰੂ-ਘਰ ਦੇ ਸ਼ਫ਼ਾਖਾਨੇ ਤੋਂ ਬਿਨਾਂ ਹੋਰ ਕਿਤਿਉਂ ਵੀ ਨਾ ਮਿਲੀਆਂ। ਦਾਰਾ ਸ਼ਿਕੋਹ ਇਥੋਂ ਦੀ ਦਵਾਈ ਨਾਲ ਰਾਜ਼ੀ ਹੋ ਗਿਆ। ਉਸ ਨੇ ਕੀਰਤਪੁਰ ਸਾਹਿਬ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਜਿੱਥੇ ਆਪ ਦਇਆ, ਸ਼ਾਂਤੀ ਅਤੇ ਕੋਮਲਤਾ ਦੇ ਭੰਡਾਰ ਸਨ, ਉਥੇ ਦ੍ਰਿੜ੍ਹਤਾ ਅਤੇ ਵਿਸ਼ਵਾਸ ਦੇ ਭੀ ਪਹਿਰੇਦਾਰ ਰਹੇ। ਗੁਰਬਾਣੀ ਦਾ ਸਤਿਕਾਰ ਕਾਇਮ ਰੱਖਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਤਪਰ ਰਹਿੰਦੇ ਸਨ। ਇਕ ਵਾਰ ਸਤਿਗੁਰੂ ਜੀ ਆਪਣੇ ਪਲੰਘ 'ਤੇ ਆਰਾਮ ਕਰ ਰਹੇ ਸਨ ਕਿ ਬਾਹਰੋਂ ਕੁਝ ਸੰਗਤਾਂ ਢੋਲਕੀ, ਛੈਣਿਆਂ ਨਾਲ ਗੁਰਬਾਣੀ ਦੇ ਸ਼ਬਦ ਗਾਇਨ ਕਰਦੀਆਂ ਆ ਰਹੀਆਂ ਸਨ। ਜਦੋਂ ਕੀਰਤਨ ਦੀ ਆਵਾਜ਼ ਅਚਾਨਕ ਸਤਿਗੁਰੂ ਜੀ ਦੇ ਕੰਨੀਂ ਪਈ ਤਾਂ ਬਹੁਤ ਕਾਹਲੀ ਨਾਲ ਆਪਣੇ ਪਲੰਘ ਤੋਂ ਉੱਠੇ ਤਾਂ ਠੋਕਰ ਲੱਗਣ ਕਰਕੇ ਆਪ ਦੇ ਪੈਰ 'ਤੇ ਜ਼ਖ਼ਮ ਹੋ ਗਿਆ, ਖ਼ੂਨ ਵਗਣ ਲੱਗ ਪਿਆ ਪਰ ਆਪ ਬਾਣੀ ਅਤੇ ਸੰਗਤ ਦੇ ਸਤਿਕਾਰ ਲਈ ਅਡੋਲ ਖੜ੍ਹੇ ਰਹੇ। ਕੀਰਤਨ ਦੀ ਸਮਾਪਤੀ ਹੋਣ ਤੋਂ ਬਾਅਦ ਜਦੋਂ ਸੰਗਤਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠ ਗਈਆਂ, ਫਿਰ ਹੀ ਆਪ ਨੇ ਜ਼ਖ਼ਮ ਵੱਲ ਧਿਆਨ ਦਿੱਤਾ।

ਜਦੋਂ ਸ਼ਾਹਜਹਾਨ ਦੇ ਪੁੱਤਰਾਂ ਵਿਚ ੧੬੫੭ ਈ. ਨੂੰ ਦਿੱਲੀ ਦੇ ਤਖ਼ਤ ਲਈ ਆਪਸੀ ਲੜਾਈ ਹੋਈ ਤਾਂ ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਲਾਹੌਰ ਵੱਲ ਨੂੰ ਦੌੜਿਆ। ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸ ਦੇ ਮਗਰ ਫੌਜ ਭੇਜੀ। ਦਾਰਾ ਸ਼ਿਕੋਹ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੋਇੰਦਵਾਲ ਸਾਹਿਬ ਵਿਚ ਮਿਲਿਆ ਤੇ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਦਾਰਾ ਸ਼ਿਕੋਹ ਨੂੰ ਗੁਰੂ ਜੀ ਨੇ ਧੀਰਜ ਦਿੱਤਾ, ਪ੍ਰਸ਼ਾਦ ਛਕਾਇਆ ਤੇ ਵਿਦਾ ਕੀਤਾ। ਆਪ ੨੨੦੦ ਸੂਰਬੀਰ ਨਾਲ ਲੈ ਕੇ ਬਿਆਸ ਦਰਿਆ ਦੇ ਕੰਢੇ 'ਤੇ ਜਾ ਖਲੋਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਨੇ ਫੌਜ ਨੂੰ ਇਕ ਦਿਨ ਦਰਿਆ ਪਾਰ ਕਰਨੋਂ ਰੋਕ ਲਿਆ। ਉਤਨੇ ਚਿਰ ਨੂੰ ਦਾਰਾ ਸ਼ਿਕੋਹ ਸੁਰੱਖਿਅਤ ਥਾਂ 'ਤੇ ਜਾ ਪੁੱਜਾ। ਇਸ ਗੱਲ ਦਾ ਪਤਾ ਬਾਅਦ ਵਿਚ ਔਰੰਗਜ਼ੇਬ ਨੂੰ ਵੀ ਲੱਗ ਗਿਆ।

ਇਧਰ ਧੀਰਮੱਲ ਦੇ ਅੰਦਰ ਗੁਰਗੱਦੀ ਪ੍ਰਾਪਤ ਕਰਨ ਦਾ ਲਾਲਚ ਹੋਰ ਵਧ ਗਿਆ। ਉਹ ਪਹਿਲਾਂ, ਪਹਿਲੇ ਬਾਦਸ਼ਾਹ ਸ਼ਾਹਜਹਾਨ ਨੂੰ ਵੀ ਚਿੱਠੀਆਂ ਲਿਖ ਕੇ ਭੇਜਦਾ ਰਿਹਾ ਸੀ ਕਿ ਛੇਵੇਂ ਗੁਰੂ ਜੀ ਨੇ ਉਸ ਦਾ ਗੁਰਤਾ-ਗੱਦੀ ਦਾ ਹੱਕ ਮਾਰ ਕੇ ਗੱਦੀ ਉਸ ਦੇ ਛੋਟੇ ਭਰਾ ਨੂੰ ਦੇ ਦਿੱਤੀ ਹੈ। ਜਦੋਂ ੧੬੬੦ ਈ. ਵਿਚ ਔਰੰਗਜ਼ੇਬ ਦੇ ਬਾਦਸ਼ਾਹ ਹੋਣ ਦਾ ਐਲਾਨ ਹੋਇਆ ਤਾਂ ਧੀਰਮੱਲ ਨੇ ਫਿਰ ਨਵੇਂ ਸਿਰਿਉਂ ਬਾਦਸ਼ਾਹ ਕੋਲ ਦਰਖ਼ਾਸਤ ਲਿਖ ਭੇਜੀ ਕਿ ਕਾਨੂੰਨ ਦੀ ਸਹਾਇਤਾ ਨਾਲ ਉਸ ਨੂੰ ਉਸ ਦਾ ਹੱਕ ਦਿਵਾਇਆ ਜਾਵੇ। ਬਾਦਸ਼ਾਹ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਦਿੱਲੀ ਦਾ ਹੱਕ ਦਿਵਾਇਆ ਜਾਵੇ। ਬਾਦਸ਼ਾਹ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਦਿੱਲੀ ਵਿਖੇ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ ਪਰ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਦਿੱਲੀ ਭੇਜਿਆ, ਨਾਲ ਹੀ ਉਸ ਨੂੰ ਸਿੱਖਿਆ ਦਿੱਤੀ ਕਿ ਹਰ ਕਾਰਜ ਸਮੇਂ ਗੁਰੂ 'ਤੇ ਭਰੋਸਾ ਰੱਖਣਾ ਤੇ ਅੰਗ-ਸੰਗ ਸਮਝਣਾ।

ਰਾਮਰਾਇ ਬੜਾ ਚੁਸਤ ਤੇ ਹਾਜ਼ਰ-ਜੁਆਬ ਸੀ। ਗੁਰਬਾਣੀ ਤੇ ਗੁਰੂ-ਘਰ ਦੀ ਮਰਯਾਦਾ ਦੀ ਵੀ ਸੂਝ ਰੱਖਦਾ ਸੀ ਪਰ ਸ਼ਾਹੀ ਦਰਬਾਰ ਦੀ ਆਉ-ਭਗਤ ਤੇ ਸ਼ਾਨੋ-ਸ਼ੌਕਤ ਨੇ ਉਸ ਨੂੰ ਭਰਮਾ ਲਿਆ। ਉਸ ਨੂੰ ਗੁਰੂ-ਪਿਤਾ ਵੱਲੋਂ ਮਿਲੀ 'ਨਿਰਭਉ' ਤੇ 'ਨਿਰਵੈਰੁ' ਰਹਿਣ ਦੀ ਸਿੱਖਿਆ ਭੁੱਲ ਗਈ। ਹੰਕਾਰ ਵੱਸ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਕਰਾਮਾਤਾਂ ਵੀ ਵਿਖਾਈਆਂ। ਜਦੋਂ ਉਸ ਨੂੰ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ ?ਆਰ' ਦੇ ਅਰਥਾਂ ਬਾਰੇ ਪੁੱਛਿਆ ਤਾਂ ਉਸ ਨੇ ਸ਼ਾਹੀ ਡਰ ਤੇ ਲਾਲਚ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਉਚਾਰੀ ਹੋਈ ਤੁਕ 'ਮੁਸਲਮਾਨ' ਦੀ ਥਾਂ 'ਬੇਈਮਾਨ' ਉਚਾਰ ਕੇ ਬਦਲ ਦਿੱਤੀ, ਜਿਸ ਨਾਲ ਮੁਗ਼ਲ ਬਾਦਸ਼ਾਹ ਖ਼ੁਸ਼ ਹੋ ਗਿਆ। ਪਰ ਜਦੋਂ ਸਤਿਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਦੁਬਾਰਾ ਰਾਮਰਾਇ ਨੂੰ ਮੂੰਹ ਨਹੀਂ ਲਗਾਇਆ ਅਤੇ ਗੁਰਬਾਣੀ ਦੇ ਸਤਿਕਾਰ ਤੇ ਗੁਰਮਤਿ ਦੇ ਆਦਰਸ਼ ਤੋਂ ਪੁੱਤਰ ਪਿਆਰ ਨੂੰ ਕੁਰਬਾਨ ਕਰ ਦਿੱਤਾ। ਆਪ ਜੀ ਨੇ ਫ਼ੁਰਮਾਇਆ ਕਿ ਕਰਾਮਾਤਾਂ ਦਿਖਾਉਣ ਵਾਲੇ ਤੇ ਬਾਣੀ ਦਾ ਅਪਮਾਨ ਕਰਨ ਵਾਲੇ ਦਾ ਦਰਸ਼ਨ ਵੀ ਨਾ ਕੀਤਾ ਜਾਵੇ ਤੇ ਉਸ ਨਾਲ ਕਿਸੇ ਕਿਸਮ ਦਾ ਵਿਹਾਰ ਨਾ ਰੱਖਿਆ ਜਾਵੇ। ਅੱਜ ਵੀ ਗੁਰੂ ਕੇ ਸਿੱਖ ਨੂੰ ਰਾਮਰਾਈਏ ਨਾਲ ਰੋਟੀ-ਬੇਟੀ ਦੀ ਸਾਂਝ ਰੱਖਣ ਦਾ ਹੁਕਮ ਨਹੀਂ ਹੈ।

ਦਇਆ ਤੇ ਦ੍ਰਿੜ੍ਹਤਾ ਦੀ ਸਾਕਾਰ ਮੂਰਤ, ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਯੋਗ ਅਧਿਕਾਰੀ ਨੂੰ ਸੌਂਪਣ ਦਾ ਫੈਸਲਾ ਕੀਤਾ। ਗੁਰੂ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ, ਜਿਨ੍ਹਾਂ ਵਿਚ ਗੁਰਤਾ-ਗੱਦੀ ਨੂੰ ਸੰਭਾਲਣ ਦੀਆਂ ਯੋਗਤਾਵਾਂ ਮੌਜੂਦ ਸਨ, ਨੂੰ ਗੁਰਤਾ ਦਾ ਤਾਜ਼ ਪਹਿਨਾਇਆ। ਆਪ ੬ ਕੱਤਕ, ਸੰਮਤ ਨਾਨਕਸ਼ਾਹੀ ੧੯੩ ਮੁਤਾਬਿਕ, ੬ ਅਕਤੂਬਰ ੧੬੬੧ ਈ. ਨੂੰ ਜੋਤੀ-ਜੋਤਿ ਸਮਾ ਗਏ। ਗੁਰੂ ਜੀ ਦਾ ਅੰਤਮ ਸਸਕਾਰ ਪਤਾਲਪੁਰੀ, ਕੀਰਤਪੁਰ ਸਾਹਿਬ ਵਿਖੇ ਕੀਤਾ ਗਿਆ।

ਆਓ! ਸਤਿਗੁਰੂ ਜੀ ਦੇ ਬਖਸ਼ਿਸ਼ ਕੀਤੇ ਮਹਾਨ ਅਤੇ ਅਦੁੱਤੀ ਗੁਣਾਂ ਦਇਆ, ਸਹਿਜ, ਸ਼ਾਂਤੀ, ਦ੍ਰਿੜ੍ਹਤਾ ਤੇ ਪਰਉਪਕਾਰ ਆਦਿ ਦਾ ਅਮਲੀ ਜੀਵਨ 'ਚ ਸੰਚਾਰ ਕਰਕੇ ਅਸੀਂ ਗੁਰੂ ਪਾਤਸ਼ਾਹ ਦੇ ਸੱਚੇ ਸਿੱਖ ਹੋਣ ਦਾ ਮਾਣ ਹਾਸਲ ਕਰੀਏ!



# ਕੈਨੇਡਾ ਦਾ ਪਾਣੀ 'ਚ ਘਿਰਿਆ ਸ਼ਹਿਰ ਵਿਕਟੋਰੀਆ

ਓਰੇਗਨ ਸੰਧੀ ਨੂੰ ਡਗਲਜ਼ ਸੰਧੀ ਦਾ ਨਾਮ ਦਿੱਤਾ ਗਿਆ। ਇਸ ਸੰਧੀ ਅਨੁਸਾਰ ਦੇਸੀ ਭਾਈਚਾਰਿਆਂ ਦੇ ਲੋਕ ਵੱਖ-ਵੱਖ ਵਸਤਾਂ ਦੇ ਬਦਲੇ ਵਿਕਟੋਰੀਆ ਟਾਪੂ 'ਤੇ ਜ਼ਮੀਨ ਖਰੀਦ ਸਕਦੇ ਸਨ। ਇਸ ਸਮਝੌਤੇ ਨੇ ਵਿਕਟੋਰੀਆ ਦੀ ਬਸਤੀ ਨੂੰ ਰਾਜਧਾਨੀ ਬਣਨ ਵਿਚ ਵੱਡਾ ਯੋਗਦਾਨ ਪਾਇਆ। ਵਿਕਟੋਰੀਆ ਟਾਪੂ ਦੇ ਕਿਲ੍ਹੇ ਦੇ ਚੀਫ ਸੁਪਰਡੈਂਟ ਜੇਮਜ਼ ਡਗਲਜ਼ ਨੂੰ ਵੈਨਕੂਵਰ ਆਈਲੈਂਡ ਕਾਲੋਨੀ ਦਾ ਦੂਜਾ ਗਵਰਨਰ ਨਿਯੁਕਤ ਕੀਤਾ ਗਿਆ। 1864 ਵਿਚ ਡਗਲਜ਼ ਗਵਰਨਰ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ ਜਦੋਂਕਿ ਇਸ ਦਾ ਪਹਿਲਾ ਗਵਰਨਰ ਰਿਚਰਡ ਬਲੈਂਸ਼ਰਡ ਅਤੇ ਆਰਥਰ ਐਡਵਰਡ ਕੈਨੇਡੀ ਇਸ ਦਾ ਤੀਜਾ ਅਤੇ ਅੰਤਿਮ ਗਵਰਨਰ ਬਣਿਆ।

ਕੈਨੇਡਾ ਦੇ ਸਭ ਤੋਂ ਖ਼ੂਬਸੂਰਤ ਰਾਜ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਨੂੰ ਇਸ ਮੁਲਕ ਵਿਚ ਜੰਨਤ ਦਾ ਨਾਂ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸ਼ੂਕਦੇ ਸਮੁੰਦਰ ਵਿਚਕਾਰ ਵਸਿਆ ਟਾਪੂਨੁਮਾ ਸ਼ਹਿਰ ਵਿਕਟੋਰੀਆ ਦੁਨੀਆ ਭਰ ਦੇ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਇਕ ਪਾਸੇ ਸਮੁੰਦਰ ਦੇ ਨੀਲੇ ਪਾਣੀਆਂ ਦੀਆਂ ਉੱਠ ਰਹੀਆਂ ਲਹਿਰਾਂ, ਦੂਸਰੇ ਪਾਸੇ ਦੂਰੋਂ ਨਜ਼ਰ ਆ ਰਹੇ ਹਰਿਆਲੀ ਲੱਦੇ ਉੱਚੇ ਪਰਬਤ ਅਤੇ ਇਨ੍ਹਾਂ ਪਰਬਤਾਂ ਵਿਚਦੀ ਝਾਤੀਆਂ ਮਾਰ ਰਿਹਾ ਸੂਰਜ ਬੜਾ ਹੀ ਮਨਮੋਹਕ ਦ੍ਰਿਸ਼ ਪੇਸ਼ ਕਰਦਾ ਹੈ। ਗਰਮੀਆਂ ਵਿਚ ਇਸ ਧਰਤੀ 'ਤੇ ਸੈਲਾਨੀਆਂ ਦਾ ਜਮਘਟਾ ਲੱਗ ਜਾਂਦਾ ਹੈ। ਦੂਰ ਦੁਰਾਡਿਉਂ ਵੱਖ-ਵੱਖ ਮੁਲਕਾਂ ਤੋਂ ਵੱਡੀ ਗਿਣਤੀ ਸੈਲਾਨੀ ਇੱਥੇ ਪੁੱਜਦੇ ਹਨ। ਵਿਕਟੋਰੀਆ ਦੀ ਸੈਰ ਕਰਵਾਉਣ ਲਈ ਇੱਥੇ ਬਾਕਾਇਦਾ ਤਾਂਗੇ ਚੱਲਦੇ ਹਨ। ਬਹੁਤ ਹੀ ਤਕੜੇ ਜੁੱਸਿਆਂ ਅਤੇ ਚੰਗੇ ਕੱਦ-ਕਾਠ ਵਾਲੇ ਘੋੜਿਆਂ ਵਾਲੇ ਤਾਂਗਿਆਂ ਉੱਪਰ ਗੋਰੀਆਂ ਲੜਕੀਆਂ ਵਿਸ਼ੇਸ਼ ਵਰਦੀ ਪਹਿਨ ਕੇ ਸੈਲਾਨੀਆਂ ਨੂੰ ਸਮੁੱਚੇ ਸ਼ਹਿਰ ਦੀਆਂ ਇਤਿਹਾਸਕ ਇਮਾਰਤਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਸ਼ਹਿਰ ਦੀ ਸੈਰ ਕਰਵਾਉਂਦੀਆਂ ਹਨ। ਵਿਕਟੋਰੀਆ ਦੀ ਭੂਗੋਲਿਕ ਸਥਿਤੀ ਅਤੇ ਇਸ ਦੇ ਇਤਿਹਾਸ ਬਾਰੇ ਜਾਣਨਾ ਬੜਾ ਜ਼ਰੂਰੀ ਹੈ।

ਵਿਕਟੋਰੀਆ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਹੈ ਜੋ ਕੈਨੇਡਾ ਦੇ ਪ੍ਰਸ਼ਾਂਤ ਤੱਟ ਤੋਂ ਦੂਰ ਵੈਨਕੂਵਰ ਆਈਲੈਂਡ ਦੇ ਦੱਖਣੀ ਸਿਰੇ 'ਤੇ ਸਥਿਤ ਹੈ। ਇਸ ਸ਼ਹਿਰ ਦੀ ਆਬਾਦੀ 85,792 ਹੈ ਜਦੋਂਕਿ ਗਰੇਟਰ ਵਿਕਟੋਰੀਆ ਦੇ ਮਹਾਂਨਗਰ ਖੇਤਰ ਦੀ ਆਬਾਦੀ 3,67,770 ਹੈ ਜਿਸ ਨਾਲ ਇਹ 15ਵਾਂ ਸਭ ਤੋਂ ਵੱਧ ਆਬਾਦੀ ਵਾਲਾ ਕੈਨੇਡੀਅਨ ਮਹਾਂਨਗਰ ਖੇਤਰ ਹੈ। ਵਿਕਟੋਰੀਆ ਕੈਨੇਡਾ ਦਾ ਸੱਤਵਾਂ ਸਭ ਤੋਂ ਸੰਘਣੀ ਆਬਾਦੀ ਵਾਲਾ ਸ਼ਹਿਰ ਹੈ। ਇੱਥੋਂ ਦੀ ਆਬਾਦੀ ਘਣਤਾ 4,405.8 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਜੋ ਟੋਰਾਂਟੋ ਨਾਲੋਂ ਵਧੇਰੇ ਆਬਾਦੀ ਘਣਤਾ ਹੈ। ਵਿਕਟੋਰੀਆ ਪੱਛਮੀ ਕੈਨੇਡਾ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਵੱਡੇ ਸ਼ਹਿਰ ਵੈਨਕੂਵਰ ਤੋਂ ਲਗਭਗ 100 ਕਿਲੋਮੀਟਰ (60 ਮੀਲ) ਦੀ ਦੂਰੀ 'ਤੇ ਸਥਿਤ ਹੈ। ਅਮਰੀਕਾ ਦੇ ਪ੍ਰਸਿੱਧ ਸ਼ਹਿਰ ਸਿਆਟਲ ਤੋਂ ਵੀ ਇਸ ਦੀ ਦੂਰੀ ਲਗਭਗ 100 ਕਿਲੋਮੀਟਰ (60 ਮੀਲ) ਹੈ। ਵੈਨਕੂਵਰ ਜਾਂ ਸਿਆਟਲ ਤੋਂ ਵਿਕਟੋਰੀਆ ਤੱਕ ਸਿਰਫ਼ ਹਵਾਈ ਜਹਾਜ਼ ਜਾਂ ਫੈਰੀ (ਵੱਡੀਆਂ ਕਿਸ਼ਤੀਆਂ) ਰਾਹੀਂ ਹੀ ਜਾਇਆ ਜਾ ਸਕਦਾ ਹੈ। ਇਸ ਸ਼ਹਿਰ ਵਿਚ ਕਈ ਇਤਿਹਾਸਕ ਇਮਾਰਤਾਂ ਦੇਖਣਯੋਗ ਹਨ ਜਿਨ੍ਹਾਂ ਵਿਚ ਬ੍ਰਿਟਿਸ਼ ਕੋਲੰਬੀਆ ਰਾਜ ਦਾ ਸੰਸਦ ਭਵਨ (ਜੋ ਸੰਨ 1897 ਵਿਚ ਬਣਾਇਆ ਗਿਆ) ਅਤੇ 1908 ਵਿਚ ਬਣਿਆ ਇਮਪਰੈੱਸ ਹੋਟਲ ਸ਼ਾਮਿਲ ਹਨ। ਸ਼ਹਿਰ ਦਾ ਚਾਈਨਾ ਟਾਊਨ ਵੀ ਸੈਲਾਨੀਆਂ ਦਾ ਧਿਆਨ ਖਿੱਚਦਾ ਹੈ। ਵਿਕਟੋਰੀਆ ਆਕਰਸ਼ਕ ਸ਼ਹਿਰ ਅਤੇ ਪ੍ਰਚੱਲਿਤ ਟੈਕਨੋਲੋਜੀ ਖੇਤਰ ਵਾਲਾ ਇਕ ਪ੍ਰਸਿੱਧ ਸੈਰ ਸਪਾਟਾ ਸਥਾਨ ਹੈ ਜੋ ਇਸ ਦਾ ਸਭ ਤੋਂ ਵੱਡਾ ਮਾਲੀਆ ਪੈਦਾ ਕਰਨ ਵਾਲਾ ਨਿੱਜੀ ਉਦਯੋਗ ਬਣ ਗਿਆ ਹੈ। ਵਿਕਟੋਰੀਆ ਦੁਨੀਆ ਦੇ ਚੰਗਾ ਜੀਵਨ ਦੇਣ ਵਾਲੇ ਚੋਟੀ ਦੇ ਵੀਹ ਸ਼ਹਿਰਾਂ ਵਿਚ ਸ਼ੁਮਾਰ ਹੈ। ਇਸ ਸ਼ਹਿਰ ਵਿਚ ਵੱਡੇ ਪੱਧਰ 'ਤੇ ਵਿਦੇਸ਼ੀ ਅਤੇ ਗ਼ੈਰ-ਮੁਕਾਮੀ ਵਿਦਿਆਰਥੀ ਰਹਿ ਰਹੇ ਹਨ ਜੋ ਵਿਕਟੋਰੀਆ ਯੂਨੀਵਰਸਿਟੀ, ਕੈਮੋਸਨ ਕਾਲਜ, ਰਾਇਲ ਰੋਡਜ਼ ਯੂਨੀਵਰਸਿਟੀ, ਵਿਕਟੋਰੀਆ ਕਾਲਜ ਆਫ਼ ਆਰਟਸ ਅਤੇ ਕੈਨੇਡੀਅਨ ਕਾਲਜ ਆਫ ਪਰਫਾਰਮਿੰਗ ਆਰਟਸ ਵਿਚ ਪੜ੍ਹਨ ਲਈ ਆਉਂਦੇ ਹਨ। ਇਹ ਸ਼ਹਿਰ ਵੱਡੀ ਗਿਣਤੀ ਕਿਸ਼ਤੀ ਚਾਲਕਾਂ ਅਤੇ ਆਪਣੀਆਂ ਸਮੁੰਦਰੀ ਬੀਚਾਂ ਕਾਰਨ ਦੁਨੀਆਂ ਭਰ ਵਿਚ ਪ੍ਰਸਿੱਧ ਹੈ। ਇਸ ਦੇ ਨਾਲ ਹੀ ਆਪਣੇ ਕੰਮਾਂ-ਕਾਰਾਂ ਤੋਂ ਵਿਹਲੇ ਹੋਏ ਜਾਂ ਸੇਵਾਮੁਕਤ ਹੋਏ ਲੋਕਾਂ ਲਈ ਖਿੱਚ ਦਾ ਕੇਂਦਰ ਹੈ ਜੋ ਬਰਫ਼ ਤੋਂ ਮੁਕਤ ਕੁਦਰਤੀ ਸ਼ਾਂਤ ਵਾਤਾਵਰਣ ਦਾ ਆਨੰਦ ਲੈਣ ਲਈ ਇੱਥੇ ਪਹੁੰਚਦੇ ਹਨ। ਯੂਰੋਪੀਅਨ ਯਾਤਰੀਆਂ ਦੇ 1700 ਦੇ ਅਖੀਰ ਵਿਚ ਇੱਥੇ ਪਹੁੰਚਣ ਤੋਂ ਪਹਿਲਾਂ ਵਿਕਟੋਰੀਆ ਖੇਤਰ ਵਿਚ ਸੋਨਥੀਜ਼ ਸਮੇਤ ਸਮੁੰਦਰੀ ਤੱਟ ਦੇ ਲੋਕਾਂ ਦੇ ਕਈ ਸਮੂਹ ਵਸਦੇ ਸਨ। ਸਪੇਨੀਆਂ ਅਤੇ ਬ੍ਰਿਟਿਸ਼ਾਂ ਨੇ ਉੱਤਰ ਪੱਛਮ ਦੇ ਤੱਟ ਦੀ ਖੋਜ ਕੀਤੀ। ਇਸ ਦੀ ਸ਼ੁਰੂਆਤ 1774 ਵਿਚ ਜੁਆਨ ਪੇਰੇਜ਼ ਨਾਂ ਦੇ ਵਿਅਕਤੀ ਅਤੇ 1778 ਵਿਚ ਜੇਮਜ਼ ਕੁੱਕ ਦੀ ਫੇਰੀ ਨਾਲ ਹੋਈ ਸੀ। 1790, 1791, ਅਤੇ 1792 ਵਿਚ ਐਸਕੁਮਿਲਟ ਹਾਰਬਰ (ਵਿਕਟੋਰੀਆ ਦੇ ਬਿਲਕੁਲ ਪੱਛਮ ਵਿਚ) ਪਹੁੰਚਿਆ। ਇਹ ਸ਼ਹਿਰ ਕਿਸੇ ਵੇਲੇ ਬਰਤਾਨੀਆ ਦੇ ਕਬਜ਼ੇ ਵਿਚ ਵੀ ਰਿਹਾ। ਵਿਕਟੋਰੀਆ ਉੱਪਰ ਅਮਰੀਕਾ ਦੁਆਰਾ ਕਬਜ਼ਾ ਜਮਾ ਲੈਣ 'ਤੇ 1841 ਵਿਚ ਜੌਰਜ ਸਿੰਪਸਨ ਦੀ ਸਿਫ਼ਾਰਸ਼ 'ਤੇ ਜੇਮਜ਼ ਡਗਲਸ ਨੂੰ ਵੈਨਕੂਵਰ ਆਈਲੈਂਡ ਦੇ ਦੱਖਣੀ ਸਿਰੇ 'ਤੇ ਇਕ ਵਪਾਰਕ ਚੌਕੀ ਸਥਾਪਤ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ।

ਓਰੇਗਨ ਸੰਧੀ: ਇੰਗਲੈਂਡ ਅਤੇ ਅਮਰੀਕਾ ਵਿਚਕਾਰ ਓਰੇਗਨ ਦੇਸ਼ ਅਤੇ ਕੋਲੰਬੀਆ ਜ਼ਿਲ੍ਹੇ 'ਤੇ ਕਬਜ਼ੇ ਨੂੰ ਲੈ ਕੇ ਵਿਵਾਦ ਛਿੜਿਆ। ਇਸ ਵਿਚ ਨਿਊ ਕੈਲਡੋਨੀਆ ਦਾ ਉੱਤਰੀ ਖਿੱਤਾ ਵੀ ਸ਼ਾਮਿਲ ਸੀ। ਇਸ ਖਿੱਤੇ ਉੱਪਰ ਬਰਤਾਨੀਆ ਅਤੇ ਅਮਰੀਕਾ ਦੋਵਾਂ ਨੇ ਹੀ 1818 ਵਿਚ ਕਬਜ਼ਾ ਕਰ ਲਿਆ। ਇਸ ਵਿਵਾਦ ਲੰਮਾ ਸਮਾਂ ਚਲਦਾ ਰਿਹਾ। ਫਿਰ 15 ਜੂਨ 1846 ਨੂੰ ਅਮਰੀਕਾ ਦੇ ਵਾਸ਼ਿੰਗਟਨ ਡੀ.ਸੀ. ਵਿਚ ਅਮਰੀਕੀ ਰਾਸ਼ਟਰਪਤੀ ਜੇਮਜ਼ ਕੇ. ਪੋਲਕ ਦੀ ਪ੍ਰਧਾਨਗੀ ਹੇਠ ਇਸ ਖਿੱਤੇ ਦੇ ਵਿਵਾਦ ਨੂੰ ਸੁਲਝਾਉਣ ਲਈ ਹੋਈ ਸੰਧੀ ਨੂੰ ਓਰੇਗਨ ਸੰਧੀ ਦਾ ਨਾਮ ਦਿੱਤਾ ਗਿਆ। ਇਸ ਸੰਧੀ ਮੁਤਾਬਿਕ ਉੱਤਰੀ ਅਮਰੀਕਾ ਦੀ ਹੱਦ ਤੈਅ ਕੀਤੀ ਗਈ। ਓਰੇਗਨ ਸੀਮਾ ਵਿਵਾਦ ਦੇ ਚਲਦਿਆਂ 1846 ਵਿਚ ਜੇਮਜ਼ ਡਗਲਸ ਨੇ ਓਰੇਗਨ ਸੰਧੀ ਮੁਤਾਬਿਕ ਕੰਮ ਕਰਦਿਆਂ ਮੌਜੂਦਾ ਵਿਕਟੋਰੀਆ ਦੀ ਜਗ੍ਹਾ 'ਤੇ ਫੋਰਟ ਵਿਕਟੋਰੀਆ (ਵਿਕਟੋਰੀਆ ਦਾ ਕਿਲ੍ਹਾ) ਦੀ ਸਥਾਪਨਾ ਕੀਤੀ। ਇਉਂ ਉੱਤਰੀ ਅਮਰੀਕਾ ਦੀ ਸਰਹੱਦ ਹੋਰ ਵਿਸ਼ਾਲ ਹੋ ਗਈ। ਜ਼ਿਕਰਯੋਗ ਹੈ ਕਿ ਵਿਕਟੋਰੀਆ ਕਿਲ੍ਹੇ ਦਾ ਨਾਮ ਪਹਿਲਾਂ ਫੋਰਟ ਅਲਬਰਟ ਸੀ। 1843 ਵਿਚ ਬਰਤਾਨੀਆ ਦੀ ਮਹਾਰਾਣੀ ਵਿਕਟੋਰੀਆ ਦੇ ਨਾਮ 'ਤੇ ਇਸ ਦਾ ਨਾਮ ਫੋਰਟ ਵਿਕਟੋਰੀਆ ਰੱਖ ਦਿੱਤਾ ਗਿਆ। ਇਸ ਤਰ੍ਹਾਂ ਸਮੁੱਚੇ ਸ਼ਹਿਰ ਦਾ ਨਾਮ ਵਿਕਟੋਰੀਆ ਪੈ ਗਿਆ। 1843 ਵਿਚ ਹਡਸਨ ਬੇਅ ਕੰਪਨੀ ਇਕ ਟ੍ਰੇਡਿੰਗ ਪੋਸਟ ਦੇ ਰੂਪ ਵਿਚ ਸਥਾਪਿਤ ਕੀਤੀ ਗਈ। ਇਸ ਪੋਸਟ ਨੂੰ ਕੈਮੋਸਨ ਪੋਸਟ ਕਿਹਾ ਜਾਂਦਾ ਸੀ। ਕੈਮੋਸਨ ਸ਼ਬਦ ਕੈਮੋਸੈਕ ਤੋਂ ਬਣਿਆ ਜਿਸ ਦਾ ਅਰਥ ਪਾਣੀ ਦੀ ਬਹੁਤਾਤ ਹੈ।

1850-1854 ਵਿਚਕਾਰ ਓਰੇਗਨ ਸੰਧੀ ਨੂੰ ਡਗਲਜ਼ ਸੰਧੀ ਦਾ ਨਾਮ ਦਿੱਤਾ ਗਿਆ। ਇਸ ਸੰਧੀ ਅਨੁਸਾਰ ਦੇਸੀ ਭਾਈਚਾਰਿਆਂ ਦੇ ਲੋਕ ਵੱਖ-ਵੱਖ ਵਸਤਾਂ ਦੇ ਬਦਲੇ ਵਿਕਟੋਰੀਆ ਟਾਪੂ 'ਤੇ ਜ਼ਮੀਨ ਖਰੀਦ ਸਕਦੇ ਸਨ। ਇਸ ਸਮਝੌਤੇ ਨੇ ਵਿਕਟੋਰੀਆ ਦੀ ਬਸਤੀ ਨੂੰ ਰਾਜਧਾਨੀ ਬਣਨ ਵਿਚ ਵੱਡਾ ਯੋਗਦਾਨ ਪਾਇਆ। ਵਿਕਟੋਰੀਆ ਟਾਪੂ ਦੇ ਕਿਲ੍ਹੇ ਦੇ ਚੀਫ ਸੁਪਰਡੈਂਟ ਜੇਮਜ਼ ਡਗਲਜ਼ ਨੂੰ ਵੈਨਕੂਵਰ ਆਈਲੈਂਡ ਕਾਲੋਨੀ ਦਾ ਦੂਜਾ ਗਵਰਨਰ ਨਿਯੁਕਤ ਕੀਤਾ ਗਿਆ। 1864 ਵਿਚ ਡਗਲਜ਼ ਗਵਰਨਰ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ ਜਦੋਂਕਿ ਇਸ ਦਾ ਪਹਿਲਾ ਗਵਰਨਰ ਰਿਚਰਡ ਬਲੈਂਸ਼ਰਡ ਅਤੇ ਆਰਥਰ ਐਡਵਰਡ ਕੈਨੇਡੀ ਇਸ ਦਾ ਤੀਜਾ ਅਤੇ ਅੰਤਿਮ ਗਵਰਨਰ ਬਣਿਆ। ਬ੍ਰਿਟਿਸ਼ ਕੋਲੰਬੀਆ ਵਿਚ ਸੋਨੇ ਦੀ ਖੋਜ: 1858 ਵਿਚ ਬ੍ਰਿਟਿਸ਼ ਕੋਲੰਬੀਆ ਦੀ ਧਰਤੀ 'ਤੇ ਸੋਨੇ ਦੀ ਖੋਜ ਹੋਈ। ਇੱਥੇ ਧਰਤੀ ਹੇਠ ਸੋਨਾ ਲੱਭਣ ਦੀ ਖ਼ਬਰ ਅਮਰੀਕਾ ਦੇ ਉੱਤਰੀ ਕੈਲੀਫੋਰਨੀਆ ਦੇ ਵੱਡੇ ਸ਼ਹਿਰ ਸਾਂ ਫਰਾਂਸਿਸਕੋ ਪਹੁੰਚੀ ਤਾਂ ਕੈਨੇਡਾ ਤੋਂ ਅਮਰੀਕਾ ਤੱਕ ਸੋਨਾ ਲਿਜਾਣ ਲਈ ਵਿਕਟੋਰੀਆ ਨੂੰ ਇਕ ਬੰਦਰਗਾਹ, ਸਪਲਾਈ ਬੇਸ ਅਤੇ ਖਣਿਜ ਪਦਾਰਥਾਂ ਲਈ ਸੋਨੇ ਦੇ ਖੇਤਰਾਂ ਵਿਚ ਜਾਣ ਵਾਲਾ ਮੁੱਖ ਰਸਤਾ ਬਣਾਇਆ ਗਿਆ। ਇਸ ਵਪਾਰਕ ਲਾਂਘੇ ਕਾਰਨ ਇਸ ਟਾਪੂ ਦੀ ਆਬਾਦੀ ਕੁਝ ਹੀ ਦਿਨਾਂ ਵਿਚ 300 ਤੋਂ ਵਧ ਕੇ 5000 ਤੱਕ ਜਾ ਅੱਪੜੀ। ਇਸ ਦੇ ਚਲਦਿਆਂ ਵਿਕਟੋਰੀਆ ਨੂੰ 1862 ਵਿਚ ਸ਼ਹਿਰ ਵਜੋਂ ਸਥਾਪਿਤ ਕੀਤਾ ਗਿਆ। 1865 ਵਿਚ ਇਸ ਨੂੰ ਰੋਇਲ ਨੇਵੀ ਦਾ ਹੈੱਡਕੁਆਰਟਰ ਬਣਾਇਆ ਗਿਆ। ਇਹ ਅੱਜ ਕੈਨੇਡਾ ਦੇ ਪ੍ਰਸ਼ਾਂਤ ਤੱਟ ਦਾ ਸਮੁੰਦਰੀ ਜਲ ਬੇਸ ਹੈ, ਭਾਵ ਵੱਡਾ ਜਲ ਸੈਨਿਕ ਟਿਕਾਣਾ ਹੈ। ਸੰਨ 1866 ਵਿਚ ਇਹ ਟਾਪੂ ਰਾਜਨੀਤਿਕ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਨਾਲ ਜੁੜ ਗਿਆ ਤਾਂ ਇਸ ਨੂੰ ਨਿਊ ਵੈਸਟਮਿੰਸਟਰ ਦੀ ਥਾਂ ਨਵੀਂ ਸੰਯੁਕਤ ਕਾਲੋਨੀ ਦੀ ਰਾਜਧਾਨੀ ਬਣਾਇਆ ਗਿਆ। 1871 ਵਿਚ ਬ੍ਰਿਟਿਸ਼ ਕੋਲੰਬੀਆ ਕੈਨੇਡੀਅਨ ਸੰਘ ਵਿਚ ਸ਼ਾਮਿਲ ਹੋਇਆ ਤਾਂ ਵਿਕਟੋਰੀਆ ਨੂੰ ਇਸ ਦੀ ਸੂਬਾਈ ਰਾਜਧਾਨੀ ਬਣਾ ਦਿੱਤਾ ਗਿਆ। ਅਫ਼ੀਮ ਦੀ ਪੈਦਾਵਾਰ: 19ਵੀਂ ਸਦੀ ਦੇ ਮੱਧ ਵਿਚ ਵਿਕਟੋਰੀਆ ਉੱਤਰੀ ਅਮਰੀਕਾ ਦਾ ਸਭ ਤੋਂ ਵੱਡਾ ਅਫ਼ੀਮ ਆਯਾਤਕਾਰ ਸ਼ਹਿਰ ਬਣਿਆ। ਪਹਿਲਾਂ ਹਾਂਗਕਾਂਗ ਤੋਂ ਅਫ਼ੀਮ ਮੰਗਵਾ ਕੇ ਉੱਤਰੀ ਅਮਰੀਕਾ ਵਿਚ ਵੇਚੀ ਜਾਂਦੀ ਸੀ। 1865 ਤਕ ਅਫ਼ੀਮ ਦਾ ਵਪਾਰ ਕਰਨਾ ਕਾਨੂੰਨੀ ਅਤੇ ਨਿਯਮਤ ਨਹੀਂ ਸੀ। ਫਿਰ ਸਰਕਾਰ ਨੇ ਲਾਇਸੈਂਸ ਜਾਰੀ ਕਰਨੇ ਸ਼ੁਰੂ ਕੀਤੇ ਅਤੇ ਇਸ ਦੇ ਆਯਾਤ 'ਤੇ ਟੈਕਸ ਲਗਾਉਣਾ ਸ਼ੁਰੂ ਕਰ ਦਿੱਤਾ। 1908 ਵਿਚ ਇਸ ਦੇ ਵਪਾਰ 'ਤੇ ਪਾਬੰਦੀ ਲਗਾ ਦਿੱਤੀ ਗਈ। 1886 ਵਿਚ ਕੈਨੇਡੀਅਨ ਪੈਸੀਫਿਕ ਰੇਲਵੇ ਟਰਮੀਨਸ ਮੁਕੰਮਲ ਹੋਣ ਤੋਂ ਬਾਅਦ ਵਿਕਟੋਰੀਆ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਵੈਨਕੂਵਰ ਤੋਂ ਬਾਅਦ ਇਕ ਵੱਡੇ ਵਪਾਰਕ ਕੇਂਦਰ ਵਜੋਂ ਤੇਜ਼ੀ ਨਾਲ ਉੱਭਰਿਆ। ਇਸ ਦੇ ਨਾਲ ਹੀ ਵਿਕਟੋਰੀਆ ਨੇ ਕੁਦਰਤੀ ਸੁਹੱਪਣ ਸਦਕਾ ਪੂਰੀ ਦੁਨੀਆ ਦੇ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ।

**ਗੁਰਪ੍ਰੀਤ ਸਿੰਘ ਤਲਵੰਡੀ**

# ਦੁਨੀਆ ਦੀ ਸਭ ਤੋਂ ਵੱਡੀ ਫਰੇਮ ਬਿਲਡਿੰਗ

ਬੱਚਿਓ, ਅਸੀਂ ਸਾਰੇ ਆਪਣੇ ਘਰ ਦੀਆਂ ਕੰਧਾਂ 'ਤੇ ਪਰਿਵਾਰ, ਰਿਸ਼ਤੇਦਾਰਾਂ ਜਾਂ ਸਕੂਲ ਦੇ ਮਿੱਤਰਾਂ ਦੀ ਗਰੁੱਪ ਫੋਟੋ ਚੰਗੇ ਜਿਹੇ ਫਰੇਮ ਵਿਚ ਲਗਾਉਂਦੇ ਹਾਂ। ਜੋ ਫੋਟੋ ਦੀ ਖ਼ੂਬਸੂਰਤੀ ਨੂੰ ਹੋਰ ਵੀ ਵਧਾ ਦਿੰਦਾ ਹੈ। ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਏਸ਼ੀਆਈ ਦੇਸ਼ ਯੂ.ਏ.ਈ. (ਯੂਨਾਈਟਿਡ ਅਰਬ ਅਮੀਰਾਤ) ਵਿਚ ਇਕ ਇਹੋ ਜਿਹੀ ਬਿਲਡਿੰਗ ਬਣਾਈ ਗਈ ਹੈ, ਜਿਸ ਦਾ ਆਕਾਰ ਫੋਟੋ ਵਰਗਾ ਹੈ। ਇਹ ਵੱਡੀ ਫਰੇਮ ਵਾਲੀ ਬਿਲਡਿੰਗ ਯੂ.ਏ.ਈ.ਦੇ ਸ਼ਹਿਰ ਡੁਬਈ ਸ਼ਹਿਰ ਦੇ ਜ਼ਾਬੀਲ ਪਾਰਕ ਵਿਚ ਸਥਿਤ ਹੈ। ਇਹ ਦੁਨੀਆ ਦੀ ਸਭ ਤੋਂ ਵੱਡੀ ਫੋਟੋ ਫਰੇਮ ਵਾਲੀ ਬਿਲਡਿੰਗ ਹੈ। ਸਾਲ 2009 ਵਿਚ ਡੁਬਈ ਫਰੇਮ ਬਿਸੇਨਗਰੁੱਪ ਏਲੀਵੇਟਰ ਇੰਟਰਨੈਸ਼ਨਲ ਰਾਹੀ ਡੁਬਈ ਫਰੇਮ ਬਣਾਉਣ ਦੇ ਲਈ ਇਕ ਮੁਕਾਬਲਾ ਹੋਇਆ। ਇਸ ਵਿਚ ਫਰਨਾਡੋ ਡੋਨਿਸ ਦੇ ਡਿਜ਼ਾਈਨ ਨੂੰ ਜੇਤੂ ਐਲਾਨਿਆ ਗਿਆ। ਬਾਅਦ ਵਿਚ ਇਸੇ ਡਿਜ਼ਾਈਨ ਦੇ ਆਧਾਰ 'ਤੇ ਬਿਲਡਿੰਗ ਨੂੰ ਬਣਾਇਆ ਗਿਆ। ਡੁਬਈ ਫਰੇਮ



ਗੋਲਡਨ ਥੀਮ 'ਤੇ ਬਣਿਆ ਹੈ। ਇਸ ਦੇ ਲਈ 15,000 ਸਕਵਾਇਰ ਮੀਟਰ ਦੇ ਗੋਲਡ ਸਟੇਨਲੇਸ ਸਟੀਲ ਦਾ ਇਸਤੇਮਾਲ ਹੋਇਆ ਹੈ। ਇਸ ਬਿਲਡਿੰਗ ਦੀ ਕੁੱਲ ਉੱਚਾਈ ਲਗਪਗ 150 ਮੀਟਰ ਹੈ। ਮਤਲਬ 50 ਮੰਜ਼ਿਲਾ ਬਿਲਡਿੰਗ ਦੇ ਬਰਾਬਰ। ਇਸ ਦੀ ਚੌੜਾਈ 93 ਮੀਟਰ ਹੈ। ਇਸ ਦੇ ਨਿਰਮਾਣ ਵਿਚ 9,900 ਘਣ ਮੀਟਰ ਕੰਕਰੀਟ ਅਤੇ 2,000 ਟਨ ਸਟੀਲ ਦਾ ਇਸਤੇਮਾਲ ਹੋਇਆ ਹੈ। ਡੁਬਈ ਫਰੇਮ ਦੇ ਗਰਾਊਂਡ ਫਲੋਰ 'ਤੇ ਇਕ ਅਜਾਇਬ ਘਰ ਹੈ, ਨਾਲ ਹੀ ਸਾਲ 2050 ਨੂੰ ਇਮੇਜਿਨ ਕਰਾਉਂਦੀ ਫਿਊਚਰ ਗੈਲਰੀ ਹੈ। ਫਰੇਮ ਦੇ ਸਭ ਤੋਂ ਉੱਪਰ ਲਟਕੇ ਹਿੱਸੇ ਦਾ ਨਾਂਅ ਸਕਾਈ ਬਿ ?ਜ ਹੈ। ਇਸ ਦੀ ਕੁੱਲ ਲੰਬਾਈ 93 ਮੀਟਰ ਹੈ। ਇਹ ਸਕਾਈ ਬਿ ?ਜ ਦੋ ਟਾਵਰਾਂ ਨੂੰ ਆਪਸ ਵਿਚ ਜੋੜਦੀ ਹੈ। ਸਕਾਈ ਬਿ ?ਜ ਤੋਂ 360 ਡਿਗਰੀ ਵਾਯੂ ਤੋਂ ਪੂਰੇ ਡੁਬਈ ਨੂੰ ਦੇਖਿਆ ਜਾ ਸਕਦਾ ਹੈ। ਸਕਾਈ ਬ੍ਰਿਜ ਦੇ ਇਕ ਹਿੱਸੇ ਵਿਚ ਚਮਕਦਾਰ ਕੱਚ ਲਗਾਇਆ ਗਿਆ ਹੈ। ਜਿਉਂ ਹੀ ਕੋਈ ਸੈਲਾਨੀ ਇਸ 'ਤੇ ਤੁਰਦਾ ਹੈ ਤਾਂ ਕੱਚ ਪਾਰਦਰਸ਼ੀ ਹੋ ਜਾਂਦਾ ਹੈ, ਜਿਸ ਨਾਲ ਤੁਰਨ ਵਾਲੇ ਨੂੰ ਇਹੋ ਜਿਹਾ ਅਨੁਭਵ ਹੁੰਦਾ ਹੈ ਕਿ ਉਹ ਹਵਾ ਵਿਚ ਚਲ ਰਿਹਾ ਹੈ।

# ਭਾਰਤੀ ਸੰਵਿਧਾਨ ਸਿੱਖਾਂ ਦਾ ਭਰੋਸਾ ਕਿਉਂ ਨਾ ਜਿੱਤ ਸਕਿਆ ?




ਭਾਰਤ ਦੀ ਆਜ਼ਾਦੀ ਲਹਿਰ ਵਿਚ ਸਿੱਖਾਂ ਦੀ ਭੂਮਿਕਾ ਏਨੀ ਮਹੱਤਵਪੂਰਨ ਰਹੀ ਹੈ ਕਿ ਕਾਂਗਰਸੀ ਨੇਤਾਵਾਂ ਵਲੋਂ ਸਿੱਖਾਂ ਦੀ ਵਾਰ-ਵਾਰ ਪ੍ਰਸੰਸਾ ਕੀਤੀ ਜਾਂਦੀ ਰਹੀ ਅਤੇ ਭਰੋਸਾ ਦਿੱਤਾ ਜਾਂਦਾ ਰਿਹਾ ਕਿ ਘੱਟ-ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਦੇ ਹੱਕਾਂ ਦਾ ਆਜ਼ਾਦ ਦੇਸ਼ ਅੰਦਰ ਵਿਸ਼ੇਸ਼ ਖਿਆਲ ਰੱਖਿਆ ਜਾਵੇਗਾ। ਦੇਸ਼ ਦੀ ਕੌਮੀ ਜਮਾਤ ਦੀ ਹੈਸੀਅਤ ਵਿਚ ਕਾਂਗਰਸ ਨੇ ਸੰਨ 1929 ਦੇ ਲਾਹੌਰ ਵਿਚ ਹੋਏ ਆਪਣੇ ਸੈਸ਼ਨ ਅੰਦਰ ਇਕ ਮਤਾ ਪਾਸ ਕਰਕੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ, ਆਜ਼ਾਦ ਭਾਰਤ ਅੰਦਰ ਕੋਈ ਵੀ ਅਜਿਹਾ ਸੰਵਿਧਾਨ ਕਾਂਗਰਸ ਸਵੀਕਾਰ ਨਹੀਂ ਕਰੇਗੀ, ਜੋ ਸਿੱਖਾਂ ਲਈ ਪੂਰਨ ਤੌਰ 'ਤੇ ਤਸੱਲੀਬਖ਼ਸ਼ ਨਹੀਂ ਹੋਵੇਗਾ।

1931 ਵਿਚ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਅੰਦਰ ਜੁੜੀ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਮਹਾਤਮਾ ਗਾਂਧੀ ਨੇ ਕਿਹਾ ਸੀ : ਤੁਸੀਂ ਮੇਰੇ ਲਫ਼ਜ਼ਾਂ ਅਤੇ ਕਾਂਗਰਸ ਦੇ ਮਤੇ 'ਤੇ ਭਰੋਸਾ ਕਰੋ ਕਿ ਕਾਂਗਰਸ ਕਿਸੇ ਜਮਾਤ ਨਾਲ ਤਾਂ ਕੀ, ਕਿਸੇ ਇਕ ਮਨੁੱਖ ਨਾਲ ਵੀ ਵਿਸਾਹਘਾਤ ਨਹੀਂ ਕਰੇਗੀ। ਇਸ ਵਲੋਂ ਐਸਾ ਸੋਚਿਆ ਜਾਣਾ ਹੀ ਇਸ ਦੀ ਕਿਆਮਤ ਆ ਜਾਣ ਤੁੱਲ ਹੋਵੇਗਾ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਸੰਵਿਧਾਨ-ਘੜਨੀ ਸਭਾ ਦੇ 9 ਦਸੰਬਰ 1946 ਦੇ ਸਮਾਗਮ ਵਿਚ ਮਤਾ ਪੇਸ਼ ਕੀਤਾ ਕਿ, ਭਾਰਤ ਅੰਦਰ ਘੱਟ-ਗਿਣਤੀ ਜਮਾਤਾਂ ਦੀ ਸੁਰੱਖਿਆ ਲਈ ਮੁਨਾਸਬ ਕਾਨੂੰਨੀ ਧਾਰਾਵਾਂ ਹੋਣਗੀਆਂ। ਇਹ ਸਮੁੱਚੇ ਸੰਸਾਰ ਦੇ ਸਾਹਮਣੇ ਸਾਡਾ ਲੱਖਾਂ ਹਿੰਦੁਸਤਾਨੀਆਂ ਪ੍ਰਤੀ ਇਕ ਐਲਾਨ, ਇਕ ਨੇਮ, ਇਕ ਬਚਨ, ਇਕ ਸੰਧੀ ਹੈ ਜਿਸ ਨੂੰ ਇਕ ਸਹੁੰ ਦੀ ਤਰ੍ਹਾਂ ਅਸੀਂ ਨਿਭਾਉਣਾ ਹੈ।

ਆਜ਼ਾਦੀ ਤੋਂ ਛੇਤੀ ਪਿੱਛੋਂ ਆਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਲਈ ਵਿਧਾਨ-ਘੜਨੀ ਕਮੇਟੀ ਸਥਾਪਤ ਕੀਤੀ ਗਈ, ਜਿਸ ਵਿਚ ਦੋ ਸਿੱਖਾਂ ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਨੂੰ ਵੀ ਮੈਂਬਰ ਲਿਆ ਗਿਆ। ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਵਲੋਂ ਘੱਟ-ਗਿਣਤੀ ਕੌਮਾਂ ਦੀ ਦੇਸ਼ ਵਿਚ ਰਾਜਨੀਤਕ ਸੁਰੱਖਿਆ ਲਈ ਵੱਖਰੀ ਚੋਣ-ਪ੍ਰਣਾਲੀ, ਰਾਜਸੀ ਖ਼ੁਦਮੁਖਤਿਆਰੀ ਅਤੇ ਭਾਰਤ 'ਚ ਆਪਣੀ ਹੋਂਦ ਨੂੰ ਖ਼ਤਰਾ ਮਹਿਸੂਸ ਕੀਤੇ ਜਾਣ ਦੀ ਸੂਰਤ 'ਚ ਵੱਖਰੇ ਹੋਣ ਦਾ ਅਧਿਕਾਰ ਦੇਣ ਦੀਆਂ ਮੰਗਾਂ ਵੀ ਰੱਖੀਆਂ ਗਈਆਂ ਸਨ। ਲੰਬੇ ਵਿਚਾਰ-ਵਟਾਂਦਰੇ ਪਿੱਛੋਂ ਜੋ ਵਿਸ਼ੇਸ਼ ਫ਼ੈਸਲਾ ਲਿਆ ਗਿਆ, ਉਹ ਦੇਸ਼ ਦੀ ਸਰਕਾਰ ਦਾ ਗਣਤੰਤਰੀ ਆਧਾਰ 'ਤੇ ਸਾਂਝੀ ਚੋਣ-ਪ੍ਰਣਾਲੀ ਦੁਆਰਾ ਨਿਯੁਕਤ ਕੀਤਾ ਜਾਣਾ ਅਤੇ ਹਰ ਬਾਲਗ਼ ਨਾਗਰਿਕ ਲਈ ਵੋਟ ਦਾ ਹੱਕ ਸੁਰੱਖਿਅਤ ਕਰਨਾ ਸੀ। ਡਾ. ਅੰਬੇਦਕਰ ਦੀਆਂ ਉਪਰੋਕਤ ਮੰਗਾਂ ਠੁਕਰਾ ਦਿੱਤੀਆਂ ਗਈਆਂ। ਸੰਵਿਧਾਨ-ਘੜਨੀ ਸਭਾ ਵਲੋਂ 27 ਜਨਵਰੀ 1948 ਨੂੰ ਇਕ 50 ਮੈਂਬਰੀ ਸਲਾਹਕਾਰ ਕਮੇਟੀ ਸਥਾਪਤ ਕੀਤੀ ਗਈ ਸੀ। ਇਸ ਕਮੇਟੀ ਨੇ ਆਪਣੀ ਪਹਿਲੀ ਰਿਪੋਰਟ 8 ਅਗਸਤ 1948 ਨੂੰ ਦਿੰਦਿਆਂ ਹੇਠਾਂ ਦਰਜ ਮੁੱਖ ਸਿਫ਼ਾਰਿਸ਼ਾਂ ਕੀਤੀਆਂ : ਚੋਣਾਂ ਸਾਂਝੀ ਪ੍ਰਣਾਲੀ ਅਧੀਨ ਹੋਣਗੀਆਂ, ਕੈਬਨਿਟ ਵਿਚ ਕੋਈ ਰਾਖ਼ਵੀਂ ਸੀਟ ਨਹੀਂ ਹੋਵੇਗੀ, ਪਰ ਇਹ ਪ੍ਰੰਪਰਾ ਕਾਇਮ ਕੀਤੀ ਜਾਵੇਗੀ ਕਿ ਘੱਟ-ਗਿਣਤੀਆਂ ਨੂੰ ਯੋਗ ਪ੍ਰਤੀਨਿਧਤਾ ਮਿਲ ਸਕੇ, ਨੌਕਰੀਆਂ ਵਿਚ ਘੱਟ-ਗਿਣਤੀਆਂ ਦੇ ਕਲੇਮ ਨੂੰ ਧਿਆਨ ਨਾਲ ਇਕਸਾਰਤਾ ਵਿਚ ਰੱਖਿਆ ਜਾਵੇਗਾ। ਸਲਾਹਕਾਰ ਕਮੇਟੀ ਦੀ ਰਿਪੋਰਟ ਦੇ ਪੈਰ੍ਹਾ 4 ਵਿਚ ਕਮੇਟੀ ਦੇ ਚੇਅਰਮੈਨ ਸਰਦਾਰ ਪਟੇਲ ਨੇ ਸਪੱਸ਼ਟ ਕੀਤਾ ਕਿ 'ਸਾਂਝੀ ਚੋਣ ਪ੍ਰਣਾਲੀ ਦੇ ਪ੍ਰਭਾਵ ਤੋਂ ਘੱਟ-ਗਿਣਤੀਆਂ ਨੂੰ ਚਿੰਤਾਤੁਰ ਹੋਣ ਦੀ ਲੋੜ ਨਹੀਂ, ਕਿਉਂਕਿ ਸੀਟਾਂ ਰਾਖ਼ਵੀਆਂ ਕੀਤੀਆਂ ਜਾ ਰਹੀਆਂ ਹਨ।'

ਮੁਸਲਮਾਨ ਮੈਂਬਰਾਂ ਦੀਆਂ ਰਾਖ਼ਵੀਆਂ ਸੀਟਾਂ ਦੇ ਵਿਰੋਧ ਵਿਚ ਮਿਸਟਰ ਆਈਂਗਰ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਕਿ, ਹਿੰਦੂ ਇਹ ਮਹਿਸੂਸ ਕਰਦੇ ਹਨ ਕਿ ਉਹ ਵੀ ਇਨਸਾਨ ਹਨ। ਜਦ ਦੇਸ਼ ਦਾ ਬਟਵਾਰਾ ਹੋ ਗਿਆ ਤਾਂ ਮੁਸਲਮਾਨਾਂ ਦੀ ਸੁਰੱਖਿਆ ਕਿਸ ਵਾਸਤੇ ਕੀਤੀ ਜਾਵੇ। ਇਸ ਕੰਮ ਨੂੰ ਪਰੇ ਸੁੱਟ ਦਿੱਤਾ ਜਾਵੇ। ਮੈਂ ਘੱਟ-ਗਿਣਤੀ ਦੇ ਸ਼ਬਦ ਨੂੰ ਬਿਲਕੁਲ ਪਸੰਦ ਨਹੀਂ ਕਰਦਾ।

ਇਸੇ ਤਰ੍ਹਾਂ ਮਹਾਂਵੀਰ ਤਿਆਗੀ ਨੇ ਵੀ ਘੱਟ-ਗਿਣਤੀਆਂ ਦੇ ਰਾਖ਼ਵੇਂ ਰਾਜਸੀ ਅਖਤਿਆਰਾਂ ਦਾ ਵਿਰੋਧ ਕਰਦਿਆਂ ਕਿਹਾ ਕਿ, ਸਾਨੂੰ ਇਹ ਕਿਉਂ ਕਿਹਾ ਜਾਂਦਾ ਹੈ ਕਿ ਵੱਖਰੀ ਚੋਣ-ਪ੍ਰਣਾਲੀ ਬਣਾਈ ਜਾਵੇ। ਘੱਟ-ਗਿਣਤੀਆਂ ਵਾਸਤੇ ਕੇਵਲ ਇਹੋ ਹੀ ਰਸਤਾ ਹੈ ਕਿ ਉਹ ਬਹੁ-ਗਿਣਤੀ ਦੇ ਵਫ਼ਾਦਾਰ ਬਣ ਕੇ ਰਹਿਣ ਅਤੇ ਬਹੁ-ਗਿਣਤੀ ਦੇ ਭਰੋਸੇ ਨੂੰ ਜਿੱਤਣ ਲਈ ਉਸ ਨਾਲ ਸਹਿਯੋਗ ਕਰਨ। ਉਨ੍ਹਾਂ ਦੇਸ਼ ਨੂੰ ਇਕ-ਕੌਮੀ ਰਾਸ਼ਟਰ ਬਣਾਉਣ ਵਾਲਾ ਇਹ ਖਿਆਲ ਜ਼ਾਹਰ ਕੀਤਾ, ਘੱਟ-ਗਿਣਤੀਆਂ ਨੂੰ ਅਸੀਂ ਕੱਢ ਦੇਣ ਵਿਚ ਜਾਂ ਵੱਡੀ ਪੱਧਰ 'ਤੇ ਕਤਲ ਕਰ ਦੇਣ ਵਿਚ ਵਿਸ਼ਵਾਸ ਨਹੀਂ ਰੱਖਦੇ, ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ। ਸਰਦਾਰ ਪਟੇਲ ਵੀ ਆਖਣ ਲੱਗੇ, ਜਦ ਪਾਕਿਸਤਾਨ ਬਣ ਗਿਆ ਤਾਂ ਇਹ ਸਮਝਿਆ ਗਿਆ ਕਿ ਬਾਕੀ ਭਾਰਤ ਵਿਚ ਕੇਵਲ ਇਕੋ ਕੌਮ ਰਹਿ ਜਾਂਦੀ ਹੈ। ਹਿੰਦੂਆਂ ਦੀ ਆਬਾਦੀ 80 ਫ਼ੀਸਦੀ ਹੈ। ਅਸੀਂ ਵੱਖਰੀ ਚੋਣ ਪ੍ਰਣਾਲੀ ਦੀ ਸਰਕਾਰ ਨੂੰ ਕਦੀਂ ਵੀ ਪ੍ਰਵਾਨ ਨਹੀਂ ਕਰ ਸਕਦੇ।

ਭਾਰਤ ਦੀ ਆਬਾਦੀ ਵਿਚ ਹਿੰਦੂ ਭਾਈਚਾਰੇ ਦੀ ਗਿਣਤੀ 82 ਫ਼ੀਸਦੀ ਅਤੇ ਬਾਕੀ ਦੇ ਸਾਰੇ ਧਰਮਾਂ ਦੇ ਲੋਕ 18 ਫ਼ੀਸਦੀ ਸਨ, ਜਿਨ੍ਹਾਂ ਵਿਚ ਸਿੱਖ ਆਬਾਦੀ ਕੇਵਲ 1.8 ਫ਼ੀਸਦੀ ਅਥਵਾ ਦੋ ਫ਼ੀਸਦੀ ਤੋਂ ਕੁਝ ਘੱਟ ਸੀ ਅਤੇ ਮੈਂਬਰ ਸਾਂਝੀ ਚੋਣ-ਪ੍ਰਣਾਲੀ ਦੁਆਰਾ ਚੁਣੇ ਜਾਣੇ ਸਨ, ਇਸ ਦਾ ਸਪੱਸ਼ਟ ਭਾਵ ਭਾਰਤ ਅੰਦਰ ਬਹੁ-ਗਿਣਤੀ ਭਾਈਚਾਰੇ ਦੇ ਅਨੁਕੂਲ ਰਾਜ ਸਥਾਪਤ ਕਰਨਾ ਸੀ। ਇਸ ਤਰ੍ਹਾਂ ਕਰਕੇ ਸਿੱਖਾਂ ਲਈ ਵੱਖਰੀ ਚੋਣ ਪ੍ਰਣਾਲੀ, ਰਾਖ਼ਵੀਆਂ ਸੀਟਾਂ ਨਿਸ਼ਚਿਤ ਕਰਨ ਅਤੇ ਫ਼ੌਜ ਵਿਚ ਸਿੱਖਾਂ ਵਾਸਤੇ ਰਾਖ਼ਵੀਆਂ ਸੇਵਾਵਾਂ ਨੀਯਤ ਕਰਨ ਦੀਆਂ ਤਿੰਨੋਂ ਮੰਗਾਂ ਠੁਕਰਾ ਦਿੱਤੀਆਂ ਗਈਆਂ। ਇਸੇ ਦਰਮਿਆਨ ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਅੰਦਰ ਸਿੱਖਾਂ ਲਈ ਸੁਤੰਤਰ ਰਾਜਸੀ ਖਿੱਤਾ 'ਸਿੱਖਸਤਾਨ' ਬਣਾਉਣ ਲਈ ਮੋਰਚਾ ਵਿੱਢ ਦਿੱਤਾ ਪਰ ਕਾਂਗਰਸ ਨੇ ਕੋਈ ਧਿਆਨ ਨਹੀਂ ਦਿੱਤਾ। ਉਲਟਾ 10 ਅਕਤੂਬਰ 1948 ਨੂੰ ਕੇਂਦਰੀ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਦੇਸ਼ ਭਰ ਦੇ ਜ਼ਿਲ੍ਹਾ ਕੁਲੈਕਟਰਾਂ ਨੂੰ ਇਕ ਸਰਕੁਲਰ ਜਾਰੀ ਕਰ ਦਿੱਤਾ ਕਿ, ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹਨ। ਸੰਵਿਧਾਨ-ਘੜਨੀ ਕਮੇਟੀ ਦੇ ਸਿੱਖ ਮੈਂਬਰਾਂ ਨੇ ਇਸ ਗੱਲ ਨੂੰ ਛੇਤੀ ਭਾਂਪ ਲਿਆ ਕਿ ਉਹ ਵਾਅਦੇ, ਜੋ ਆਜ਼ਾਦੀ ਮਿਲਣ ਤੋਂ ਪਹਿਲਾਂ ਕਾਂਗਰਸੀ ਨੇਤਾ ਸਿੱਖਾਂ ਨਾਲ ਕਰਦੇ ਨਹੀਂ ਥੱਕਦੇ ਸਨ, ਕਾਂਗਰਸ ਉਨ੍ਹਾਂ ਤੋਂ ਬੜੀ ਚਾਲਾਕੀ ਨਾਲ ਭੱਜ ਰਹੀ ਹੈ। ਅਸੈਂਬਲੀ ਨੇ ਸਿੱਖਾਂ ਨੂੰ ਕੋਈ ਰਾਹ ਨਾ ਦਿੱਤਾ ਤਾਂ ਸੰਵਿਧਾਨ-ਘੜਨੀ ਕਮੇਟੀ ਦੇ ਦੋਵੇਂ ਸਿੱਖ ਮੈਂਬਰਾਂ ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਨੇ ਸੰਵਿਧਾਨ ਦੇ ਖਰੜੇ 'ਤੇ ਦਸਤਖ਼ਤ ਕਰਨ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ, 'ਸਿੱਖਾਂ ਨੂੰ ਇਹ ਸੰਵਿਧਾਨ ਪ੍ਰਵਾਨ ਨਹੀ।' ਪਰ 82 ਦੇ ਸਾਹਮਣੇ ਦੋ ਮਨੁੱਖਾਂ ਦੀ ਆਵਾਜ਼ ਕਿਸ ਨੇ ਸੁਣਨੀ ਸੀ ?

ਸੰਵਿਧਾਨ ਦੀ ਧਾਰਾ 25, ਜੋ ਦੇਸ਼ ਦੇ ਨਾਗਰਿਕਾਂ ਨੂੰ ਧਰਮ ਦੀ ਆਜ਼ਾਦੀ ਦਾ ਅਖਤਿਆਰ ਦਿੰਦੀ ਹੈ, ਅਨੁਸਾਰ ਦੇਸ਼ ਵਾਸੀ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪੋ-ਆਪਣੀ ਵੱਖਰੀ ਕੌਮੀਅਤ ਰੱਖਣ ਦਾ ਅਧਿਕਾਰ ਪ੍ਰਾਪਤ ਹੈ ਅਤੇ ਉਨ੍ਹਾਂ ਉਪਰ ਹਿੰਦੂ ਕੋਡ ਦੀਆਂ ਧਾਰਾਵਾਂ ਲਾਗੂ ਨਹੀਂ ਹਨ ਪਰ ਸਿੱਖਾਂ ਉਪਰ ਇਹ ਹਿੰਦੂ ਧਾਰਾਵਾਂ ਲਾਗੂ ਹਨ। ਸੰਵਿਧਾਨ ਦੀ ਧਾਰਾ 25-ਬੀ ਦਾ ਸਪੱਸ਼ਟ ਭਾਵ ਸਿੱਖ ਦੀ ਅੱਡਰੀ ਕੌਮੀਅਤ ਨੂੰ ਖ਼ਤਮ ਕਰਕੇ ਸਿੱਖ ਨੂੰ ਹਿੰਦੂ ਧਰਮ ਦੀ ਇਕ ਸ਼ਾਖ਼ ਜਾਂ ਸੰਪਰਦਾਇ ਹੋਣ ਦੀ ਵਿਧਾਨਿਕ ਪ੍ਰਵਾਨਗੀ ਦੇਣਾ ਹੈ। ਸੰਨ 1954 ਵਿਚ ਜਦੋਂ ਸਿੱਖ ਆਗੂ ਮਾਸਟਰ ਤਾਰਾ ਸਿੰਘ ਹੁਰਾਂ ਨੇ ਪੰਡਿਤ ਨਹਿਰੂ ਨੂੰ 1947 ਤੋਂ ਪਹਿਲਾਂ ਸਿੱਖਾਂ ਨੂੰ ਦਿੱਤੇ ਬਚਨਾਂ ਅਤੇ ਖਾਧੀਆਂ ਸਹੁੰਆਂ ਚਿਤਾਰੀਆਂ ਤਾਂ ਪੰਡਤ ਨਹਿਰੂ ਦਾ ਸਪੱਸ਼ਟ ਜੁਆਬ ਸੀ, ਹੁਣ ਹਾਲਾਤ ਬਦਲ ਚੁੱਕੇ ਹਨ। ਗ੍ਰਹਿ ਮੰਤਰੀ ਕਾਟਜੂ ਨੇ ਤਾਂ ਸਾਫ਼ ਹੀ ਕਹਿ ਦਿੱਤਾ ਕਿ ਸਿੱਖਾਂ ਦਾ ਭਵਿੱਖ ਹੁਣ ਮੰਗ ਕਰਦਾ ਹੈ ਅਤੇ ਸਿੱਖਾਂ ਦੀ ਭਲਾਈ ਵੀ ਇਸੇ ਵਿਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛੱਡ ਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿਚ ਸ਼ਾਮਲ ਹੋ ਜਾਣ।

26 ਜਨਵਰੀ 1950 ਨੂੰ ਜਦੋਂ ਭਾਰਤ ਦਾ ਸੰਵਿਧਾਨ ਲਾਗੂ ਹੋ ਜਾਣ ਦੀਆਂ ਬਹੁ-ਗਿਣਤੀ ਵਲੋਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਤਾਂ ਉਸ ਵੇਲੇ ਸੰਵਿਧਾਨ ਵਿਚ ਸਿੱਖਾਂ ਨਾਲ ਹੋਏ ਧੋਖੇ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਸੱਦੇ 'ਤੇ ਸਿੱਖ ਕੌਮ ਵਲੋਂ 'ਕਾਲਾ ਦਿਵਸ' ਮਨਾਇਆ ਜਾ ਰਿਹਾ ਸੀ। ਅੱਸੀਵਿਆਂ ਦੇ ਦਹਾਕੇ ਦੌਰਾਨ ਧਰਮ ਯੁੱਧ ਮੋਰਚੇ ਮੌਕੇ ਸ਼੍ਰੋਮਣੀ ਅਕਾਲੀ ਦਲ ਵਲੋਂ ਚੰਡੀਗੜ੍ਹ ਵਿਚ ਸੰਵਿਧਾਨ ਦੀ ਧਾਰਾ 25 ਨੂੰ ਸਾੜ ਕੇ ਵੱਡੀ ਪੱਧਰ 'ਤੇ ਰੋਸ ਜ਼ਾਹਰ ਕੀਤਾ ਗਿਆ। ਪਿਛਲੇ 66 ਸਾਲਾਂ ਦੌਰਾਨ ਸਮੇਂ-ਸਮੇਂ ਸੰਵਿਧਾਨ ਵਿਚ 70 ਦੇ ਲਗਭਗ ਸੋਧਾਂ ਕੀਤੀਆਂ ਗਈਆਂ ਹਨ ਪਰ ਕੀ ਦੇਸ਼ ਦੀ ਆਜ਼ਾਦੀ ਲਈ 90 ਫ਼ੀਸਦੀ ਯੋਗਦਾਨ ਪਾਉਣ ਵਾਲੇ ਸਿੱਖਾਂ ਦੀ ਵੱਖਰੀ ਧਾਰਮਿਕ ਹੋਂਦ ਨੂੰ ਜਜ਼ਬ ਕਰਨ ਵਾਲੀ ਧਾਰਾ 25-ਬੀ ਵਿਚ ਸੋਧ ਨਹੀਂ ਕੀਤੀ ਜਾ ਸਕਦੀ ?

ਬੇਸ਼ੱਕ ਸਿੱਖ ਭਾਰਤ ਦੀ ਆਬਾਦੀ ਦਾ ਇਸ ਵੇਲੇ ਸਿਰਫ਼ 1.7 ਫ਼ੀਸਦੀ ਹਿੱਸਾ ਹਨ ਪਰ ਇਸ ਦੇ ਬਾਵਜੂਦ ਸਿੱਖਾਂ ਦਾ ਅੱਜ ਵੀ ਦੇਸ਼ ਦੀ ਉਨਤੀ 'ਚ ਆਬਾਦੀ ਦੇ ਅਨੁਪਾਤ 'ਚ ਸਭ ਤੋਂ ਵੱਧ ਯੋਗਦਾਨ ਹੈ। ਅੱਜ ਸਿੱਖ ਦੇਸ਼ ਦੀ ਕੁੱਲ ਆਮਦਨ ਕਰ ਦਾ 35 ਫ਼ੀਸਦੀ ਹਿੱਸਾ, ਸਮਾਜ ਭਲਾਈ ਦੇ ਕਾਰਜਾਂ ਵਿਚ 67 ਫ਼ੀਸਦੀ ਅਤੇ ਫ਼ੌਜ ਵਿਚ 50 ਹਜ਼ਾਰ ਤੋਂ ਵੱਧ ਸਿੱਖ ਫ਼ੌਜੀ ਯੋਗਦਾਨ ਪਾ ਰਹੇ ਹਨ ਪਰ ਸਿੱਖਾਂ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਕਰਾਰਾਂ ਨੂੰ ਸੰਵਿਧਾਨਕ ਰੂਪ ਵਿਚ ਲਾਗੂ ਕਰਨ ਤੋਂ ਇਨਕਾਰ ਕਿਉਂ ? ਸਿੱਖਾਂ ਨਾਲ ਤਾਂ ਕੀ ਦੇਸ਼ ਦੇ ਲੋਕਤੰਤਰ, ਧਰਮ-ਨਿਰਪੱਖਤਾ ਅਤੇ ਵੰਨ-ਸੁਵੰਨਤਾ ਭਰੀ ਅਖੰਡਤਾ ਦੇ ਸ਼ਿੰਗਾਰ- ਸੂਬਿਆਂ ਦੀ ਖ਼ੁਦਮੁਖਤਿਆਰੀ ਲਈ ਸੰਘੀ ਢਾਂਚੇ ਦਾ ਨਿਰਮਾਣ ਕਰਨ ਤੋਂ ਵੀ ਮੂੰਹ ਮੋੜ ਲਿਆ ਗਿਆ, ਜਦੋਂਕਿ 9 ਦਸੰਬਰ 1946 ਨੂੰ ਪੰਡਿਤ ਨਹਿਰੂ ਨੇ ਸੰਵਿਧਾਨ ਸਭਾ ਦੇ ਪਹਿਲੇ ਇਜਲਾਸ ਵਿਚ ਮਤਾ ਪਾਸ ਕਰਕੇ ਐਲਾਨ ਕੀਤਾ ਸੀ, ਕੁਝ ਕੁ ਵਿਭਾਗਾਂ ਨੂੰ ਛੱਡ ਕੇ ਦੇਸ਼ ਦੇ ਸਾਰੇ ਪ੍ਰਾਂਤ ਆਪੋ ਆਪਣੇ ਖੇਤਰ ਵਿਚ ਮੁਕੰਮਲ ਤੌਰ 'ਤੇ ਖ਼ੁਦਮੁਖਤਿਆਰ ਹੋਣਗੇ। ਜੇਕਰ ਸੰਵਿਧਾਨ ਬਣਾਉਣ ਤੱਕ ਸਿੱਖਾਂ ਨਾਲ ਕੀਤੇ ਸਾਰੇ ਵਾਅਦੇ ਵਫ਼ਾ ਹੋਏ ਹੁੰਦੇ ਤਾਂ ਪੰਜਾਬੀ ਸੂਬੇ ਲਈ ਸਿੱਖਾਂ ਨੂੰ ਮੋਰਚੇ ਲਗਾ ਕੇ ਸ਼ਹੀਦੀਆਂ ਨਾ ਦੇਣੀਆਂ ਪੈਂਦੀਆਂ, ਡੈਮ ਅਤੇ ਪੰਜਾਬ ਦੇ ਦਰਿਆਈ ਪਾਣੀ ਨਾ ਖੋਹੇ ਜਾਂਦੇ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਸੰਘਰਸ਼ ਨਾ ਕਰਨਾ ਪੈਂਦਾ ਅਤੇ ਅੱਜ ਵੀ ਪੰਜਾਬ ਨੂੰ ਹਰ ਖੇਤਰ ਵਿਚ ਕੇਂਦਰ ਦੀਆਂ ਘੋਰ-ਵਿਤਕਰੇਬਾਜ਼ੀਆਂ ਦਾ ਸ਼ਿਕਾਰ ਨਾ ਹੋਣਾ ਪੈਂਦਾ। ਅਖ਼ੀਰ ਵਿਚ 3 ਸਤੰਬਰ 1990 ਨੂੰ ਦੇਸ਼ ਦੀ ਸੰਸਦ 'ਚ ਪਟਿਆਲਾ ਤੋਂ ਲੋਕ ਸਭਾ ਮੈਂਬਰ ਅਤਿੰਦਰਪਾਲ ਸਿੰਘ ਵਲੋਂ ਪੰਜਾਬ ਵਿਚ ਗੜਬੜਗ੍ਰਸਤੀ ਦੀ ਸਮੱਸਿਆ 'ਤੇ ਕੀਤੀ ਸਿੱਟਾਮੁਖੀ ਟਿੱਪਣੀ ਧਿਆਨ ਮੰਗਦੀ ਹੈ ਕਿ, ਜਦੋਂ ਤੱਕ ਪੰਡਤ ਨਹਿਰੂ, ਗਾਂਧੀ ਜੀ ਅਤੇ ਡਾ. ਅੰਬੇਦਕਰ ਵਲੋਂ ਸੰਵਿਧਾਨ-ਘਾੜਨੀ ਸਭਾ 'ਚ ਸਿੱਖਾਂ ਪ੍ਰਤੀ ਕੀਤੇ ਵਾਅਦੇ ਵਫ਼ਾ ਨਹੀਂ ਹੁੰਦੇ, ਪੰਜਾਬ ਸਮੱਸਿਆ ਦਾ ਸਦੀਵੀ ਹੱਲ ਨਹੀਂ ਨਿਕਲ ਸਕਦਾ।

**ਤਲਵਿੰਦਰ ਸਿੰਘ ਬੁੱਟਰ**
98780-70008

# ਜੇ ਦੇਸ਼ ਦੇ ਆਜ਼ਾਦੀ ਘੁਲਾਟੀਆਂ ਨੂੰ ਪਤਾ ਹੁੰਦਾ ਤਾਂ....



ਲੰਬਾ ਸਮਾਂ ਪਹਿਲਾਂ 1906 'ਚ ਅੰਗਰੇਜ਼ਾਂ ਦੇ ਖ਼ਿਲਾਫ਼ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਇੱਕ ਵੱਡਾ ਸੰਘਰਸ਼ ਪਗੜੀ ਸੰਭਾਲ ਜੱਟਾ ਲੜਿਆ ਗਿਆ ਅੱਜ ਇਹ ਗੱਲ ਯਾਦ ਮੇਰੇ ਵਾਰ ਵਾਰ ਪਤਾ ਨੀ ਕਿਉਂ ਯਾਦ ਆ ਰਹੀ ਹੈ ਜਦ ਦੂਜੇ ਪਾਸੇ ਪੰਜਾਬ ਦਾ ਕਿਸਾਨ ਸੜਕਾਂ ਤੇ ਨਿਕਲ ਕੇ ਆਪਣੇ ਪਰਿਵਾਰਾਂ ਸਮੇਤ ਸੰਘਰਸ਼ ਕਰ ਰਿਹਾ ਹੈ । ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੇਂਦਰ ਦੇ ਖ਼ਿਲਾਫ਼ ਚੱਲ ਰਹੇ ਕਿਸਾਨੀ ਅੰਦੋਲਨ ਨੇ ਪੰਜਾਬ ਦੇ ਨੌਜਵਾਨ ਵਰਗ ਦਾ ਮੁਹਾਣ ਬਦਲ ਕੇ ਵਰ੍ਹਿਆਂ ਬਾਅਦ ਇਨ੍ਹਾਂ ਨੂੰ ਇੱਕ ਨਵੇਂ 'ਤੇ ਚੰਗੇ ਹੱਕੀ ਮੁੱਦੇ ਵੱਲ ਮੋੜਿਆ ਹੈ ।ਅੰਗਰੇਜ਼ਾਂ ਸਮੇਂ ਲੜੇ ਗਏ 'ਪੱਗੜੀ ਸੰਭਾਲ ਜੱਟਾ' ਸੰਘਰਸ਼ ਦੀ ਤਰਜ਼ ਤੇ ਚੱਲ ਰਹੇ ਅਜੋਕੇ ਅੰਦੋਲਨ ਦੌਰਾਨ ਦਿਲੀ ਦੇ ਬਾਰਡਰ ਤੇ ਭਾਈਚਾਰਕ ਏਕਤਾ ਦੀ ਨਵੀਂ ਮਿਸਾਲ ਪੈਦਾ ਹੋਈ ਹੈ ਜਿੱਥੇ ਨੌਜਵਾਨ ਅਤੇ ਕਲਾਕਾਰਾਂ ਬੁਲੰਦ ਹੌਸਲਿਆਂ ਨਾਲ ਆਪਣੇ ਹੱਕਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ।

ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਏ ਨੌਜਵਾਨ ਕਿਸਾਨ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਦਾ ਸੂਤਰਧਾਰ ਬਣ ਕੇ ਇਸ ਜੰਗ ਵਿਚ ਰੋਲ ਅਦਾ ਕਰ ਰਹੇ ਹਨ । ਕਿਸਾਨ ਅੰਦੋਲਨ ਵਿਚ ਪਹੁੰਚੇ ਬਹੁਤ ਸਾਰੇ ਨੌਜਵਾਨਾਂ ਦਾ ਮੰਨਣਾ ਹੈ ਕਿ ਇਸ ਦੇਸ਼ ਵਿਆਪੀ ਅੰਦੋਲਨ ਦਾ ਪੰਜਾਬ ਦੀ ਰਾਜਨੀਤੀ ਤੇ ਵੱਡਾ ਪ੍ਰਭਾਵ ਪੈਣਾ ਲਾਜ਼ਮੀ ਹੈ ਇੱਥੇ ਸਭ ਵਰਗਾਂ ਦੇ ਲੋਕਾਂ ਦੀ ਕੀਤੀ ਸ਼ਮੂਲੀਅਤ ਨੇ ਨਵੇਂ ਦਿਸਹੱਦੇ ਕਾਇਮ ਕੀਤੇ ਹਨ । ਅੰਦੋਲਨ ਵਿਚ ਪਹੁੰਚੇ ਨੌਜਵਾਨ ਇਸ ਗੱਲੋਂ ਵੀ ਬਾਗੋਬਾਗ ਨਜਰ ਆ ਰਹੇ ਹਨ ਕਿ ਪਿਛਲੇ ਲੰਬੇ ਸਮੇਂ ਤੋਂ ਕਲਾਕਾਰਾਂ ਦੇ ਇੱਕ ਵੱਡੇ ਹਿੱਸੇ ਤੇ ਲੱਚਰ ਗੀਤ ਗਾਉਣ ਦੇ ਲੱਗ ਰਹੇ ਇਲਜ਼ਾਮਾਂ ਨੂੰ ਇਸ ਸਮੇਂ ਠੱਲ੍ਹ ਜਰੂਰ ਪਈ ਹੈ ਚੰਗਾ ਹੋਵੇ ਜੇਕਰ ਇਹ ਲੋਕ ਇਸੇ ਤਰ੍ਹਾਂ ਲੋਕ ਮੁੱਦਿਆਂ ਨੂੰ ਜਨਤਾ ਦੀ ਕਚਹਿਰੀ ਵਿਚ ਲਿਆ ਕੇ ਆਪਣੀ ਗਾਇਕੀ ਨੂੰ ਸਹੀ ਰਸਤੇ ਦਾ ਪਾਂਧੀ ਬਣਾਉਣ ।ਨੌਜਵਾਨ ਬੜੇ ਜੋਸ਼ ਅਤੇ ਜਜ਼ਬੇ ਨਾਲ ਇਹ ਆਖ ਰਹੇ ਨਜ਼ਰੀਂ ਪੈਂਦੇ ਹਨ ਜਿੰਨਾ ਚਿਰ ਕੇਂਦਰ ਦੀ ਹਕੂਮਤ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨ ਲੈਂਦੀ ਉਨ੍ਹਾਂ ਚਿਰ ਉਹ ਦਿੱਲੀ ਦੇ ਬਾਰਡਰਾਂ ਤੇ ਸ਼ੰਘਰਸ਼ ਦਾ ਹਿੱਸਾ ਬਣੇ ਰਹਿਣਗੇ ।

ਹੈਰਾਨੀ ਦੀ ਗੱਲ ਹੈ ਕਿ ਬਹੁਤ ਜਿਆਦਾ ਠੰਢ ਅਤੇ ਸਰਦੀ ਦੇ ਕੱਕਰ ਵਿੱਚ ਵੀ ਪੰਜਾਬ ਦੇ ਕਿਸਾਨ ਦਿੱਲੀ ਦੀਆਂ ਸੜਕਾਂ ਤੇ ਡਟੇ ਹੋਏ ਹਨ ਉੱਥੇ ਪੰਜਾਬ ਦੇ ਵੱਖ ਵੱਖ ਵੱਖ ਕਲਾਕਾਰਾਂ ਤੇ ਐਕਟਰਾਂ ਵੱਲੋਂ ਜਾ ਕੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕੀਤਾ ਜਾ ਰਿਹਾ ਹੈ ।ਪੰਜਾਬ ਦਾ ਹਿੰਦੂ ਭਾਈਚਾਰਾ ਅਤੇ ਮੁਸਲਿਮ ਵਰਗ ਬੀ ਦਿੱਲੀ ਦੀਆਂ ਸੜਕਾਂ ਤੇ ਅੱਜ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਨਜ਼ਰ ਆਉਂਦਾ ਹੈ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਹਿਮ ਮੁੱਦੇ ਹਨ ਜੋ ਵਿਚਾਰੇ ਜਾ ਰਹੇ ਹਨ ।ਅਜੇ ਤਕ ਭਾਵੇਂ ਕੇਂਦਰੀ ਸਰਕਾਰ ਨੇ ਕਿਸਾਨਾਂ ਨੂੰ ਕੋਈ ਲੜ ਪੱਲਾ ਨਹੀਂ ਫੜਾਇਆ ਪਰ ਕਿਸਾਨ ਬੁਲੰਦ ਹੌਸਲਿਆਂ ਦੇ ਨਾਲ ਡਟੇ ਹੋਏ ਹਨ ਇੱਕ ਹੋਰ ਇਸ ਦਾ ਅਹਿਮ ਪਹਿਲੂ ਹੈ ਕਿ ਆਉਂਦੇ ਦਿਨਾਂ ਨੂੰ ਬਹੁਤ ਜਿਆਦਾ ਗਰਮੀ ਦੀ ਬਹੁਤਾਤ ਹੋਣ ਕਾਰਨ ਕਿਸਾਨਾਂ ਨੂੰ ਮੁਸ਼ਕਲਾਂ ਭਰੇ ਦੌਰ ਵਿੱਚੋਂ ਗੁਜ਼ਰਨਾ ਇਨ੍ਹਾਂ ਗੱਲਾਂ ਦਾ ਧਿਆਨ ਰੱਖਦਿਆਂ ਕਿਸਾਨ ਭਾਈਚਾਰਾ ਬੈਠ ਕੇ ਸਿਰ ਜੋੜ ਕੇ ਇਨ੍ਹਾਂ ਗੱਲਾਂ ਤੇ ਵਿਚਾਰ ਕਰੇ ਤਾਂ ਚੰਗਾ ਹੈ ।

ਕੁਝ ਵੀ ਹੋਵੇ ਮੇਰੇ ਦੇਸ਼ ਦਾ ਕਿਸਾਨ ਦਿੱਲੀ ਦੀਆਂ ਸੜਕਾਂ ਤੇ ਨਿਕਲ ਕੇ ਆਪਣੇ ਹੱਕਾਂ ਦੀ ਦਿਲ ਜੱਦੋ ਜਹਿਦ ਕਰ ਰਿਹਾ ਹੈ ਸੋ ਅਸੀਂ ਅਮਰੀਕਾ ਵਿੱਚ ਬੈਠੇ ਹੋਏ ਵੀ ਉਨ੍ਹਾਂ ਦੇ ਨਾਲ ਹਾਂ ਜੋ ਸਾਥੋਂ ਸਰ ਰਿਹਾ ਅਸੀਂ ਕਰ ਰਹੇ ਹਾਂ ।ਇੱਕ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਸਾਡੇ ਇੱਥੇ ਅਮਰੀਕਾ ਵਿੱਚ ਸਰਕਾਰ ਭਾਵੇਂ ਕਈ ਵਾਰ ਆਪਣੇ ਲੋਕਾਂ ਦੇ ਨਾਲ ਧੱਕਾ ਜਰੂਰ ਕਰਦੀ ਹੈ ਪਰ ਇਸ ਤਰ੍ਹਾਂ ਕਦੇ ਨਹੀਂ ਹੋਇਆ ਜਿਸ ਤਰ੍ਹਾਂ ਭਾਰਤ ਦੀ ਸਰਕਾਰ ਕਿਸਾਨਾਂ ਦੇ ਨਾਲ ਕਰ ਰਹੀ ਹੈ ।ਆਪਣੇ ਆਪ ਚ ਬੇਹੱਦ ਮਾੜੀ ਅਤੇ ਜ਼ੁਲਮ ਭਰੇ ਵਤੀਰੇ ਨੂੰ ਦੇਖ ਕੇ ਮਨ ਭਰ ਆਉਂਦਾ ਹੈ ।ਕਿਸਾਨਾਂ ਦੀ ਹਾਲਤ ਇਹ ਹੋ ਚੁੱਕੀ ਹੈ ਜ਼ਮੀਨਾਂ ਛੱਡ ਨਹੀਂ ਸਕਦੇ ਇਸੇ ਲਈ ਉਨ੍ਹਾਂ ਵੱਲੋਂ ਦਿੱਲੀ ਦੀਆਂ ਸੜਕਾਂ ਤੇ ਬੈਠਣਾ ਮਜਬੂਰੀ ਬਣ ਚੁੱਕੀ ਹੈ ਪਰ ਇਹ ਗੱਲ ਸਰਕਾਰ ਨੂੰ ਸੋਚਣੀ ਬਣਦੀ ਹੈ ਕਿ ਉਸ ਦਾ ਕਿਸਾਨਾਂ ਨਾਲ ਵਤੀਰਾ ਠੀਕ ਕਿਉਂ ਨਹੀਂ ਹੋ ਰਿਹਾ ।

ਵਾਰ ਵਾਰ ਚੇਤੇ ਆਉਂਦੀਆਂ ਨੇ ਆਜਾਦੀ ਦੇ ਉਨ੍ਹਾਂ ਮਹਾਨ ਘੁਲਾਟੀਆਂ ਦੀਆਂ ਗੱਲਾਂ ਜਿਨ੍ਹਾਂ ਵੱਲੋਂ ਆਪਣੇ ਦੇਸ਼ ਦੀ ਖਾਤਰ ਪੂਰੀ ਤਰ੍ਹਾਂ ਗੜੁੱਚ ਹੋ ਕੇ ਜੰਗਾਂ ਲੜੀਆਂ ਗਈਆਂ ਪਰ ਜੇ ਉਨਾ ਨੂੰ ਪਤਾ ਹੁੰਦਾ ਕਿ ਇਹ ਦਿਨ ਵੀ ਦੇਖਣੇ ਪੈਣਗੇ ਤਾਂ ਉਹ ਸ਼ਾਇਦ ਆਪਣੇ ਪਰਿਵਾਰਾਂ ਅਤੇ ਆਪਣੇ ਆਪ ਨੂੰ ਕੁਰਬਾਨ ਨਾ ਕਰਦੇ ਸ਼ਰਮ ਆਉਂਦੀ ਹੈ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਤੇ ਕਿਉਂਕਿ ਇਨਸਾਨੀ ਤੌਰ ਤੇ ਵੀ ਇਨ੍ਹਾਂ ਗੱਲਾਂ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ ।ਰੱਬ ਦਾ ਵਾਸਤਾ ਭਾਰਤ ਦੀ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ ਕਿਸਾਨਾਂ ਤੋਂ ਮੁਆਫੀ ਮੰਗ ਲੈਣੀ ਚਾਹੀਦੀ ਹੈ ਇਸ ਨੂੰ ਹੀ ਚੰਗੀ ਗੱਲ ਆਖਿਆ ਜਾਵੇਗਾ ।

**ਸਿੰਦਰ ਸਿੰਘ ਮੀਰਪੁਰੀ**
**ਫਰਿਜ਼ਨੋ ਯੂ.ਐਸ.ਏ.**
5592850841

# ਪ੍ਰੀਤ ਫੁਲਵਾੜੀ

## ਸੁਣ ਵੇ ਰਾਜ ਕਰੇਂਦਿਆ

ਸੁਣ ਵੇ ਰਾਜ ਕਰੇਂਦਿਆ ,ਤੇਰੀ ਬੁੱਧੀ ਗਈ ਉਲੱਥ,
ਤੂੰ ਖਾਵੇ ਖੇਤ ਹੀ ਆਪਣੇ,ਤੇਰੀ ਗਿੱਟਿਆਂ ਦੇ ਵਿੱਚ ਮੱਤ।
ਸੁਣ ਵੇ ਰਾਜ ਕਰੇਂਦਿਆ,ਤੇਰੇ ਪੁੱਠੇ ਬੜੇ ਕਾਨੂੰਨ,
ਪਰ ਚੱਲਣ ਅਸੀਂ ਨਾ ਦੇਵਣੇ,ਸਾਡੇ ਖ਼ੂਨ ਚ ਇਹੋ ਜਨੂੰਨ।
ਸੁਣ ਵੇਂ ਰਾਜ ਕਰੇਂਦਿਆ,ਤੇਰੀ ਟੇਡੀ ਮੇਢੀ ਚਾਲ,
ਅਸਾਂ ਬੰਨ੍ਹ ਲਈ ਪਗੜੀ ਮੌਤ ਦੀ,ਤੇਰੇ ਪੈਰੀਂ ਪਊ ਭੂਚਾਲ।
ਸੁਣ ਵੇ ਰਾਜ ਕਰੇਂਦਿਆ,ਸਾਡੀ ਖੇਤੀ ਸਾਡਾ ਧਰਮ,
ਤੈਨੂੰ ਕਿਰਤ ਸਮਝ ਨਾ ਆਵਣੀ, ਕਿਉ ਲੱਥੀ ਤੇਰੀ ਸਰਮ।
ਸੁਣ ਵੇ ਰਾਜ ਕਰੇਂਦਿਆ , ਵੇ ਕੀ ਅਕਾਸ ਪਤਾਲ,
ਅਸੀ ਸਭ ਚਤੁਰਾਈ ਸਮਝਦੇ,ਨਾ ਪਾ, ਸਬਦਾਂ ਦੇ ਜਾਲ।
ਸੁਣ ਵੇ ਰਾਜ ਕਰੇਂਦਿਆ ,ਅਸੀਂ ਹਾਂ ਨਾਨਕ ਦੇ ਜਾਏ,
ਤੇਰੇ ਵਰਗੇ ਬਾਬਰ-ਕੇ ਕਈ , ਹਨ ਨਰਕਾਂ ਨੂੰ ਪਾਏ,
ਸੁਣ ਵੇ ਰਾਜ ਕਰੇਂਦਿਆ ,ਇਥੇ ਕਈ ਆਏ ਕਈ ਗਏ,
"ਰਾਜਨ" ਰਾਜ ਸਦਾ ਨਹੀਂ ਰਹਿੰਦੇ , ਝੱਟ ਤਖਤੇ ਪਲਟ ਗਏ।

**ਰਾਜਨਦੀਪ ਕੌਰ ਮਾਨ**
6239326166

## ਕਿੱਲਾਂ ਕੰਡੇ

ਜੋ ਰਾਹਾਂ ਵਿੱਚ ਕਿੱਲਾਂ ਕੰਡੇ ਅੱਜ ਖਲਾਰੇ।
ਅਪਣੇ ਹੱਥੀਂ ਚੁਗਣੇ ਪੈਣੇ ਸਭ ਸਰਕਾਰੇ।
ਹਾਲੇ ਵੀ ਹੈ ਸੀਸ ਤਲੀ ਤੇ ਦੇਸ ਦੀ ਖਾਤਿਰ,
ਸਿਦਕ ਭਰੋਸਾ ਕੈਮ ਸਮਝ ਨਾ ਹਾਰੇ ਹਾਰੇ ।
ਹਰ ਵੇਲੇ ਹੀ ਚਹੁੰਦੇ ਅਮਨ ਅਮਾਨ ਅਸੀਂ, ਪਰ,
ਤੇਰੀ ਬਦਨੀਤੀ ਤੇ ਚੜ੍ਹ ਚੜ੍ਹ ਜਾਵਣ ਪਾਰੇ ।
ਸੱਤਾ ਉੱਤੇ ਕਾਬਜ ਕਾਹਦਾ ਹੋਇਆਂ ਹੈਂ ਤੂੰ,
ਕਿਰਤੀ ਲੋਕਾਂ ਦੇ ਹੀ ਤੈਂ ਢਾਹ ਦਿੱਤੇ ਢਾਰੇ ।
ਰੋਜ ਸਿਆਸਤ ਕਰਦੈਂ ਵੰਡਣ ਵੰਡਣ ਦੀ,ਪਰ,
ਟੋਪੀ ਪਗੜੀ ਹਾਲੇ ਵੀ ਇਕ ਜੁਟ ਨੇ ਸਾਰੇ।
ਮੇਟ ਨਾ ਸਕਿਆ ਔਰੰਗਾ ਵੀ ਹੋਂਦ ਨਾ ਸਾਡੀ,
ਦੇਗਾਂ ਵਿਚ ਉਬਲੇ ਹਾਂ ਚੱਲੇ ਤਨ ਤੇ ਆਰੇ।
ਕਾਮੇ ਲੋਕਾਂ ਨੂੰ ਜਿੱਤਣ ਦੇ ਸੁਪਨੇ ਨਾ ਲੈ,
ਕਾਮੇ ਲੋਕਾਂ ਦੇ ਹੁੰਦੇ ਨੇ ਹੱਥ ਕਰਾਰੇ।
ਇਹ ਤਖਤ ਕਿਸੇ ਦਾ ਸੱਕਾ ਨਹੀਂ ਏ ਗੁਲਸਨ ਜੀ,
ਅੱਕੇ ਲੋਕੀ ਖੋਹ ਲੈਂਦੇ ਨੇ ਮਹਿਲ ਮੁਨਾਰੇ।

**ਲੇਖਕ:ਗੁਲਸਨ ਸਰਮਾ, ਮਿਰਜਾਪੁਰੀ**

## ਇਨਸਾਨਾਂ

ਉਏ ਆ ਗਲਵਕੜੀ ਪਾਕੇ ਮਿਲੀਏ ਹੋਕੇ ਕੋਲੋਂ ਕੋਲ
ਆ ਇਨਸਾਨਾਂ ਕੱਠੇ ਬਹਿਕੇ ਲਈਏ ਢਿੱਡ ਫ਼ਰੋਲ
ਅੱਜਕੱਲ ਨੇਤਾ ਲੋਕਾਂ ਨੂੰ ਲੜਵਾਕੇ ਰਾਜ ਨੇ ਕਰਦੇ
ਆਜਾ ਇੱਕ ਅਵਾਜ ਉਠਾਈਏ ਚੱਕ ਦੇਈਏ ਸੱਭ ਪਰਦੇ
ਜੇ ਆਪਾਂ ਇੱਕਮੁੱਠ ਹੋ ਜਾਈਏ ਤਖਤ ਜਾਣਗੇ ਡੋਲ
ਆ ਇਨਸਾਨਾਂ ਕੱਠੇ ਬਹਿਕੇ ਲਈਏ ਢਿੱਡ ਫ਼ਰੋਲ........
ਧਰਮ ਨੂੰ ਅੱਜ ਬਣਾਇਆ ਇੰਨਾ ਰਾਜਨੀਤੀ ਦਾ ਅਖਾੜਾ
ਫ਼ੁੱਟ ਪਾਓ ਦੀ ਰਾਜਨੀਤੀ ਹੈ ਪਾਈ ਜਾਂਦੇ ਐ ਪਾੜਾ
ਇੱਕ ਦੂਜੇ ਨਾ ਆਪਾਂ ਲੜਦੇ ਬੋਲਕੇ ਮੰਦੜੇ ਬੋਲ
ਆ ਇਨਸਾਨਾਂ ਕੱਠੇ ਬਹਿਕੇ ਲਈਏ ਢਿੱਡ ਫ਼ਰੋਲ...........
ਜਸਵੀਰ ਫ਼ੀਰਿਆ ਸਾਰੇ ਆਜੋ ਰਲਮਿਲ ਕਸਮਾਂ ਪਾਈਏ
ਇਨਸਾਨੀਅਤ ਤੋਂ ਧਰਮ ਨਾ ਵੱਡਾ ਆਜੋ ਫ਼ਰਜ ਨਿਭਾਈਏ
ਸੱਭ ਨਾ ਦੁੱਖ ਸੁੱਖ ਸਾਂਝੇ ਕਰੀਏ ਜਿੰਦਗੀ ਹੈ ਅਨਮੋਲ
ਆ ਇਨਸਾਨਾਂ ਕੱਠੇ ਬਹਿਕੇ ਲਈਏ ਢਿੱਡ ਫ਼ਰੋਲ............

**ਜਸਵੀਰ ਫ਼ੀਰਾ**
**ਪਿੰਡ ਸੂਰਘੁਰੀ ਜਿਲਾ ਫ਼ਰੀਦਕੋਟ**
**ਮੋਬਾਈਲ ਨੰਬਰ** 8437368027

## .ਗ਼ਜ਼ਲ

ਆਪਣੇ ਹੁਣ , ਪਰਾਏ ਹੋ ਗਏ ,
ਦੁਸਮਣ ਯਾਰ , ਛਾਏ ਹੋ ਗਏ ।
ਵਾੜ ਖੇਤ ਨੂੰ , ਖਾਣ ਲੱਗੀ ,
ਰੱਜੇ ਪੁੱਜੇ , ਤਿਰਹਾਏ ਹੋ ਗਏ ।
ਨਿੱਕੀ ਗੱਲ ਤੇ , ਰਿਸਤੇ ਟੁੱਟ ਰਹੇ ,
ਮੈਂ ਨਾਲ ਬੁੱਲ, ਸਜਾਏ ਹੋ ਗਏ ।
ਸਹਿਰ ਤੇਰਾ ਦਰਦੀ , ਪੱਥਰ ਵਰਗਾ,
ਦਿਲ ਲੋਕਾਂ ਦੇ , ਪਥਰਾਏ ਹੋ ਗਏ ।
ਕੱਚੀ ਡੋਰ , ਮੁਹੱਬਤਾਂ ਦੀ ਅੱਜਕਲ ,
'ਸਵਿ' , ਜਸਿਮ ਦੇਖ , ਵਿਕਾਏ ਹੋ ਗਏ।

**ਸਵਿਨਾਥ ਦਰਦੀ**
**ਸੰਪਰਕ ਨੰ:**-9855155392

## ਸਰਕਾਰ ਨੂੰ ਹਰਾ ਕੇ ਮਿੱਤਰੋ

ਸਾਂਝੇ ਘੋਲ਼ ਵਿੱਚ ਜਿਹੜੇ ਹੋਏ ਨੇ ਸ਼ਹੀਦ ,
ਯਾਦ ਕਰਦੇ ਹਾਂ ਸਿਰਾਂ ਨੂੰ ਝੁਕਾਅ ਕੇ ਮਿੱਤਰੋ ।
ਅਸੀਂ ਇੱਕੋ ਦਿਨ ਸਾਰਿਆਂ ਦੀ ਬਰਸੀ ਮਨਾਉਂਣੀ ,
ਪਹਿਲਾਂ ਲੋਟੂ ਸਰਕਾਰ ਨੂੰ ਹਰਾ ਕੇ ਮਿੱਤਰੋ ।
ਇੱਕ ਨਈਂ ਅਨੇਕ ਕੀਤੇ ਫੈਸਲੇ ਇਹੋ 'ਜੇ ,
ਜਿਹੜੇ ਘਾਤਕ ਨੇ ਦੇਸ਼ ਦਿਆਂ ਲੋਕਾਂ ਵਾਸਤੇ ।
ਖੇਤੀ ਸੋਧ ਬਿੱਲ ਤਿੰਨ ਚਾਰ ਜੋ ਬਣਾਏ ,
ਇਹ ਵੀ ਜਾਪਦੇ ਬਣਾਏ ਜਿਵੇਂ ਜੋਕਾਂ ਵਾਸਤੇ ।
ਤਾਂ ਹੀ ਲੌਕ ਡਾਉਨ ਵਿੱਚ ਆਰਡੀ ਨੈਂਸ ਰਾਹੀਂ ,
ਲਾਗੂ ਕੀਤੇ ਅੱਖ 'ਜੀ ਚੁਰਾ ਕੇ ਮਿੱਤਰੋ ।
ਇੱਕੋ ਦਿਨ ਸਾਰਿਆਂ ਦੀ ਬਰਸੀ ------
ਕੀਤਾ ਅਧਿਐਨ ਜਦੋਂ ਜੋੜ ਕੇ ਸਿਰਾਂ ਨੂੰ ,
ਝੰਡਾ ਚੁੱਕਿਆ ਪੰਜਾਬੀਆਂ ਨੇ ਸਾਰਿਆਂ ਤੋਂ ਪਹਿਲਾਂ।
ਹੌਲ਼ੀ ਹੌਲ਼ੀ ਲੋਕਾਂ ਨੂੰ ਸੀ ਲਾਮਬੰਦ ਕੀਤਾ ,
ਲਾਏ ਧਰਨੇ ਸੀ ਢੋਲ ਤੇ ਨਗਾਰਿਆਂ ਤੋਂ ਪਹਿਲਾਂ ।
ਤਿੰਨ ਮੀਨ੍ਹੇ ਪਹਿਲਾਂ ਪਹੁੰਚੇ ਦਿੱਲੀ ਦਿਆਂ ਬਾਡਰਾਂ 'ਤੇ,
ਰਾਹ ਦੇ ਸਾਰੇ ਵੱਟਾਂ ਬੰਨੇਂ ਢਾਹ ਕੇ ਮਿੱਤਰੋ ।
ਇੱਕੋ ਦਿਨ ਸਾਰਿਆਂ ਦੀ ਬਰਸੀ ------
ਹੌਲ਼ੀ ਹੌਲ਼ੀ ਹੋਰਾਂ ਨੂੰ ਵੀ ਜਾਗ ਲੱਗ ਗਈ ਸੀ ,
ਪਹੁੰਚ ਗਿਆ ਸੀ ਸੁਨੇਹਾ ਜਦੋਂ ਸਾਰਿਆਂ ਦੇ ਤੱਕ।
ਤਿੰਨ ਮੀਨ੍ਹਿਆਂ 'ਚ ਗੱਲ ਪੁੱਜ 'ਗੀ ਆਖੀਰ ,
ਗੀਤਾਂ ਬੋਲੀਆਂ ਤੋਂ ਲੈ ਕੇ ਹੰਝੂ ਖਾਰਿਆਂ ਦੇ ਤੱਕ।
ਗੱਲ ਬਾਤ ਕੀਤੀ ਪੂਰੇ ਗੇੜ ਦੀ ਗਿਆਰਾਂ ,
ਰੇਲ ਹਾਕਮਾਂ ਦੀ ਰੱਖ 'ਤੀ ਬਣਾ ਕੇ ਮਿੱਤਰੋ ।
ਇੱਕੋ ਦਿਨ ਸਾਰਿਆਂ ਦੀ ਬਰਸੀ ------
ਸਵਾ ਦੋ ਸੌ ਸੂਰਮੇਂ ਸ਼ਹੀਦ ਕਰਵਾ ਕੇ ,
ਅਸੀਂ ਅਜੇ ਤਾਈਂ ਸਬਰਾਂ ਨੂੰ ਟੁੱਟਣ ਨਾ ਦਿੱਤਾ ।
ਹਾਕਮਾਂ ਨੇ ਛੱਡੇ ਸੀ ਕਈ ਸੱਪ ਤੇ ਸਪੋਲ਼ੀਏ ,
ਮਿੱਧ ਦਿੱਤੇ ਅਸੀਂ ਕੋਈ ਉੱਠਣ ਨਾ ਦਿੱਤਾ ।
ਪਿੰਡ ਰੰਚਣਾਂ ਵਾਲ਼ੇ ਨੇ ਲਿਖੇ ਦਰਜਨਾਂ ਹੀ ਗੀਤ ,
ਗਾਏ ਕਈ ਕਲਾਕਾਰਾਂ ਨੇ ਸਜਾ ਕੇ ਮਿੱਤਰੋ ।
ਇੱਕੋ ਦਿਨ ਸਾਰਿਆਂ ਦੀ ਬਰਸੀ ਮਨਾਉਂਣੀ ,
ਪਹਿਲਾਂ ਲੋਟੂ ਸਰਕਾਰ ਨੂੰ ਹਰਾ ਕੇ ਮਿੱਤਰੋ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
9478408898

## ਕਵਿਤਾ

ਪਿਆਰ ਦੇ ਨਾਲ ਜਿੱਥੇ ਹੋਵੇ ਸਤਿਕਾਰ,
ਹੁੰਦਾ ਉੱਥੇ, ਜਿੱਥੇ ਹੋਣ ਸਾਂਝੇ ਪਰਿਵਾਰ।
ਸਾਂਝੇ ਪਰਿਵਾਰ ਦੀ ਕੀ ਗੱਲ ਸੁਣਾਈਏ,
ਕਿਹੜੇ ਕਿਹੜੇ ਦਸੋ ਫਾਇਦੇ ਗਣਾਈਏ।
ਮਿਹਨਤ, ਮਿਲਵਰਤਣ ਭਾਵਨਾਂ ਤੇ ਸੇਵਾ,
ਪਰਿਵਾਰਾਂ 'ਚੋ ਮਿਲਦਾ ਇਹਨਾਂ ਦਾ ਮੇਵਾ।
ਲਾਲਚ, ਝੂਠ, ਬੇਈਮਾਨੀ ਤੇ ਨਫ਼ਰਤ,
ਇਹਨਾਂ ਪਰਿਵਾਰਾਂ ਦੀ ਨਹੀਓ ਫ਼ਿਤਰਤ।
ਮਿਲ ਜੁਲ ਕੇ ਸਾਰੇ ਇਕੱਠੇ ਰਹਿਣ,
ਦੁਖ ਸੁਖ ਤੇ ਇਕ ਦੂਜੇ ਨਾਲ ਬਹਿਣ।
ਨਾ ਹੀ ਭਰਾ ਤੋਂ ਭਰਾ ਕੋਈ ਹੋਵੇ ਵੱਖ,
ਨਾ ਹੀ ਕੋਈ ਮਾਂ ਪਿਓ ਦੀ ਰੋਵੇ ਅੱਖ।
ਮਾ ਪਿਓ ਦੇ ਚਿਹਰੇ ਵੀ ਰਹਿੰਦੇ ਹੱਸਦੇ,
ਜਿੱਥੇ ਸਾਰੇ ਭਰਾ ਰਲਮਿਲ ਇਕੱਠੇ ਵਸਦੇ।
ਸਾਂਝੇ ਪਰਿਵਾਰ ਵਸਦੇ ਜਿਸ ਵੀ ਵੇਹੜੇ,
ਰਹਿਣ ਉਥੇ ਹਮੇਸ਼ਾ ਖ਼ੁਸ਼ੀਆਂ ਤੇ ਖੇੜੇ।
ਬਿਜਲੀ ਪਾਣੀ ਦਾ ਖਰਚਾ ਵੀ ਘਟ ਆਵੇ,
ਇੱਕੋ ਰਸੋਈ 'ਚ ਬਣ ਸਾਰਾ ਪਰਿਵਾਰ ਖਾਵੇ।
ਇੱਕ ਮਿੱਕ ਹੋ ਜਦੋਂ ਫੇਰ ਰੋਟੀ ਖਾਵਣ,
ਸਵਾਦ ਰੋਟੀ ਦਾ ਤੇ ਫੇਰ ਉਹੀ ਪਾਵਣ।
ਪਰਿਵਾਰ 'ਚੋ ਜੇ ਹੋਵੇ ਕੋਈ ਇਕ ਬਿਮਾਰ,
ਸਾਰੇ ਉਸ ਨਾਲ ਖੜਨ ਨੂੰ ਹੋਣ ਤਿਆਰ।
ਬੱਚਿਆਂ ਨੂੰ ਵੀ ਮਿਲਦੀ ਚੰਗੀ ਸਿਖਿਆ,
ਸਫਲ ਹੁੰਦੀ ਉਹਨਾਂ ਦੀ ਹਰ ਪ੍ਰੀਖਿਆ।
ਬੱਚੇ ਵੀ ਸਾਰੇ ਇਕੱਠੇ ਖੇਡਣ ਗਾਉਣ,
ਸਾਰੇ ਪਰਿਵਾਰ ਦਾ ਫੇਰ ਮਨ ਪ੍ਰਚਉਣ।
ਮੀਂਹ ਹਨੇਰੀ ਗਰਮੀ ਜਾ ਹੋਵੇ ਸਿਆਲ,
ਇਹਨਾਂ ਪਰਿਵਾਰਾ ਦੀ ਲੋਕੀਂ ਦੇਣ ਮਿਸਾਲ।
ਅਪਣੱਤ ਦੀਆਂ ਮਹਿਕਾਂ ਜਦੋਂ ਫੈਲਾਉਂਦੇ,
"ਬੇਦੀ" ਤਾਹੀਂਓ ਬਾਗ਼ ਪਰਿਵਾਰ ਕਹਾਉਂਦੇ।

**ਬਲਦੇਵ ਸਿੰਘ ਬੇਦੀ**
9041925181

## ਬੋਤਲ

ਕਿੱਸਾ ਸੁਣੋ ਸੁਣਾਵਾਂ, ਬੋਤਲਾਂ ਦਾ,
ਐਂਵੇ ਸਮਝੋ ਨਾ ਕੱਚ ਦੇ, ਤੁੱਲ ਬੋਤਲ।
ਮਨਾਂ ਵਿੱਚ ਕ੍ਰਾਂਤੀ, ਜਗਾ ਦਿੰਦੀ,
ਜਦੋਂ ਜਾਵੇ ਸਿਰਾਂ ਤੇ, ਝੁੱਲ ਬੋਤਲ।
ਹਰ ਇੱਕ ਪੈੱਗ ਦਾ, ਆਪਣਾ ਰੰਗ ਹੁੰਦਾ,
ਘੁੱਟ ਘੁੱਟ ਦਾ ਤਾਰਦੀ, ਮੁੱਲ ਬੋਤਲ।
ਰਹਿੰਦੀ ਜ਼ਾਤ-ਪਾਤ, ਤੇ ਨਾ ਧਰਮ ਕੋਈ,
ਜਦੋਂ ਮਹਿਫ਼ਲਾਂ ਵਿੱਚ ਜਾਏ, ਖੁੱਲ੍ਹ ਬੋਤਲ।
"ਤੂੰ ਮੇਰਾ ਬਾਈ, ਮੈਂ ਤੇਰਾ ਭਾਈ" ,
'ਕੌਮੀ ਏਕਤਾ' ਦੇ ਬਣ ਜਾਏ, ਤੁੱਲ ਬੋਤਲ।
ਜੰਗਾਂ ਯੁੱਧਾਂ ਦਾ ਰੂਪ, ਵੀ ਧਾਰ ਜਾਵੇ,
ਜੇਕਰ ਜਾਵੇ ਕਿਸੇ ਤੋਂ, ਡੁੱਲ੍ਹ ਬੋਤਲ।
ਜੇ ਕੋਈ ਕਰੇ ਹੰਕਾਰ, ਇਹਨੂੰ ਜਿੱਤ ਲਊਂ ਮੈਂ,
ਭੱਠਾ ਪਲਾਂ ਚ ਕਰਦੀ, ਗੁੱਲ ਬੋਤਲ।
ਖਾਲੀ ਕਰਕੇ ਆਪਣੇ, ਆਪ ਤਾਈਂ,
ਐਪਰ ਦੂਜਿਆਂ ਨੂੰ ਕਰਦੀ, ਫੁੱਲ ਬੋਤਲ।
ਤਾਹੀਓਂ 'ਰੋਮੀਆਂ' ਬੰਦੇ, ਨਿਸ਼ਕਾਮ ਵਾਗੂੰ,
ਜਾਂਦੀ ਅੰਤ ਕਬਾੜ ਚ, ਰੁੱਲ ਬੋਤਲ।
ਜਾਂਦੀ ਅੰਤ ਕਬਾੜ ਚ, ਰੁੱਲ ਬੋਤਲ,
ਜਾਵੇ ਅੰਤ ਕਬਾੜ.................

**ਰੋਮੀ ਘੜਾਮੇਂ ਵਾਲਾ।**
98552-81105

## ਜਾਵੋ ਨੀ ਕੋਈ ਮੋੜ ਲਿਆਵੋ

ਜਾਵੋ ਨੀ ਕੋਈ ਮੋੜ ਲਿਆਵੋ
ਜੋ ਜਹਾਨੋਂ ਗਈ ਏ ਤੁਰ ਨੀ
ਅੱਲਾ ਕਰੇ ਆ ਜਾ ਜਾਵੇ ਮਾਂ
ਮੱਥਾ ਲਵਾਂ ਮੈਂ ਚੁੰਮ ਨੀ
ਮਾਂ ਰੱਬ ਦਾ ਰੂਪ ਏ
ਕੋਈ ਅਗੰਮੀ ਨੂਰ ਏ
ਤੁਰ ਗਈ ਮੈਥੋਂ ਦੂਰ ਏ
ਗੱਲ ਸੁਣ ਮੇਰੀਏ ਮਾਏ
ਕਿੱਥੇ ਜਾ ਡੇਰੇ ਲਾਏ
ਮਾਂ ਦੀ ਨਿੱਘੀ ਗੋਦ ਏ
ਦੁੱਖ ਹੋ ਜਾਂਦੇ ਅਲੋਪ ਏ
ਕੋਈ ਨਾ ਰਹਿੰਦਾ ਰੋਗ ਏ
ਗੱਲ ਸੁਣ ਮੇਰੀਏ ਮਾਏ
ਕਿਉਂ ਤੁਰ ਗੀ ਦੇਸ਼ ਪਰਾਏ
ਮਾਂ ਦਿਆਂ ਹੱਥਾਂ ਦੀ ਚੂਰੀ
ਪ੍ਰੀਤ ਸੀ ਜਿਸ ਵਿੱਚ ਗੂੜ੍ਹੀ
ਖਾਂਦੇ ਨਾ ਪੈਂਦੀ ਪੂਰੀ
ਗੱਲ ਸੁਣ ਮੇਰੀਏ ਮਾਏ
ਤਰਸਦੇ ਅੱਜ ਤੇਰੇ ਜਾਏ
ਮਾਂ ਦੀਆਂ ਮਿੱਠੀਆਂ ਗਾਲ੍ਹਾਂ
ਹੁੰਦੀਆਂ ਘਿਓ ਦੀਆਂ ਨਾਲਾਂ
ਖਾਂਦਾ ਕੋਈ ਕਰਮਾਂ ਵਾਲਾ
ਨੀ ਗੱਲ ਸੁਣ ਮੇਰੀ ਮਾਈ
ਕਿਉਂ ਦੇ ਗਈ ਲੰਮੀ ਜੁਦਾਈ
ਮਾਂ ਤੇਰੇ ਰੋਂਦੇ ਬੱਚੜੇ
ਯਾਦ ਤੈਨੂੰ ਬਾਹਲਾ ਕਰਦੇ
ਕੋਈ ਨਾ ਪੁੱਛਦਾ ਖੜ ਕੇ
ਨੀ ਗੱਲ ਸੁਣ ਮੇਰੀਏ ਮਾਏ
ਤੈਨੂੰ ਤਰਸ ਕਿਉਂ ਨਾ ਆਏ
ਸੱਚ ਨੇ ਕਹਿੰਦੇ ਸਿਆਣੇ
ਮਾਪੇ ਨੇ ਕੀਮਤੀ ਗਹਿਣੇ
ਜ਼ਿੰਦਗੀ ਭਰ ਨੀ ਰਹਿਣੇ
ਨੀ ਗੱਲ ਸੁਣ ਮੇਰੀਏ ਮਾਏ
ਗੱਲ ਨਾਲ ਲਾ ਲੈ ਹਾਏ...

**ਅਮਰਦੀਪ ਕੌਰ**

## ਭਾਈਓਂ ਔਰ ਬੈਹਨੋ ਮੈਂ ਕੌਣ ਹੂੰ (ਜੁਮਲਾ)

ਭਾਈਓਂ ਔਰ ਬੈਹਨੋ ਮੁਝੇ ਨਹੀਂ ਮਾਲੂਮ ਅੱਛੇ ਦਿਨ ਕਿਸ ਕੇ ਆਨੇ ਵਾਲੇ ਹੈ
ਹਮ ਤੋਂ ਮੰਚ ਪਰ ਕੇਵਲ ਆਪ ਕੋ ਜੁਮਲੇ ਪੇ ਜੁਮਲਾ ਸੁਨਾਨੇ ਵਾਲੇ ਹੈ
ਹਮੇ ਆਪ ਕੀ ਨਹੀਂ ਫਿਕਰ ਕਿਆ ਆਪ ਸਾਮ ਕੋ ਭੂਖੇ ਪੇਟ ਸੋਨੇ ਵਾਲੇ ਹੈ
ਹਮ ਕਿਸਾਨੋ ਕੀ ਬਾਤ ਨਹੀਂ ਸੁਣਤੇ ਹਮ ਤੋਂ ਹੋਸਪੀਟਲ ਜਾਨੇ ਵਾਲੇ ਹੈ
ਮੈਂ ਪੂੰਜੀਪਤੀਓ ਕੀ ਸੁਣਤਾ ਹੂੰ ਆਪ ਕੌਣ ਮੁਝੇ ਸਮਜਾਨੇ ਵਾਲੇ ਹੈ
ਹਮ ਕੋ ਸਿਰਫ ਕਰੋੜਪਤੀਓ ਕੀ ਹੈ ਫਿਕਰ ਉਸ ਕੇ ਰਖਵਾਲੇ ਹੈ
ਭਾਈਓ ਔਰ ਬੈਹਨੋ ਮੈਂ ਕੌਣ ਹੂੰ ਹਮ ਆਪ ਕੋ ਜਹ ਬਤਾਨੇ ਵਾਲੇ ਹੈ
ਜੋ ਮੁਝੇ ਸਮਝ ਗਏ ਵੋ ਬੁੱਧੀਮਾਨ ਜੋ ਨਾ ਸਮਝੇ ਵੋ ਹੈ ਆਗਿਆਨੀ
ਦੇਸ਼ ਵਾਸੀਆਂ ਦੀ ਮੈਂ ਸੁਣਦਾ ਨਹੀਂ ਫਿਰ ਵੀ ਮੈਂ ਹਾ ਹਿੰਦੁਸਤਾਨੀ

**ਬਲਤੇਜ ਸੰਧੂ ਬੁਰਜ ਲੱਧਾ**
9455818158

## ਗੀਤ : ਮਸਤੀ

ਫਿਕਰਾਂ ਦੀ ਪੰਡ ਸਿਰ ਤੋਂ ਲਾਹ ਦੇ
ਮਾਰ ਮੜਾਸਾ ਮਸਤੀ ਦਾ
ਖੌਰੇ ਕਿਸ ਦਿਨ ਮਿਟ ਜਾਣੀ ਏ
ਨਹੀਂ ਭਰੋਸਾ ਹਸਤੀ ਦਾ
ਰਾਗ , ਦਵੇਸ਼ , ਈਰਖਾ ਛੱਡ ਦੇ
ਛੱਡ ਦੇ ਨਫਰਤ ਸਾਡਾ ਵੇ
ਆਪੇ ਕਰ ਦੇਊ ਵਕਤ ਨਿਤਾਰਾ
ਕੌਣ ਚੰਗਾ ਤੇ ਮਾੜਾ ਵੇ
ਛੱਡ ਕੇ ਦੁਨੀਆਂ ਦਾਰੀ
ਵਾਸੀ ਬਣ ਫੱਕਰਾਂ ਦੀ ਬਸਤੀ ਦਾ
ਖੌਰੇ ਕਿਸ ਦਿਨ ਮਿਟਜਾਣੀ ਏ
ਨਹੀਂ ਭਰੋਸਾ ਹਸਤੀ ਦਾ
ਡਰ ਵਾਲ਼ੇ ਫ਼ਲ ਲੱਗਣ ਹਮੇਸ਼ਾਂ
ਦੁਵਿਧਾਵਾਂ ਦਿਆਂ ਰੁੱਖਾਂ ਤੇ
ਚਿੰਤਾਵਾਂ ਦੀਆਂ ਧੁੱਪਾਂ
ਹਾਸੇ ਆਉਣ ਨਾ ਦੇਵਣ ਮੁੱਖਾਂ ਤੇ
ਪਾਰ ਲੰਘਾਉਂਦਾ ਸਾਥ ਕਦੀ ਨਾ
ਕਾਗਜ਼ ਵਾਲ਼ੀ ਕਸ਼ਤੀ ਦਾ
ਖੌਰੇ ਕਿਸ ਦਿਨ ਮਿਟ ਜਾਣੀ ਏ
ਨਹੀਂ ਭਰੋਸਾ ਹਸਤੀ ਦਾ
ਫਿਕਰਾਂ ਦੀ ਪੰਡ ਸਿਰ ਤੋਂ ਲਾਹ ਦੇ
ਮਾਰ ਮੜਾਸਾ ਮਸਤੀ ਦਾ

**ਸੋਨੂੰ ਮੰਗਲ਼ੀ**
**ਫੋਨ :** 8194958011

## ਅਜਾਦੀ ਤੇ ਮੈਂ

"ਅਜਾਦੀ ਮੇਰੀ ਨੇ
ਮੈਨੂੰ ਹੈ ਸਵਾਲ ਕੀਤਾ"
ਮਿਲੀ ਹਾਂ ਤੈਨੂੰ ਮੈਂ
ਮੁੱਦਤਾਂ ਪਿੱਛੋਂ,
ਸ਼ਾਸਕ ਤੇਰਿਆਂ ਨੇ
ਮੇਰਾ ਕੀ ਹੈ ਹਾਲ ਕੀਤਾ ?
ਬੇੜੀਆਂ ਲਾ ਪੈਰੀਂ
ਬੇਰੁਜ਼ਗਾਰੀ,
ਗਰੀਬੀ,
ਅਨਪੜ੍ਹਤਾ ਦੀਆਂ,
ਲੈਣਾ ਸਾਹ ਵੀ ਹਰਾਮ ਕੀਤਾ।
ਅਜਾਦੀ ਮੇਰੀ ਨੇ
ਮੈਨੂੰ ਹੈ ਸਵਾਲ ਕੀਤਾ"
ਸੁਖੀ ਸੀ ਮੈਂ ਪਹਿਲਾਂ
ਗੁਲਾਮ ਰਹਿ ਕੇ ਵੀ
ਖੁਸੀ ਹੰਢਾਉਂਦੀ ਸੀ
ਹਾਲੋਂ ਬੇਹਾਲ ਇਹਨਾਂ ਕੀਤਾ ।
ਅਜਾਦੀ ਮੇਰੀ ਨੇ
ਮੈਨੂੰ ਹੈ ਸਵਾਲ ਕੀਤਾ"
ਸ਼ਾਸਕਾਂ ਤੇਰਿਆਂ ਨੇ ਠੱਗ ਤੈਨੂੰ
ਆਪਣੇ ਆਪ ਨੂੰ ਮਾਲਾਮਾਲ ਕੀਤਾ ।
ਅਜਾਦੀ ਮੇਰੀ ਨੇ
ਮੈਨੂੰ ਹੈ ਸਵਾਲ ਕੀਤਾ"
ਸ਼ਾਸਕ ਤੇਰਿਆਂ
ਮੇਰਾ ਕੀ ਹੈ ਹਾਲ ਕੀਤਾ ?

**ਗੋਰਖ ਨਾਥ ਸਿੰਘ**
+91 77430 80522

## ਇਨਸਾਨ ਜਾਂ ਹੈਵਾਨ

ਜਾ ਮੰਦਰ ਵਿੱਚ ਮੈਂ ਅੱਲਾ ਅੱਲਾ ਬੋਲਿਆ
ਆਪਣੀ ਜ਼ਿੰਦਗੀ ਦਾ ਹਰ ਵਰਕਾ ਖੋਲਿਆ।
ਧਿਆਇਆ ਰਾਮ ਮੈਂ ਜਾ ਗੁਰਦੁਆਰੇ ਵਿੱਚ
ਸਾਹਮਣੇ ਗੁਰੂ ਦੇ ਦੁੱਖ ਆਪਣਾ ਬੋਲਿਆ ।
ਬੇਸਮਝ ਮੈਂ ਜ਼ਿੰਦਗੀ ਦੇ ਰੰਗਾਂ ਦੇ ਅਰਥਾਂ ਤੋਂ
ਜਾਂ ਵਿੱਚ ਮਸਜਿਦ ਮੈਂ ਕੁਰਾਨ ਦਾ ਪੰਨਾ ਫੋਲਿਆ ।
ਥੱਕ ਹਾਰ ਮੈਂ ਟੁੱਟ ਗਿਆ ਜੀਂਦਗੀ ਦੇ ਸਭ ਮੋੜਾਂ ਤੋਂ
ਧਰਮ ਦੇ ਠੇਕੇਦਾਰਾਂ ਪੈਸਿਆਂ ਨਾਲ ਮੈਨੂੰ ਤੋਲਿਆ।
ਛੱਡ ਮੀਤ ਕਿਉਂ ਬਣਨ ਇਨਸਾਨ ਲੱਗਿਆਂ
ਹੈਵਾਨ ਬਣ ਹਰ ਕਿਸੇ ਜੈ ਜੈ ਕਾਰ ਬੋਲਿਆ ।

**ਪ੍ਰੋ. ਗੁਰਮੀਤ ਸਿੰਘ** 9417545100

## ਇਨਕਲਾਬ ( ਕਾਵਿ ਵਿਅੰਗ )

ਹੁਣ ਤੱਕ ਦਿੱਲੀਏ ਤੇਰੇ ਕੋਲੋਂ ,ਪਹਿਲੀਆਂ ਸ਼ਹਾਦਤਾਂ ਦਾ ਨਾ ਦਿੱਤਾ ਗਿਆ ਹਿਸਾਬ।
ਕਾਲੇ ਕਿਸਾਨੀ ਕਨੂੰਨ ਬਣਾਕੇ ,ਤੂੰ ਕੇਹੜਾ ਦਿੱਲੀਏ ਦੱਸ ਲੈਣਾ ਇਹ ਖ਼ਿਤਾਬ।
ਸੈਂਕੜੇ ਘਰਾਂ ਦੇ ਚਿਰਾਗ਼ ਤੂੰ ਬੁਝਾਏ ,ਤੈਂਨੂੰ ਨਾ ਛਰਮ ਨਾ ਕੋਈ ਰਹੀ ਲਿਹਾਜ਼।
ਤੇਰੀ ਬਰਬਾਦੀ ਵੀ ਹੋਣੀ ਹੈ ਲਾਜ਼ਮੀ ,ਜੇ ਤੂੰ ਉਜਾੜਨਾ ਚਾਉਂਦੀ ਇਹ ਪੰਜਾਬ।
ਪੁੱਛੀਏ ਬੇ ਦਰਦ ਸਰਕਾਰੇ ਕਿਉਂ ਨਾ ਤੈਂਨੂੰ, ਦੁਨੀਆਂ ਦਾਰੀ ਦੀਏ ਕੋਈ ਸਾਰ।
ਕਹੇ ਜਖਵਾਲੀ ਹਰ ਵਾਰੀ ਪੰਜਾਬ ਨੂੰ ,ਖ਼ੂਨ ਡੋਲਕੇ ਲਿਆਉਣਾ ਪੈਂਦਾ ਇਨਕਲਾਬ।
ਸਰਕਾਰਾਂ ਦੀ ਤਾਂ ਭਾਰੀ ਸਿਆਸਤ ਹੁੰਦੀ ,ਕੀਹਨੂੰ ਚੰਗਾ ਕਹਿਣਾ ਕੀਹਨੂੰ ਖ਼ਰਾਬ।
ਤੁਸੀਂ ਰਾਹਾਂ ਵਿੱਚ ਲਗਾਉ ਮੇਖਾਂ ,ਪਰ ਅਸੀਂ ਲਗਾਵਾਂਗੇ ਸੂਹੇ ਰੰਗਦੇ ਗੁਲਾਬ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ** 98550 36444

No body have time to watch Tv advertisement
No body have time to read Physical newspapers

It's social time .
Online news, advertisement,
promotion anytime anywhere .
Doesn't matter where are you .

PREETNAMA ਪ੍ਰੀਤਨਾਮਾ ਖਰਾ ਸੱਚ

Preetnama provide you your business promotion online worldwide on all social sites even TikTok .

# Advertisement with Preetnama .

**Promote your business with TalkShow**

**We gave social stage to show yourself and your business.**

Business Persons, Doctor, Advocates, VISA, Tour Travel, Actor, Singers, writers come Join or TalkShow and Advertisement with us on national & International based.

Search Just Preetnama

- Youtube
- Facebook
- Twitter
- Instagram
- LinkedIn
- TikTok

No need to go anywhere,
Just leave message on
WhatsApp or email us .
We will call you back.

**Contact us immediately**

Pritpal Kaur



www.preetnama.com
www.preetnews.com

Phone- +1 201-312-4180
Email- preetnamausa@gmail.com